ਮੰਗਲਵਾਰ, 1 ਸਤੰਬਰ, 2026

16 ਭਾਦੋਂ { ਨਾਨਕਸ਼ਾਹੀ 558 / ਬਿਕਰਮੀ 2083 }

ਜਿਲਦ/VOL. : 75

ਅੰਕ/NO. : 91

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • TUESDAY, 1 SEPTEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


# ਪ੍ਰਧਾਨ ਮੰਤਰੀ ਜੀ, ਤੁਸੀਂ ਮੇਰੀ ਜ਼ਿੰਦਗੀ ਨਰਕ ਬਣਾ'ਤੀ

## ਮੇਰੇ ਕੋਲ ਗੁਆਉਣ ਲਈ ਕੁਝ ਨਹੀਂ ਬਚਿਆ ਤੇ ਹੁਣ ਮੈਂ ਪਿੱਛੇ ਨਹੀਂ ਹਟਾਂਗੀ : ਰੁਚਿਕਾ



**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਜੰਤਰ-ਮੰਤਰ 'ਤੇ ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾ ਦੀ ਮਾਤਾ ਜੀ ਬਾਰੇ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕਰਕੇ ਚਰਚਾ 'ਚ ਆਈ 15 ਸਾਲਾ ਰੁਚਿਕਾ ਸਿੰਘ ਇੱਕ ਵਾਰ ਫਿਰ ਵਾਇਰਲ ਵੀਡੀਓ ਰਾਹੀਂ ਸਾਹਮਣੇ ਆਈ ਹੈ। ਨਵੇਂ ਵੀਡੀਓ ਵਿੱਚ ਉਸ ਨੇ ਪ੍ਰਧਾਨ ਮੰਤਰੀ 'ਤੇ ਉਸ ਦੀ ਜ਼ਿੰਦਗੀ 'ਨਰਕ' ਬਣਾਉਣ ਦੇ ਗੰਭੀਰ ਦੋਸ਼ ਲਾਏ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਉਸ ਦੀ ਇੱਕ ਵੀਡੀਓ ਸਾਹਮਣੇ ਆਈ ਸੀ, ਜਿਸ ਵਿੱਚ ਉਹ ਹੱਥ ਜੋੜ ਕੇ ਆਪਣੇ ਬੋਲਾਂ ਲਈ ਮੁਆਫੀ ਮੰਗਦੀ ਦਿਖਾਈ ਦਿੱਤੀ ਸੀ, ਪਰ ਹੁਣ ਸਾਹਮਣੇ ਆਈ ਨਵੀਂ ਵੀਡੀਓ 'ਚ ਉਹ ਦਾਅਵਾ ਕਰ ਰਹੀ ਹੈ ਕਿ ਉਹ ਹੁਣ ਪਿੱਛੇ ਨਹੀਂ ਹਟੇਗੀ।

ਇਸ ਵੀਡੀਓ 'ਚ ਰੁਚਿਕਾ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ, 'ਮੋਦੀ ਜੀ, ਤੁਸੀਂ ਮੇਰੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਤੁਸੀਂ ਇੱਕ 15 ਸਾਲ ਦੀ ਕੁੜੀ ਨੂੰ ਏਨਾ ਪਰੇਸ਼ਾਨ ਕੀਤਾ ਹੈ ਕਿ ਉਸ ਨੂੰ ਹਰ ਥਾਂ ਤੰਗ ਕੀਤਾ ਜਾ ਰਿਹਾ ਹੈ ਅਤੇ ਮੈਨੂੰ ਹਰ ਥਾਂ ਆਪਣਾ ਚਿਹਰਾ ਲੁਕਾਉਣਾ ਪੈ ਰਿਹਾ ਹੈ।'

ਉਸ ਨੇ ਵੀਡੀਓ 'ਚ ਅੱਗੇ ਕਿਹਾ ਕਿ ਹੁਣ ਉਸ ਕੋਲ ਗੁਆਉਣ ਲਈ ਕੁਝ ਨਹੀਂ ਬਚਿਆ ਅਤੇ ਉਹ ਪਿੱਛੇ ਨਹੀਂ ਹਟੇਗੀ। ਹਾਲਾਂਕਿ, ਇੰਟਰਨੈੱਟ 'ਤੇ ਵਾਇਰਲ ਹੋ ਰਹੇ ਇਸ ਵੀਡੀਓ ਦੀ ਪੁਸ਼ਟੀ ਨਹੀਂ ਹੋ ਸਕੀ ਅਤੇ ਨਾ ਹੀ ਇਸ ਦੇ ਰਿਕਾਰਡਿੰਗ ਦੇ ਸਮੇਂ ਜਾਂ ਥਾਂ ਦਾ ਪਤਾ ਲੱਗ ਸਕਿਆ ਹੈ। ਇਸ ਵੀਡੀਓ ਤੋਂ ਬਾਅਦ ਸੋਸ਼ਲ ਮੀਡੀਆ ਯੂਜ਼ਰਸ ਦੋ ਧੜਿਆਂ 'ਚ ਵੰਡੇ ਨਜ਼ਰ ਆ ਰਹੇ ਹਨ; ਕੁਝ ਲੋਕ ਉਸ ਦੀ ਹਿੰਮਤ ਦੀ ਤਾਰੀਫ ਕਰ ਰਹੇ ਹਨ, ਜਦਕਿ ਹੋਰ ਉਸ ਦੇ ਇਸ ਰਵੱਈਏ 'ਤੇ ਸਵਾਲ ਚੁੱਕ ਰਹੇ ਹਨ।

ਜੁਲਾਈ ਮਹੀਨੇ 'ਚ ਹੋਏ ਪ੍ਰਦਰਸ਼ਨ ਦੌਰਾਨ ਵਰਤੀ ਗਈ ਭਾਸ਼ਾ ਕਾਰਨ ਨੋਇਡਾ ਵਿਖੇ ਉਸ ਖਿਲਾਫ ਜ਼ੀਰੋ ਐੱਫ ਆਈ ਆਰ ਦਰਜ ਕੀਤੀ ਗਈ ਸੀ। ਮੀਡੀਆ ਰਿਪੋਰਟਾਂ ਅਨੁਸਾਰ ਵੀਡੀਓ ਵਾਇਰਲ ਹੋਣ ਤੋਂ ਬਾਅਦ ਲਗਾਤਾਰ ਹੋ ਰਹੀ ਟਰੋਲਿੰਗ, ਜਨਤਕ ਦਬਾਅ ਅਤੇ ਪਰੇਸ਼ਾਨੀ ਤੋਂ ਤੰਗ ਆ ਕੇ ਰੁਚਿਕਾ ਅਤੇ ਉਸ ਦੀ ਮਾਂ ਨੂੰ ਆਪਣਾ ਘਰ ਛੱਡ ਕੇ ਭੱਜਣਾ ਪਿਆ ਸੀ। ਹਾਲਾਂਕਿ ਰੁਚਿਕਾ ਵੱਲੋਂ ਜਨਤਕ ਤੌਰ 'ਤੇ ਮੁਆਫੀ ਮੰਗਣ ਅਤੇ ਪ੍ਰਧਾਨ ਮੰਤਰੀ ਵੱਲੋਂ ਵੀ ਮੁਆਫ ਕਰਨ ਦੀ ਅਪੀਲ ਤੋਂ ਬਾਅਦ ਵੀ ਮਾਮਲਾ ਠੰਢਾ ਨਹੀਂ ਪਿਆ।

## ਰਾਜਾ ਵੜਿੰਗ ਨੂੰ ਪੰਜ ਦਿਨਾਂ 'ਚ ਗ੍ਰਿਫਤਾਰ ਕਰਨ ਦਾ ਹੁਕਮ



**ਨਵੀਂ ਦਿੱਲੀ (ਨ ਜ਼ ਸ)**-ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜ ਦਿਨਾਂ ਦੇ ਅੰਦਰ ਗ੍ਰਿਫਤਾਰ ਕੀਤੇ ਜਾਣ ਦੇ ਹੁਕਮ ਸੁਣਾਏ ਹਨ। ਰਾਜਾ ਵੜਿੰਗ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਦੌਰਾਨ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ ਵਿਰੁੱਧ ਕਥਿਤ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਸੀ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨੇ ਸੋਮਵਾਰ ਇਸ ਮਾਮਲੇ ਦੀ ਸੁਣਵਾਈ ਕੀਤੀ ਅਤੇ ਇਸ ਮੌਕੇ ਪੰਜਾਬ ਪੁਲਸ ਤਰਫੋਂ ਡੀ ਐੱਸ ਪੀ ਹਰਪ੍ਰੀਤ ਸਿੰਘ ਅਤੇ ਡੀ ਐੱਸ ਪੀ (ਈ ਓ ਅਤੇ ਸਾਈਬਰ ਕ੍ਰਾਈਮ) ਗੁਲਜ਼ਾਰ ਸਿੰਘ ਪੇਸ਼ ਹੋਏ।

ਇਸ ਮੌਕੇ ਪਟੀਸ਼ਨਰ ਸਰਬਜੋਤ ਸਿੰਘ, ਜੋ ਕਿ ਮਰਹੂਮ ਬੂਟਾ ਸਿੰਘ ਦੇ ਸਪੁੱਤਰ ਹਨ, ਵੀ ਹਾਜ਼ਰ ਸਨ। ਕਮਿਸ਼ਨ ਨੇ ਪੰਜਾਬ ਪੁਲਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਉਂਗਲ ਉਠਾਈ। ਕਮਿਸ਼ਨ ਨੇ 5 ਮਈ ਨੂੰ ਹੋਈ ਸੁਣਵਾਈ ਦੌਰਾਨ ਨਿਯਮਾਂ ਅਨੁਸਾਰ ਤੈਅ ਸਮੇਂ ਦੇ ਅੰਦਰ ਜਾਂਚ ਪੂਰੀ ਕਰਨ ਦੀ ਸਿਫਾਰਸ਼ ਕੀਤੀ ਸੀ। ਕਮਿਸ਼ਨ ਨੇ ਸਰਬਜੋਤ ਸਿੰਘ ਨੂੰ ਲਗਾਤਾਰ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਦਿੱਲੀ ਅਤੇ ਪੰਜਾਬ ਦੋਵਾਂ ਥਾਵਾਂ 'ਤੇ ਤੁਰੰਤ ਢੁਕਵੀਂ ਪੁਲਸ ਸੁਰੱਖਿਆ ਦੇਣ ਲਈ ਕਿਹਾ ਹੈ।

## ਪੀ ਯੂ ਸਟੂਡੈਂਟਸ ਕੌਂਸਲ ਦੀ ਪ੍ਰਧਾਨਗੀ ਮੁੜ ਏ ਬੀ ਵੀ ਪੀ ਨੇ ਜਿੱਤੀ, ਆਪ ਦੀ ਜਥੇਬੰਦੀ ਨਤੀਜੇ ਨੂੰ ਹਾਈ ਕੋਰਟ 'ਚ ਵੰਗਾਰੇਗੀ



ਅੰਕਿਤ ਬਿਧਾਨ

**ਚੰਡੀਗੜ੍ਹ (ਨ ਜ਼ ਸ)**

ਏ ਬੀ ਵੀ ਪੀ ਦੇ ਉਮੀਦਵਾਰ ਅੰਕਿਤ ਬਿਧਾਨ ਨੇ ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਕੌਂਸਲ ਦੇ ਪ੍ਰਧਾਨ ਦੀ ਚੋਣ ਸੋਮਵਾਰ 500 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਲਈ।

ਬਿਧਾਨ ਜੀਂਦ ਦਾ ਰਹਿਣ ਵਾਲਾ ਹੈ। ਇਹ ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ, ਜਦੋਂ ਏ ਬੀ ਵੀ ਪੀ ਨੇ ਲਗਾਤਾਰ ਦੋ ਵਾਰ ਵਿਦਿਆਰਥੀ ਕੌਂਸਲ ਚੋਣਾਂ ਵਿੱਚ ਸਿਖਰਲਾ ਅਹੁਦਾ ਜਿੱਤਿਆ ਹੈ। ਪ੍ਰਧਾਨ ਦੇ ਅਹੁਦੇ ਲਈ ਚਾਰ ਉਮੀਦਵਾਰ ਸ਼ਾਮਲ ਸਨ। ਮੁਕਾਬਲਾ ਕਾਂਗਰਸ ਦੇ ਵਿਦਿਆਰਥੀ ਵਿੰਗ ਐੱਨ ਐੱਸ ਯੂ ਆਈ ਦੇ ਗੁਰਮਨ ਸਿੰਘ ਸਿੱਧੂ; ਆਪ ਸਮਰਥਤ ਏ ਐੱਸ ਏ ਪੀ ਦੇ ਆਦਿਲ ਬੀਰ ਸਿੰਘ; ਭਾਜਪਾ-ਸਮਰਥਤ ਏ ਬੀ ਵੀ ਪੀ ਦੇ ਅੰਕਿਤ ਬਿਧਾਨ; ਅਤੇ ਸੱਥ ਦੇ ਦਰਸ਼ਪ੍ਰੀਤ ਸਿੰਘ ਵਿਚਕਾਰ ਸੀ। ਅਕਾਲੀ ਦਲ (ਬਾਦਲ) ਦੀ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ (ਸੋਈ) ਨੇ ਬਿਧਾਨ ਦੀ ਹਮਾਇਤ ਕੀਤੀ। ਬਿਧਾਨ ਨੂੰ 3149, ਆਦਿਲ ਬਰਾੜ ਨੂੰ 2637, ਗੁਰਮਨ ਸਿੰਘ ਸਿੱਧੂ ਨੂੰ 2263 ਤੇ ਦਰਸ਼ਪ੍ਰੀਤ ਨੂੰ 1387 ਵੋਟਾਂ ਮਿਲੀਆਂ। 174 ਨੇ ਨੋਟਾ 'ਤੇ ਮੋਹਰ ਲਾਈ।

ਆਮ ਆਦਮੀ ਪਾਰਟੀ ਨਾਲ ਜੁੜੀ ਵਿਦਿਆਰਥੀ ਟੀਮ ਐਸੋਸੀਏਸ਼ਨ ਆਫ ਸਟੂਡੈਂਟਸ ਫਾਰ ਅਲਟਰਨੇਟਿਵ ਪਾਲੀਟਿਕਸ (ਏ ਐੱਸ ਏ ਪੀ) ਨੇ ਬਿਧਾਨ ਦੀ ਚੋਣ ਯੋਗਤਾ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ।ਉਸ ਦਾ ਕਹਿਣਾ ਹੈ ਕਿ ਚੋਣਾਂ ਤੋਂ ਪਹਿਲਾਂ ਹੀ ਉਸ ਨੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਉਮੀਦਵਾਰ ਦੀ ਯੋਗਤਾ, ਉਸ ਦੇ ਵਿੱਦਿਅਕ ਰਿਕਾਰਡ, ਪੁਲਸ ਮਾਮਲੇ ਨਾਲ ਜੁੜੇ ਗੰਭੀਰ ਸਵਾਲਾਂ ਤੋਂ ਲਿਖਤੀ/ ਰਸਮੀ ਤੌਰ 'ਤੇ ਜਾਣੂ ਕਰਵਾਇਆ ਸੀ। ਪ੍ਰਸ਼ਾਸਨ ਵੱਲੋਂ ਮਾਮਲੇ 'ਤੇ ਨੋਟਿਸ ਲੈਣ ਦਾ ਭਰੋਸਾ ਵੀ ਦਿੱਤਾ ਗਿਆ ਸੀ, ਪਰ ਚੋਣਾਂ ਨੇਪਰੇ ਚੜ੍ਹਨ ਤੱਕ ਕੋਈ ਅਸਰਦਾਰ ਕਾਰਵਾਈ ਨਹੀਂ ਕੀਤੀ ਗਈ।ਪੂਰੇ ਮਾਮਲੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਰੱਖਿਆ ਜਾਵੇਗਾ ਅਤੇ ਇਹ ਸਵਾਲ ਉਠਾਇਆ ਜਾਵੇਗਾ ਕਿ ਜਦੋਂ ਕਿਸੇ ਉਮੀਦਵਾਰ ਦੀ ਚੋਣ ਲੜਨ ਦੀ ਯੋਗਤਾ 'ਤੇ ਗੰਭੀਰ ਇਤਰਾਜ਼ ਪਹਿਲਾਂ ਹੀ ਯੂਨੀਵਰਸਿਟੀ ਦੇ ਧਿਆਨ ਵਿੱਚ ਸਨ, ਤਾਂ ਉਨ੍ਹਾਂ 'ਤੇ ਫ਼ੈਸਲਾ ਲਏ ਬਿਨਾਂ ਉਸ ਨੂੰ ਚੋਣ ਲੜਨ ਦੀ ਇਜਾਜ਼ਤ ਕਿਸ ਆਧਾਰ 'ਤੇ ਦਿੱਤੀ ਗਈ।

ਉਸ ਮੁਤਾਬਕ ਬਿਧਾਨ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਾਈ ਦੌਰਾਨ ਕਈ ਪ੍ਰੀਖਿਆਵਾਂ ਵਿੱਚ ਅਸਫਲ ਰਿਹਾ ਅਤੇ ਉਸ ਦੇ ਖ਼ਿਲਾਫ਼ ਮਾਮਲਾ ਵੀ ਸਾਹਮਣੇ ਆਇਆ ਸੀ, ਜਿਸ ਦੇ ਚਲਦਿਆਂ ਉਸ ਨੂੰ ਸਾਲ 2023 ਤੋਂ 2025 ਤੱਕ ਯੂਨੀਵਰਸਿਟੀ ਤੋਂ ਬੇਦਖ਼ਲ ਕੀਤਾ ਗਿਆ ਸੀ।ਇਸ ਦੇ ਬਾਵਜੂਦ ਬਾਅਦ ਵਿੱਚ ਗੁਜਰਾਤ ਦੀ ਯੂਨੀਵਰਸਿਟੀ ਦੀ ਡਿਗਰੀ ਦੇ ਆਧਾਰ 'ਤੇ ਉਸ ਨੇ ਪੰਜਾਬ ਯੂਨੀਵਰਸਿਟੀ ਵਿੱਚ ਵਿੱਚ ਦਾਖ਼ਲਾ ਲਿਆ। ਇਸ ਦਾਖ਼ਲੇ ਦੀ ਯੋਗਤਾ ਤੇ ਸੰਬੰਧਤ ਦਸਤਾਵੇਜ਼ਾਂ ਦੀ ਮਾਨਤਾ/ ਵੈਧਤਾ ਨੂੰ ਲੈ ਕੇ ਵੀ ਟੀਮ ਨੇ ਗੰਭੀਰ ਸਵਾਲ ਉਠਾਏ ਹਨ।

## ਪੰਜ ਦੇ ਪ੍ਰੋਟੈੱਸਟ ਮਾਰਚ 'ਤੇ ਰੋਕ ਲਾਉਣ ਤੋਂ ਨਾਂਹ

**ਨਵੀਂ ਦਿੱਲੀ (ਨ ਜ਼ ਸ)**

ਸੁਪਰੀਮ ਕੋਰਟ ਨੇ ਸੋਮਵਾਰ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਵੱਲੋਂ 5 ਸਤੰਬਰ ਨੂੰ ਕੀਤੇ ਜਾਣ ਵਾਲੇ ਪ੍ਰੋਟੈੱਸਟ ਮਾਰਚ 'ਤੇ ਰੋਕ ਲਗਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਹੁਕਮ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਉਹ ਉਮੀਦ ਕਰਦੀ ਹੈ ਕਿ ਹਰ ਕੋਈ ਸ਼ਾਂਤੀਪੂਰਨ ਅਤੇ ਕਾਨੂੰਨੀ ਤਰੀਕੇ ਨਾਲ ਕੰਮ ਅਤੇ ਵਿਹਾਰ ਕਰੇਗਾ।

ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਵੀ ਮੋਹਨਾ ਦੀ ਬੈਂਚ ਨੇ ਪਟੀਸ਼ਨਰ ਨੂੰ ਨੀਟ ਪੇਪਰ ਲੀਕ ਵਿਰੁੱਧ ਪ੍ਰੋਟੈੱਸਟ ਦੌਰਾਨ ਪੁਲਸ ਹਿੰਸਾ ਦੇ ਦੋਸ਼ਾਂ ਦੀ ਜਾਂਚ ਲਈ ਅਦਾਲਤ ਦੁਆਰਾ ਗਠਿਤ ਹਾਈ-ਪਾਵਰਡ ਜਾਂਚ ਕਮੇਟੀ ਨੂੰ ਆਪਣੀ ਪਟੀਸ਼ਨ ਸੌਂਪਣ ਲਈ ਕਿਹਾ। ਬੈਂਚ ਨੇ ਕਿਹਾ, 'ਮਾਮਲੇ ਨੂੰ ਪੈਂਡਿੰਗ ਪਟੀਸ਼ਨਾਂ ਦੇ ਨਾਲ ਸੂਚੀਬੱਧ ਕੀਤਾ ਜਾਵੇ। ਇਸ 'ਤੇ 10 ਸਤੰਬਰ ਨੂੰ ਸੁਣਵਾਈ ਹੋਵੇਗੀ।'

ਬੈਂਚ ਨੇ ਕਿਹਾ, 'ਪ੍ਰੋਟੈੱਸਟਰਾਂ ਤੋਂ ਕਾਨੂੰਨ-ਵਿਵਸਥਾ ਬਣਾਈ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖੇ ਅਤੇ ਇਹ ਦੱਸੇ ਕਿ ਕੀ ਗੈਰ-ਕਾਨੂੰਨੀ ਹੈ ਅਤੇ ਕੀ ਕਾਨੂੰਨੀ। ਅਸੀਂ ਉਮੀਦ ਕਰਦੇ ਹਾਂ ਕਿ ਉਹ ਉਨ੍ਹਾਂ ਦਾਇਰਿਆਂ ਦੇ ਅੰਦਰ ਰਹਿ ਕੇ ਕੰਮ ਕਰਨਗੇ। ਅਸੀਂ ਦੋਵਾਂ ਧਿਰਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਕਾਨੂੰਨ ਦਾ ਸਤਿਕਾਰ ਕਰਨਗੇ, ਆਪਣਾ ਆਚਰਣ ਠੀਕ ਰੱਖਣਗੇ ਅਤੇ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਨਗੇ।'

ਸੀ ਜੇ ਪੀ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਨੇ 25 ਜੁਲਾਈ ਨੂੰ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ, ਜਿਸ ਦੇ ਤਹਿਤ ਉਨ੍ਹਾਂ ਨੂੰ ਪ੍ਰੀਖਿਆ ਬੇਨੇਮੀਆਂ ਵਿਰੁੱਧ ਆਪਣਾ 36 ਦਿਨਾਂ ਦਾ ਅੰਦੋਲਨ ਵਾਪਸ ਲੈਣ ਲਈ ਮਨਾਇਆ ਗਿਆ ਸੀ। ਇਸ ਤੋਂ ਪਹਿਲਾਂ ਦਿੱਲੀ ਪੁਲਸ ਨੇ ਕਿਹਾ ਸੀ ਕਿ ਸੀ ਜੇ ਪੀ ਵੱਲੋਂ ਆਪਣੀਆਂ ਯੋਜਨਾਵਾਂ ਦਾ ਐਲਾਨ ਕਰਨ ਦੇ ਬਾਵਜੂਦ ਉਸ ਨੂੰ ਇੰਡੀਆ ਗੇਟ ਤੋਂ ਦਿੱਲੀ ਪੁਲਸ ਹੈੱਡ ਕੁਆਰਟਰ ਤੱਕ ਮਾਰਚ ਲਈ ਕੋਈ ਬੇਨਤੀ ਪ੍ਰਾਪਤ ਨਹੀਂ ਹੋਈ। ਜ਼ਿਕਰਯੋਗ ਹੈ ਕਿ ਰਿਟਾਇਰਡ ਦਿੱਲੀ ਪੁਲਸ ਅਧਿਕਾਰੀ ਰਾਜੇਂਦਰ ਸਿੰਘ ਦੁਆਰਾ ਦਾਇਰ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਸੁਰੱਖਿਆ-ਸੰਵੇਦਨਸ਼ੀਲ ਸੰਵਿਧਾਨਕ ਖੇਤਰਾਂ, ਜਿਵੇਂ ਕਿ ਇੰਡੀਆ ਗੇਟ, ਸੈਂਟਰਲ ਵਿਸਟਾ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਮੂਹਕ ਇਕੱਠਾਂ, ਮਾਰਚਾਂ ਜਾਂ ਸੰਗਠਤ ਪ੍ਰਦਰਸ਼ਨਾਂ ਲਈ ਕਿਸੇ ਵੀ ਜਨਤਕ ਸੱਦੇ 'ਤੇ ਪਾਬੰਦੀ ਲਗਾਈ ਜਾਵੇ, ਜਦੋਂ ਤੱਕ ਪ੍ਰਬੰਧਕਾਂ ਨੇ ਲੋੜੀਂਦੀ ਇਜਾਜ਼ਤ ਨਹੀਂ ਲਈ ਹੈ। ਉਨ੍ਹਾ ਇਹ ਵੀ ਮੰਗ ਕੀਤੀ ਹੈ ਕਿ ਲੁਟੀਅਨਜ਼ ਦਿੱਲੀ ਵਿੱਚ ਕਿਸੇ ਵੀ ਪ੍ਰਸਤਾਵਤ ਲਾਮਬੰਦੀ ਨੂੰ 12-13 ਸਤੰਬਰ ਨੂੰ ਨਿਰਧਾਰਤ ਬ੍ਰਿਕਸ ਸੰਮੇਲਨ ਦੀ ਸਮਾਪਤੀ ਤੱਕ ਨਿਯੰਤ੍ਰਿਤ, ਮੁਲਤਵੀ ਜਾਂ ਢੁਕਵੇਂ ਰੂਪ ਵਿੱਚ ਸੋਧਿਆ ਜਾਵੇ।

## ਪਾਣੀ ਮਾਮਲੇ 'ਚ ਪਾਕਿ ਦੇ ਹੱਕ 'ਚ ਫੈਸਲਾ ਭਾਰਤ ਨੂੰ ਮਨਜ਼ੂਰ ਨਹੀਂ

**ਹੇਗ (ਨ ਜ ਸ) :** ਸਥਾਈ ਆਰਬਿਟਰੇਸ਼ਨ ਅਦਾਲਤ ਨੇ ਸੋਮਵਾਰ ਕਿਹਾ ਕਿ ਭਾਰਤ ਨੂੰ ਪਾਕਿਸਤਾਨ ਨਾਲ ਦਰਿਆਈ ਪਾਣੀ ਦੀ ਵੰਡ ਬਾਰੇ ਸੰਧੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ, ਜਿਸ ਨੂੰ ਉਸ ਨੇ ਦੁਵੱਲੇ ਤਣਾਅ ਦੇ ਵਿਚਕਾਰ ਮੁਅੱਤਲ ਕਰ ਦਿੱਤਾ ਸੀ। ਅਦਾਲਤ ਨੇ ਕਸ਼ਮੀਰ ਖੇਤਰ ਵਿੱਚ ਉਸਾਰੇ ਜਾ ਰਹੇ ਪਣ-ਬਿਜਲੀ ਪਲਾਂਟ 'ਤੇ ਕੰਮ ਨੂੰ ਸੀਮਤ ਕਰਨ ਲਈ ਕਿਹਾ ਹੈ। ਭਾਰਤ ਨੇ ਪਿਛਲੇ ਸਾਲ ਅਪ੍ਰੈਲ ਵਿੱਚ ਇਸ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ, ਜੋ 80 ਪ੍ਰਤੀਸ਼ਤ ਪਾਕਿਸਤਾਨੀ ਖੇਤਾਂ ਨੂੰ ਪਾਣੀ ਦੀ ਸਪਲਾਈ ਯਕੀਨੀ ਬਣਾਉਂਦੀ ਹੈ। ਭਾਰਤ ਨੇ ਕਸ਼ਮੀਰ ਦੇ ਇੱਕ ਸੈਰ-ਸਪਾਟਾ ਸਥਾਨ 'ਤੇ ਹੋਏ ਹਮਲੇ, ਜਿਸ 'ਚ 26 ਲੋਕ ਮਾਰੇ ਗਏ ਸਨ, ਵਿੱਚ ਤਿੰਨ ਵਿੱਚੋਂ ਦੋ ਹਮਲਾਵਰਾਂ ਦੀ ਪਛਾਣ ਪਾਕਿਸਤਾਨੀ ਵਜੋਂ ਕੀਤੀ ਸੀ। ਭਾਰਤ ਵੱਲੋਂ ਕਸ਼ਮੀਰ ਖੇਤਰ ਵਿੱਚ ਦੋ ਪਣ-ਬਿਜਲੀ ਪ੍ਰੋਜੈਕਟਾਂ ਵਿੱਚ ਜਲ ਭੰਡਾਰ ਰੱਖਣ ਦੀ ਸਮਰੱਥਾ ਨੂੰ ਵਧਾਉਣ ਲਈ ਕੰਮ ਸ਼ੁਰੂ ਕਰਨ ਤੋਂ ਬਾਅਦ ਇਸਲਾਮਾਬਾਦ ਨੇ ਹਮਲੇ ਵਿੱਚ ਕਿਸੇ ਵੀ ਭੂਮਿਕਾ ਤੋਂ ਇਨਕਾਰ ਕੀਤਾ ਸੀ ਅਤੇ ਕੌਮਾਂਤਰੀ ਅਦਾਲਤ ਤੱਕ ਪਹੁੰਚ ਕੀਤੀ ਸੀ। ਅਦਾਲਤ ਨੇ ਕਿਹਾ ਕਿ ਸਿੰਧੂ ਜਲ ਸੰਧੀ ਪੂਰੀ ਤਰ੍ਹਾਂ ਲਾਗੂ ਹੈ, ਕਿਉਂਕਿ ਭਾਰਤ ਕੋਲ ਸਮਝੌਤੇ ਨੂੰ ਖਤਮ ਕਰਨ ਜਾਂ ਮੁਅੱਤਲ ਕਰਨ ਦਾ ਕੋਈ ਜਾਇਜ਼ ਕਾਰਨ ਨਹੀਂ ਹੈ। ਅੰਤਰ-ਸਰਕਾਰੀ ਅਦਾਲਤ ਨੇ ਕਿਹਾ, "ਭਾਰਤ ਨੂੰ ਸੰਧੀ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਪੱਛਮੀ ਨਦੀਆਂ 'ਤੇ ਆਪਣੇ ਪਣ-ਬਿਜਲੀ ਪ੍ਰੋਜੈਕਟਾਂ ਦੇ ਡਿਜ਼ਾਈਨ ਅਤੇ ਸੰਚਾਲਨ ਨਾਲ ਸੰਬੰਧਤ ਜ਼ਿੰਮੇਵਾਰੀਆਂ ਵੀ ਸ਼ਾਮਲ ਹਨ।"ਭਾਰਤ, ਜੋ ਕਿ ਅਧਿਕਾਰਤ ਤੌਰ 'ਤੇ ਅਦਾਲਤ ਦਾ ਮੈਂਬਰ ਹੈ, ਨੇ ਕਿਹਾ ਕਿ ਉਹ ਅਦਾਲਤ ਨੂੰ ਮਾਨਤਾ ਨਹੀਂ ਦਿੰਦਾ ਅਤੇ ਸਪੱਸ਼ਟ ਤੌਰ 'ਤੇ ਫੈਸਲੇ ਨੂੰ ਰੱਦ ਕਰਦਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, "ਇਸ ਅਖੌਤੀ ਆਰਬਿਟਰੇਸ਼ਨ ਅਦਾਲਤ ਕੋਲ ਭਾਰਤ ਦੇ ਪ੍ਰਭੂਸੱਤਾ ਵਾਲੇ ਫੈਸਲਿਆਂ 'ਤੇ ਫੈਸਲਾ ਸੁਣਾਉਣ ਦਾ ਕੋਈ ਅਧਿਕਾਰ ਖੇਤਰ ਨਹੀਂ ਹੈ। ਇਸ ਦੇ ਐਲਾਨ, ਹੁਣ ਜਾਂ ਭਵਿੱਖ ਵਿੱਚ, ਭਾਰਤ ਦੁਆਰਾ ਸ਼ੁਰੂ ਕੀਤੇ ਜਾ ਰਹੇ ਪ੍ਰੋਜੈਕਟਾਂ ਦੇ ਸੰਬੰਧ ਵਿੱਚ ਭਾਰਤ ਦੀਆਂ ਕਾਰਵਾਈਆਂ 'ਤੇ ਕੋਈ ਪ੍ਰਭਾਵ ਨਹੀਂ ਪਾਉਣਗੇ।" ਅਦਾਲਤ ਨੇ ਕਿਹਾ ਕਿ ਵਿਸ਼ਵ ਬੈਂਕ ਦੁਆਰਾ ਨਿਯੁਕਤ ਇੱਕ ਨਿਰਪੱਖ ਮਾਹਰ ਜੁਲਾਈ 2027 ਤੱਕ ਇਹ ਨਿਰਣਾ ਕਰੇਗਾ ਕਿ ਕੀ ਹਿਮਾਲੀਅਨ ਖੇਤਰ ਵਿੱਚ ਪਣ-ਬਿਜਲੀ ਪਲਾਂਟਾਂ ਦਾ ਨਿਰਮਾਣ ਸੰਧੀ ਦੇ ਅਨੁਸਾਰ ਸੀ। ਪਾਕਿਸਤਾਨ ਦੀ ਮੰਗ ਨਾਲ ਸਹਿਮਤ ਹੁੰਦਿਆਂ, ਅਦਾਲਤ ਨੇ ਕਿਹਾ ਕਿ ਭਾਰਤ ਨੂੰ ਨਿਰਪੱਖ ਮਾਹਰ ਦੇ ਫੈਸਲੇ ਤੋਂ 90 ਦਿਨਾਂ ਬਾਅਦ ਤੱਕ ਰੈਟਲ ਹਾਈਡ੍ਰੋ-ਇਲੈਕਟ੍ਰਿਕ ਪਲਾਂਟ 'ਤੇ ਡੈਮ ਦੀਵਾਰ ਅਤੇ ਬਿਜਲੀ ਦੇ ਦਾਖਲੇ ਦਾ ਢਾਂਚਾ ਕੁਝ ਪੱਧਰਾਂ ਤੋਂ ਉੱਪਰ ਬਣਾਉਣ ਦੀ ਇਜਾਜ਼ਤ ਨਹੀਂ ਹੈ।

## ਸਾਂਝਾ ਮੁਲਾਜ਼ਮ ਮੰਚ ਦੇ ਆਗੂ ਸੁਖਚੈਨ ਸਿੰਘ ਖਹਿਰਾ ਦਾ ਤਬਾਦਲਾ



**ਚੰਡੀਗੜ੍ਹ (ਸੁਰਜੀਤ ਸੁਮਨ)**-ਮੁੱਖ ਸਕੱਤਰ, ਪੰਜਾਬ ਸਰਕਾਰ ਨੇ ਸੋਮਵਾਰ ਨੂੰ ਹੁਕਮ ਜਾਰੀ ਕਰਕੇ ਸਾਂਝਾ ਮੁਲਾਜ਼ਮ ਮੰਚ ਦੇ ਆਗੂ ਸੁਖਚੈਨ ਸਿੰਘ ਖਹਿਰਾ, ਜੋ ਪੰਜਾਬ ਸਿਵਲ ਸਕੱਤਰੇਤ-1 ਵਿਖੇ ਆਮ ਰਾਜ ਪ੍ਰਬੰਧ ਵਿਭਾਗ ਵਿੱਚ ਬਤੌਰ ਪ੍ਰਸ਼ਾਸਕੀ ਅਫ਼ਸਰ-2 ਤਾਇਨਾਤ ਸਨ, ਦਾ ਤਬਾਦਲਾ ਕਰ ਦਿੱਤਾਹੈ।ਖਹਿਰਾ ਨੂੰ ਹੁਣ ਯੋਜਨਾ ਸ਼ਾਖਾ ਵਿੱਚ ਬਤੌਰ ਸੁਪਰਡੰਟ ਤਾਇਨਾਤ ਕੀਤਾ ਗਿਆ ਹੈ, ਜੋ ਚੰਡੀਗੜ੍ਹ ਦੇ ਸੈਕਟਰ 33 ਵਿਖੇ ਸਥਿਤ ਹੈ। ਉਨ੍ਹਾਂ ਦੇ ਤਬਾਦਲੇ ਨੂੰ ਮੁਲਾਜ਼ਮ ਸੰਘਰਸ਼ ਨਾਲ਼ ਜੋੜ ਕੇ ਵੇਖਿਆ ਜਾ ਰਿਹਾ ਹੈ, ਜਿਸ ਨਾਲ਼ ਮੁਲਾਜ਼ਮ ਸਫਾਂ ਵਿੱਚ ਰੋਸ ਫੈਲ ਗਿਆ ਹੈ।ਸਰਕਾਰ ਵੱਲੋਂ ਪ੍ਰਬੰਧਕੀ ਜ਼ਰੂਰਤਾਂ ਨੂੰ ਰੱਖਦੇ ਹੋਏ ਪੰਜਾਬ ਸਿਵਲ ਸਕੱਤਰੇਤ ਵਿਖੇ ਕੰਮ ਕਰ ਰਹੇ ਪੀ.ਐਸ.ਅਸ. ਕਾਡਰ (ਸੁਪਰਡੰਟ) ਦੇ ਹੋਰ ਅਧਿਕਾਰੀਆਂ ਦੇ ਤਬਾਦਲੇ ਵੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਅਖਤਰ ਹੁਸੈਨ ਨੂੰ ਯੋਜਨਾ ਸ਼ਾਖਾ ਤੋਂ ਲੇਖਾ-2 ਸ਼ਾਖਾ ਅਤੇ ਰਜਨੀਸ਼ ਸੈਣੀ ਨੂੰ ਲੇਖਾ-2 ਸ਼ਾਖਾ ਤੋਂ ਬਦਲ ਕੇ ਸੁਖਚੈਨ ਸਿੰਘ ਖਹਿਰਾ ਦੀ ਥਾਂ ਪ੍ਰਸ਼ਾਸਕੀ ਅਫ਼ਸਰ-2 ਤਾਇਨਾਤ ਕੀਤਾ ਗਿਆ ਹੈ।

## ਕੇਂਦਰ ਵੱਲੋਂ 'ਕਾਕਰੋਚਾਂ' ਖਿਲਾਫ ਕੇਸ ਰੱਦ ਕਰਨ ਦੀ ਅਪੀਲ

**ਨਵੀਂ ਦਿੱਲੀ :** ਕੇਂਦਰ ਨੇ ਸੋਮਵਾਰ ਸੁਪਰੀਮ ਕੋਰਟ ਨੂੰ ਸੰਵਿਧਾਨ ਦੀ ਧਾਰਾ 142 ਤਹਿਤ ਆਪਣੀਆਂ ਵਿਸ਼ੇਸ਼ ਸ਼ਕਤੀਆਂ ਦੀ ਵਰਤੋਂ ਕਰਦਿਆਂ ਵਿਦਿਆਰਥੀ ਪ੍ਰਦਰਸ਼ਨਕਾਰੀਆਂ ਵਿਰੁੱਧ ਦਰਜ ਐੱਫ ਆਈ ਆਰਜ਼ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ। ਸੰਵਿਧਾਨ ਦੀ ਧਾਰਾ 142 ਸੁਪਰੀਮ ਕੋਰਟ ਨੂੰ ਇਸ ਦੇ ਸਾਹਮਣੇ ਪੈਂਡਿੰਗ ਕਿਸੇ ਮਾਮਲੇ ਵਿੱਚ ਪੂਰਨ ਨਿਆਂ ਕਰਨ ਲਈ ਜ਼ਰੂਰੀ ਕੋਈ ਵੀ ਹੁਕਮ ਦੇਣ ਦਾ ਅਧਿਕਾਰ ਦਿੰਦੀ ਹੈ। ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਦਿੱਲੀ ਪੁਲਸ ਦੀ ਤਰਫੋਂ ਬੈਂਚ ਨੂੰ ਦੱਸਿਆ ਕਿ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਡੇਟਾਬੇਸ ਮੁਤਾਬਕ ਗੰਭੀਰ ਅਪਰਾਧਿਕ ਪਿਛੋਕੜ ਵਾਲੇ ਸਿਰਫ 2873 ਵਿਅਕਤੀਆਂ, ਜੋ ਪਹਿਲੀ ਨਜ਼ਰੇ ਵਿਰੋਧ ਪ੍ਰਦਰਸ਼ਨ ਸਥਾਨਾਂ 'ਤੇ ਮੌਜੂਦ ਸਨ, ਨੂੰ ਇੱਕ ਨਵੀਂ ਐੱਫ ਆਈ ਆਰ ਦਾ ਸਾਹਮਣਾ ਕਰਨਾ ਪਵੇਗਾ। ਪੁਲਸ ਦੀ ਜਾਂਚ ਸਿਰਫ ਹਿੰਸਾ ਅਤੇ ਨੁਕਸਾਨ ਵਿੱਚ ਲੋਕਾਂ ਦੀ ਭੂਮਿਕਾ 'ਤੇ ਕੇਂਦ੍ਰਿਤ ਹੋਵੇਗੀ ਤੇ 13 ਐੱਫ ਆਈ ਆਰਜ਼ ਵਿੱਚ ਦਰਜ ਬਾਕੀ ਪ੍ਰਦਰਸ਼ਨਕਾਰੀਆਂ ਨੂੰ ਕੁਝ ਨਹੀਂ ਕਿਹਾ ਜਾਵੇਗਾ।

## ਸ਼ੁੱਧੀਕਰਨ ਵਿਰੁੱਧ ਬੋਲਣ ਵਾਲੇ ਰਾਹੁਲ ਖਿਲਾਫ ਹੀ ਕੇਸ ਦਰਜ ਕਰਨ ਦਾ ਕਾਂਗਰਸ ਵੱਲੋਂ ਤਿੱਖਾ ਵਿਰੋਧ

**ਨਵੀਂ ਦਿੱਲੀ (ਨ ਜ਼ ਸ)**

ਉੱਤਰਾਖੰਡ ਦੇ ਹਲਦਵਾਨੀ ਵਿੱਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਰੈਲੀ ਵਾਲੀ ਥਾਂ ਦੇ ਸ਼ੁੱਧੀਕਰਨ ਦਾ ਮਾਮਲ ਹੋਰ ਗਰਮਾ ਗਿਆ ਹੈ। ਇਸ ਮਾਮਲੇ 'ਤੇ ਕਾਂਗਰਸ ਨੇ ਸੋਮਵਾਰ ਰਾਹੁਲ ਗਾਂਧੀ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਸਖਤ ਨਿਖੇਧੀ ਕੀਤੀ ਹੈ। ਕਾਂਗਰਸ ਨੇ ਕਿਹਾ ਕਿ ਅਸਲ ਮੁੱਦਾ ਤਾਂ ਇਹ ਹੈ ਕਿ ਉੱਤਰਾਖੰਡ ਦੀ ਭਾਜਪਾ ਸਰਕਾਰ ਨੇ ਹਲਦਵਾਨੀ ਵਿੱਚ ਖੜਗੇ ਵੱਲੋਂ ਵਰਤੇ ਗਏ ਮੰਚ ਦੀ ਸ਼ੁੱਧੀਕਰਨ ਕਰਨ ਵਾਲੇ ਲੋਕਾਂ ਵਿਰੁੱਧ ਹੁਣ ਤੱਕ ਕੇਸ ਕਿਉਂ ਨਹੀਂ ਦਰਜ ਕੀਤਾ। ਕਾਂਗਰਸ ਆਗੂਆਂ ਰਣਦੀਪ ਸਿੰਘ ਸੂਰਜੇਵਾਲਾ, ਕੁਮਾਰੀ ਸ਼ੈਲਜਾ ਅਤੇ ਪਵਨ ਖੇੜਾ ਨੇ ਰਾਹੁਲ ਖਿਲਾਫ ਕੀਤੀ ਗਈ ਕਾਰਵਾਈ 'ਤੇ ਸਵਾਲ ਉਠਾਉਂਦਿਆਂ ਭਾਜਪਾ 'ਤੇ ਦੋਸ਼ ਲਾਇਆ ਕਿ ਉਸ ਨੇ ਘਟਨਾ ਖਿਲਾਫ ਆਵਾਜ਼ ਚੁੱਕਣ ਵਾਲੇ ਨੇਤਾ ਵਿਰੁੱਧ ਤਾਂ ਫੌਰਨ ਐੱਫ ਆਈ ਆਰ ਦਰਜ ਕਰ ਦਿੱਤੀ, ਪਰ ਇਸ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਪਵਨ ਖੇੜਾ ਨੇ ਕਿਹਾ, "ਰਾਹੁਲ ਜੀ ਵਿਰੁੱਧ ਦਰਜ ਐੱਫ ਆਈ ਆਰ ਨੂੰ ਲੈ ਕੇ ਮੁੱਦਾ ਨਾ ਬਣਾਓ। ਜਿਸ ਵਿਅਕਤੀ ਖਿਲਾਫ ਭਾਜਪਾ ਪੂਰੇ ਦੇਸ਼ ਵਿੱਚ 40-50 ਕੇਸ ਦਰਜ ਕਰ ਚੁੱਕੀ ਹੈ, ਉਸ ਦੇ ਖਿਲਾਫ ਇੱਕ ਹੋਰ ਐੱਫ ਆਈ ਆਰ ਦਰਜ ਹੋਣ ਨਾਲ ਸਾਡੇ ਸਿਰ 'ਤੇ ਕਿਹੜਾ ਅਸਮਾਨ ਡਿੱਗ ਪਿਆ ਹੈ ? ਅਸਲ ਮੁੱਦਾ ਰਾਹੁਲ ਜੀ ਵਿਰੁੱਧ ਐੱਫ ਆਈ ਆਰ ਦਾ ਨਹੀਂ। ਅਸਲ ਮੁੱਦਾ 'ਸ਼ੁੱਧੀਕਰਨ' ਦਾ ਹੈ।"

ਸ਼ੈਲਜਾ ਨੇ ਕਿਹਾ, "ਪਹਿਲਾਂ 'ਸ਼ੁੱਧੀਕਰਨ' ਕੀਤਾ ਗਿਆ। ਫਿਰ ਉੱਤਰਾਖੰਡ ਦੇ ਭਾਜਪਾ ਪ੍ਰਧਾਨ ਨੇ ਖੁੱਲ੍ਹ ਕੇ ਇਸ ਦਾ ਬਚਾਅ ਕੀਤਾ ਅਤੇ ਹੁਣ ਜਦੋਂ ਰਾਹੁਲ ਗਾਂਧੀ ਨੇ ਕਾਨੂੰਨ ਤਹਿਤ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ, ਤਾਂ ਉੱਤਰਾਖੰਡ ਦੀ ਭਾਜਪਾ ਸਰਕਾਰ ਨੇ ਇਸ ਦੀ ਬਜਾਏ ਉਨ੍ਹਾ ਵਿਰੁੱਧ ਹੀ ਕੇਸ ਦਰਜ ਕਰ ਦਿੱਤਾ।" ਇਸ ਨੂੰ ਭਾਜਪਾ-ਆਰ ਐੱਸ ਐੱਸ ਦੀ ਦਲਿਤ ਵਿਰੋਧੀ ਅਤੇ ਸੰਵਿਧਾਨ ਵਿਰੋਧੀ ਸੋਚ ਦੀ ਇੱਕ ਗੰਭੀਰ ਮਿਸਾਲ ਦੱਸਦਿਆਂ ਸ਼ੈਲਜਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪੀ 'ਤੇ ਵੀ ਸਵਾਲ ਚੁੱਕੇ। ਉਨ੍ਹਾ ਕਿਹਾ, 'ਸ਼ੁੱਧੀਕਰਨ 'ਤੇ ਸਵਾਲ ਪੁੱਛੋ ਤਾਂ ਐੱਫ ਆਈ ਆਰ, ਦਲਿਤ ਸਨਮਾਨ ਦੀ ਗੱਲ ਕਰੋ ਤਾਂ ਐੱਫ ਆਈ ਆਰ ਤੇ ਸੰਵਿਧਾਨ ਲਈ ਆਵਾਜ਼ ਚੁੱਕੋ ਤਾਂ ਐੱਫ ਆਈ ਆਰ।'

## ਡੀ ਏ 'ਤੇ ਬਣਦੇ ਵਿਆਜ ਦਾ ਬੋਝ ਸਰਕਾਰੀ ਖਜ਼ਾਨੇ ਤੇ ਆਮ ਲੋਕਾਂ 'ਤੇ ਨਾ ਪਾਇਆ ਜਾਵੇ : ਪੀ ਏ ਸੀ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਸਰਕਾਰ ਵੱਲੋਂ ਮਹਿੰਗਾਈ ਭੱਤੇ (ਡੀ ਏ) ਦੇ ਬਕਾਏ ਦੇਣ ਸੰਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਨੂੰ ਚੁਣੌਤੀ ਦੇਣ ਦੀ ਤਿਆਰੀ ਅਤੇ ਦੂਜੇ ਪਾਸੇ ਮੁਲਾਜ਼ਮ ਯੂਨੀਅਨਾਂ ਵੱਲੋਂ 8 ਸਤੰਬਰ ਨੂੰ ਸਮੂਹਕ ਛੁੱਟੀ 'ਤੇ ਜਾਣ ਦੇ ਦਿੱਤੇ ਅਲਟੀਮੇਟਮ ਦੇ ਵਿਚਕਾਰ ਲੁਧਿਆਣਾ ਅਧਾਰਤ ਨਾਗਰਿਕ ਸਮੂਹ 'ਪਬਲਿਕ ਐਕਸ਼ਨ ਕਮੇਟੀ' (ਪੀ ਏ ਸੀ) ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪ੍ਰਸ਼ਾਸਨਿਕ ਦੇਰੀ ਕਾਰਨ ਡੀ ਏ ਦੇ ਬਕਾਏ 'ਤੇ ਬਣਦੇ ਵਿਆਜ ਦਾ ਵਾਧੂ ਵਿੱਤੀ ਬੋਝ ਸਰਕਾਰੀ ਖਜ਼ਾਨੇ ਅਤੇ ਆਮ ਜਨਤਾ 'ਤੇ ਨਾ ਪਾਇਆ ਜਾਵੇ।

ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਮੁੱਖ ਸਕੱਤਰ ਨੂੰ ਭੇਜੇ ਇੱਕ ਮੰਗ ਪੱਤਰ ਵਿੱਚ ਪਬਲਿਕ ਐਕਸ਼ਨ ਕਮੇਟੀ ਨੇ ਕਿਹਾ ਹੈ ਕਿ ਇਹ ਵਾਧੂ ਵਿੱਤੀ ਬੋਝ ਸਿਰਫ ਪ੍ਰਸ਼ਾਸਨਿਕ ਦੇਰੀ ਦਾ ਨਤੀਜਾ ਹੈ। ਇਸ ਲਈ ਇਸ ਨਾ-ਟਾਲੇ ਜਾ ਸਕਣ ਵਾਲੇ ਵਿਆਜ ਦੀ ਜ਼ਿੰਮੇਵਾਰੀ ਸੰਬੰਧਤ ਅਧਿਕਾਰੀਆਂ 'ਤੇ ਤੈਅ ਕੀਤੀ ਜਾਣੀ ਚਾਹੀਦੀ ਹੈ। ਕਮੇਟੀ ਨੇ ਯਾਦ ਦਿਵਾਇਆ ਕਿ ਪੀ ਐੱਸ ਪੀ ਸੀ ਐੱਲ ਸਮੇਤ ਹੋਰ ਵਿਭਾਗਾਂ ਦੇ ਮੁਲਾਜ਼ਮਾਂ ਨੇ ਬਕਾਏ ਰਿਲੀਜ਼ ਕਰਾਉਣ ਲਈ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ, ਜਿੱਥੇ ਸਿੰਗਲ ਬੈਂਚ ਨੇ 30 ਜੂਨ ਤੱਕ ਭੁਗਤਾਨ ਦੇ ਹੁਕਮ ਦਿੱਤੇ ਸਨ। ਸਰਕਾਰ ਵੱਲੋਂ ਪਾਈ ਅਪੀਲ ਖਾਰਜ ਕਰਦਿਆਂ ਡਵੀਜ਼ਨ ਬੈਂਚ ਨੇ 17 ਅਗਸਤ ਨੂੰ 6 ਫੀਸਦੀ ਸਾਲਾਨਾ ਵਿਆਜ ਸਮੇਤ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਸੀ। ਸਪੱਸ਼ਟ ਅਦਾਲਤੀ ਨਿਰਦੇਸ਼ਾਂ ਦੇ ਬਾਵਜੂਦ ਅਜੇ ਤੱਕ ਬਕਾਏ ਦਾ ਭੁਗਤਾਨ ਨਹੀਂ ਕੀਤਾ ਗਿਆ, ਜਿਸ ਨਾਲ

• ਬਾਕੀ ਸਫਾ 2 'ਤੇ

## ਮੁਆਵਜ਼ੇ ਦੀ ਥਾਂ ਚੰਗਾ ਸਕੂਲ ਬਣਾਉਣ ਲਈ ਲੋਕਾਂ ਨੂੰ ਦਾਨ ਦੀ ਅਪੀਲ

**ਕੋਲਕਾਤਾ (ਨ ਜ਼ ਸ)**

ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਸ਼ੇਖ ਅਬਦੁੱਲ ਹਫੀਜ਼ ਲਈ 50 ਲੱਖ ਰੁਪਏ ਦਾ ਫੰਡ ਇਕੱਠਾ ਕਰਨ ਦੀ ਅਪੀਲ ਕੀਤੀ ਹੈ, ਜਿਸ ਦੇ ਪਿਤਾ ਜਨਾਬ ਮਾਫ਼ਿਕ ਦੀ 15 ਅਗਸਤ ਨੂੰ ਸੀ ਜੇ ਪੀ ਦੀ 'ਸਕੂਲ ਠੀਕ ਕਰੋ ਮੁਹਿੰਮ' ਦੇ ਤਹਿਤ ਬਾਂਕੁੜਾ ਇਲਾਕੇ ਦੇ ਕਰੀਸੁੰਡਾ ਪਿੰਡ 'ਚ ਮੌਤ ਹੋ ਗਈ ਸੀ। 25 ਸਾਲਾ ਅਬਦੁੱਲ ਨੇ ਕਿਸੇ ਵੀ ਤਰ੍ਹਾਂ ਦੇ ਸਰਕਾਰੀ ਮੁਆਵਜ਼ੇ ਤੋਂ ਇਨਕਾਰ ਕਰਦਿਆਂ ਕਿਹਾ ਸੀ, 'ਮੈਨੂੰ ਮੁਆਵਜ਼ਾ ਨਹੀਂ ਚਾਹੀਦਾ। ਇਸ ਦੀ ਬਜਾਏ, ਇੱਕ ਵਿਸ਼ਵ ਪੱਧਰੀ ਸਕੂਲ ਬਣਾਓ ਅਤੇ ਇਸ ਦਾ ਨਾਂਅ ਮੇਰੇ ਪਿਤਾ ਦੇ ਨਾਂਅ 'ਤੇ ਰੱਖੋ।' ਸੀ ਜੇ ਪੀ ਨੇ ਜਾਰੀ ਕੀਤੇ ਪੋਸਟਰ ਵਿੱਚ ਕਿਹਾ ਹੈ, 'ਅਬਦੁੱਲ ਨੂੰ ਸਾਡੀ ਮਦਦ ਦੀ ਲੋੜ ਹੈ। ਅਬਦੁੱਲ ਨੇ ਆਪਣੇ ਪਿੰਡ ਵਿੱਚ ਬਿਹਤਰ ਸਰਕਾਰੀ ਸਕੂਲ ਲਈ ਆਵਾਜ਼ ਬੁਲੰਦ ਕੀਤੀ ਹੈ। 13 ਅਗਸਤ ਨੂੰ ਉਸ 'ਤੇ ਅਤੇ ਉਸ ਦੇ ਪਿਤਾ 'ਤੇ ਭਾਜਪਾ ਦੇ ਗੁੰਡਿਆਂ ਨੇ ਉਨ੍ਹਾਂ ਦੇ ਘਰ ਹਮਲਾ ਕੀਤਾ। 15 ਅਗਸਤ ਨੂੰ ਉਸ ਨੇ ਆਪਣੇ ਪਿਤਾ ਨੂੰ ਗੁਆ ਦਿੱਤਾ।'

ਸੀ ਜੇ ਪੀ ਦੇ ਬਾਨੀ ਅਭਿਜੀਤ ਦੀਪਕੇ ਨੇ ਇੱਕ ਵੱਖਰੇ ਟਵੀਟ ਵਿੱਚ ਕਿਹਾ, 'ਅਬਦੁੱਲ ਦੇ ਪਿਤਾ ਦਾ ਕਤਲ ਬਿਹਤਰ ਸਕੂਲਾਂ ਦੀ ਮੰਗ ਕਰਨ 'ਤੇ ਕੀਤਾ ਗਿਆ ਸੀ। ਲੋਕਾਂ ਨੂੰ ਅਪੀਲ ਹੈ ਕਿ ਉਹ ਜੋ ਵੀ ਕਰ ਸਕਦੇ ਹਨ, ਦਾਨ ਕਰਨ। ਪਰਵਾਰ ਨੇ ਸਰਕਾਰ ਤੋਂ ਮੁਆਵਜ਼ਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਸ ਦੀ ਬਜਾਏ ਸਿਰਫ ਇੱਕ ਚੀਜ਼

• ਬਾਕੀ ਸਫਾ 2 'ਤੇ

## ਤੀਜੀ ਦੀ ਬੱਚੀ ਨਾਲ ਖੇਹ ਖਾਣ ਵਾਲਾ ਸਕੂਲ ਬੱਸ ਡਰਾਈਵਰ ਗ੍ਰਿਫ਼ਤਾਰ

**ਨਵੀਂ ਦਿੱਲੀ (ਨ ਜ਼ ਸ)**-ਦਿੱਲੀ ਦੇ ਬਵਾਨਾ ਇਲਾਕੇ ਵਿੱਚ ਨਿੱਜੀ ਸਕੂਲ ਦੀ ਤਿੰਨ ਸਾਲਾ ਨਰਸਰੀ ਦੀ ਵਿਦਿਆਰਥਣ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿੱਚ ਸਕੂਲ ਬੱਸ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਘਟਨਾ 19 ਅਗਸਤ ਨੂੰ ਉਦੋਂ ਸਾਹਮਣੇ ਆਈ, ਜਦੋਂ ਬੱਚੀ ਦੇ ਪਰਵਾਰ ਨੇ ਉਸ ਦੇ ਗੁਪਤ ਅੰਗਾਂ 'ਤੇ ਜ਼ਖਮ ਦੇਖੇ। ਪੁੱਛਗਿੱਛ ਕਰਨ 'ਤੇ ਕੁੜੀ ਨੇ ਆਪਣੀ ਮਾਂ ਨੂੰ ਸਕੂਲ ਵਿੱਚ ਇੱਕ 'ਬੁਰੇ ਅੰਕਲ' ਬਾਰੇ ਦੱਸਿਆ, ਜੋ ਉਸ ਨੂੰ ਚਾਕਲੇਟ ਦਿੰਦਾ ਸੀ। ਪੁਲਸ ਨੇ ਦੱਸਿਆ ਕਿ 24 ਅਗਸਤ ਨੂੰ ਬੱਚੀ ਨੂੰ ਸੀ ਸੀ ਟੀ ਵੀ ਫੁਟੇਜ਼ ਦਿਖਾਈ ਗਈ, ਜਿਸ ਦੌਰਾਨ ਉਸ ਨੇ ਮੁਲਜ਼ਮ ਦੀ ਪਛਾਣ ਕਰ ਲਈ। ਇਸ ਤੋਂ ਬਾਅਦ ਪੋਕਸੋ ਐਕਟ ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਅਤੇ ਮੁਲਜ਼ਮ ਨੂੰ ਸਕੂਲ ਤੋਂ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮ ਅੱਠ ਮਹੀਨਿਆਂ ਤੋਂ ਸਕੂਲ ਬੱਸ ਚਲਾ ਰਿਹਾ ਸੀ। ਉਹ ਬੱਚੀ ਦਾ ਪਿੱਛਾ ਕਰਕੇ ਉਸ ਨੂੰ ਵਾਸ਼ਰੂਮ ਵਿੱਚ ਲੈ ਗਿਆ ਅਤੇ ਜਿਨਸੀ ਸ਼ੋਸ਼ਣ ਕੀਤਾ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਬੱਚੀ ਦਾ ਚਾਰ ਵਾਰ ਸ਼ੋਸ਼ਣ ਕੀਤਾ ਗਿਆ ਸੀ। ਮੁਲਜ਼ਮ ਦਾ ਮੋਬਾਇਲ ਫੋਨ ਵੀ ਜ਼ਬਤ ਕਰ ਲਿਆ ਗਿਆ ਹੈ, ਜਿਸ ਵਿੱਚੋਂ ਛੋਟੇ ਬੱਚਿਆਂ ਨੂੰ ਚਾਕਲੇਟਾਂ ਦਿੰਦਿਆਂ ਦੀਆਂ ਵੀਡੀਓਜ਼ ਬਰਾਮਦ ਹੋਈਆਂ ਹਨ। ਸਕੂਲ ਦੇ ਪੂਰੇ ਕੰਪਲੈਕਸ ਦੀ ਸੀ ਸੀ ਟੀ ਵੀ ਫੁਟੇਜ਼ ਕਬਜ਼ੇ ਵਿੱਚ ਲੈ ਲਈ ਗਈ ਹੈ।

## ਸਮੂਹਕ ਬਲਾਤਕਾਰ ਦੇ ਦੋਸ਼ 'ਚ ਡਰਾਈਵਰ-ਕੰਡਕਟਰ ਗ੍ਰਿਫ਼ਤਾਰ

**ਨਵੀਂ ਦਿੱਲੀ :** ਪੁਲਸ ਨੇ ਸੋਮਵਾਰ ਨੂੰ ਦੱਸਿਆ ਕਿ ਯੂ ਪੀ ਦੇ ਮੈਨਪੁਰੀ ਤੋਂ ਨੋਇਡਾ ਵਿੱਚ ਆਪਣੇ ਰਿਸ਼ਤੇਦਾਰ ਨੂੰ ਮਿਲਣ ਜਾ ਰਹੀ 17 ਸਾਲਾ ਕੁੜੀ ਨਾਲ ਡਰਾਈਵਰ ਅਤੇ ਕੰਡਕਟਰ ਨੇ ਚਲਦੀ ਬੱਸ ਵਿੱਚ ਬਲਾਤਕਾਰ ਕੀਤਾ ਅਤੇ ਉਸ ਨੂੰ ਕਸ਼ਮੀਰੀ ਗੇਟ ਨੇੜੇ ਸੁੱਟ ਦਿੱਤਾ। ਇਹ ਘਟਨਾ 4 ਅਗਸਤ ਦੀ ਰਾਤ ਨੂੰ ਵਾਪਰੀ, ਜਦੋਂ ਕੁੜੀ ਨੋਇਡਾ ਵਿੱਚ ਆਪਣੇ ਚਚੇਰੇ ਭਰਾ ਨੂੰ ਮਿਲਣ ਜਾ ਰਹੀ ਸੀ, ਪਰ ਭਾਰੀ ਮੀਂਹ ਦੌਰਾਨ ਗਲਤੀ ਨਾਲ ਪਰੀ ਚੌਕ 'ਤੇ ਉਤਰ ਗਈ। ਉਸ ਨੇ ਖਾਲੀ ਸਲੀਪਰ ਬੱਸ ਨੂੰ ਇਸ਼ਾਰਾ ਕੀਤਾ ਅਤੇ ਡਰਾਈਵਰ ਕੁਲਦੀਪ ਨੇ ਕੰਡਕਟਰ ਸੰਦੀਪ ਨਾਲ ਮਿਲ ਕੇ ਉਸ ਨੂੰ ਸਵਾਰੀ ਦੀ ਪੇਸ਼ਕਸ਼ ਕੀਤੀ। ਇਸ ਤੋਂ ਬਾਅਦ ਮੁਲਜ਼ਮਾਂ ਨੇ ਉਸ ਨਾਲ ਸਮੂਹਕ ਬਲਾਤਕਾਰ ਕੀਤਾ ਅਤੇ ਉਸ ਨੂੰ ਕਸ਼ਮੀਰੀ ਗੇਟ ਨੇੜੇ ਛੱਡਣ ਤੋਂ ਪਹਿਲਾਂ ਧਮਕੀ ਦਿੱਤੀ। ਦੋਵਾਂ ਨੂੰ ਗ੍ਰਿਫ਼ਤਾਰ ਕਰਕੇ ਯੂ ਪੀ ਰਜਿਸਟ੍ਰੇਸ਼ਨ ਨੰਬਰ ਵਾਲੀ ਬੱਸ ਨੂੰ ਜ਼ਬਤ ਕਰ ਲਿਆ ਗਿਆ ਹੈ।

## ਅੱਜ-ਨਾਮਾ

ਫਸਲ ਝੋਨੇ ਦੀ ਫੇਰ ਜਦ ਆਉਣ ਵਾਲੀ,  
ਭਰੇ ਪਏ ਸੁਣੇ ਹਨ ਕੁੱਲ ਗੋਦਾਮ ਮੀਆਂ।  
ਕੀਤੇ ਚੁੱਪ ਜਿਹੇ ਅਫਸਰ ਏਜੰਸੀਆਂ ਦੇ,  
ਹੁੰਦੇ ਕੋਈ ਜਾਪਦੇ ਨਾ ਇੰਤਜ਼ਾਮ ਮੀਆਂ।  
ਬੋਲਦਾ ਆਗੂ ਕਿਸਾਨੀ ਦਾ ਫੇਰ ਸੁਣਿਆ,  
ਅਗਲੇ ਮੋਰਚੇ ਲਈ ਹੈ ਪ੍ਰੋਗਰਾਮ ਮੀਆਂ।  
ਲੱਗਾ ਮੋਰਚਾ, ਗੱਡੀ ਕੋਈ ਚੱਲਣੀ ਨਹੀਂ,  
ਰੁਕਣਗੇ ਰੇਲਾਂ ਲਈ ਰੂਟ ਤਮਾਮ ਮੀਆਂ।  
ਭਰੇ ਗੋਦਾਮ ਤਾਂ ਫਸਲ ਦੀ ਥਾਂ ਨਹੀਂਉਂ,  
ਠੱਪ ਫਿਰ ਕੰਮ ਖਰੀਦ ਦਾ ਹੋਊ ਮੀਆਂ।  
ਚੋਣ ਪ੍ਰਚਾਰ ਦੀ ਉੱਡ ਰਹੀ ਧੂੜ ਦਿੱਸੂ,  
ਮੱਥਾ ਫੜੀ ਕਿਸਾਨ ਪਿਆ ਰੋਊ ਮੀਆਂ।

-ਤੀਸ ਮਾਰ ਖਾਂ

## ਮਾਨ ਸਰਕਾਰ ਨੇ ਦਹਾਕਿਆਂ ਪੁਰਾਣੇ ਭੂ-ਜਲ ਸੰਕਟ ਨੂੰ ਉਲਟਾਉਣਾ ਸ਼ੁਰੂ ਕਰ ਦਿੱਤਾ : ਬਲਤੇਜ ਪੰਨੂ



**ਚੰਡੀਗੜ੍ਹ (ਨ ਜ਼ ਸ)**-ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਸੋਮਵਾਰ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਤਾਜ਼ਾ ਮੁਲਾਂਕਣ ਨੇ ਪੰਜਾਬ ਨੂੰ ਆਸ ਦੀ ਇੱਕ ਵੱਡੀ ਕਿਰਨ ਦਿੱਤੀ ਹੈ, ਕਿਉਂਕਿ ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਸੂਬੇ ਨੇ ਉਸ ਸੰਕਟ ਨੂੰ ਉਲਟਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ ਪਿਛਲੀਆਂ ਸਰਕਾਰਾਂ ਨੇ ਦਹਾਕਿਆਂ ਤੱਕ ਗੰਭੀਰ ਹੋਣ ਦਿੱਤਾ।ਉਨ੍ਹਾ ਕਿਹਾ ਕਿ ਇਹ ਸੁਧਾਰ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਵਧਾਉਣ, ਨਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਧਰਤੀ ਹੇਠਲੇ ਪਾਣੀ 'ਤੇ ਪੰਜਾਬ ਦੀ ਨਿਰਭਰਤਾ ਘਟਾਉਣ ਲਈ ਕੀਤੇ ਗਏ ਨਿਰੰਤਰ ਯਤਨਾਂ ਦਾ ਨਤੀਜਾ ਹੈ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪ ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਕਿ ਪੰਜਾਬ ਆਪਣੇ ਨਹਿਰੀ ਪਾਣੀ ਦੇ ਹਿੱਸੇ ਦੀ ਪੂਰੀ ਵਰਤੋਂ ਕਰੇ, ਜਿਸ ਨਾਲ ਧਰਤੀ ਹੇਠਲੇ ਪਾਣੀ 'ਤੇ ਬੋਝ ਘਟਾਇਆ ਜਾ ਸਕੇ। ਉਨ੍ਹਾ ਦੱਸਿਆ ਕਿ ਨਹਿਰੀ ਪਾਣੀ ਦੀ ਵਰਤੋਂ ਹੁਣ ਲੱਗਭੱਗ 80 ਫੀਸਦੀ ਤੋਂ 82 ਫੀਸਦੀ ਤੱਕ ਪਹੁੰਚ ਗਈ ਹੈ, ਜੋ ਕਿ 2022 ਵਿੱਚ ਮਹਿਜ਼ 21 ਫੀਸਦੀ ਦੇ ਗੇੜ ਵਿੱਚ ਸੀ।ਸਰਕਾਰ ਨੇ 14,100 ਖਾਲਾਂ ਨੂੰ ਚਾਲੂ ਕੀਤਾ ਹੈ, 400 ਕਿਲੋਮੀਟਰ ਤੋਂ ਵੱਧ ਬੰਦ ਪਈਆਂ ਨਹਿਰਾਂ ਨੂੰ ਬਹਾਲ ਕੀਤਾ ਹੈ ਅਤੇ 1,000 ਕਿਲੋਮੀਟਰ ਤੋਂ ਵੱਧ ਨਹਿਰਾਂ ਨੂੰ ਪੱਕਾ ਕੀਤਾ ਹੈ।ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਵਿੱਚ ਮਦਦ ਲਈ ਮੁਰੰਮਤ ਕੀਤੇ ਨਹਿਰੀ ਢਾਂਚੇ ਦੇ ਨਾਲ-ਨਾਲ ਰੀਚਾਰਜ ਪੁਆਇੰਟ ਵੀ ਵਿਕਸਤ ਕੀਤੇ ਗਏ ਹਨ। ਪੰਨੂ ਨੇ ਕਿਹਾ ਕਿ ਇਹਨਾਂ ਉਪਾਵਾਂ ਦਾ ਅਸਰ ਹੁਣ ਧਰਤੀ ਹੇਠਲੇ ਪਾਣੀ ਦੇ ਤਾਜ਼ਾ ਮੁਲਾਂਕਣ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ। ਪੰਜਾਬ ਵਿੱਚ ਭੂ-ਜਲ ਨਿਕਾਸੀ ਦਾ ਪੱਧਰ 2021-22 ਵਿੱਚ 163.80 ਫੀਸਦੀ ਤੋਂ ਘਟ ਕੇ 2025 ਵਿੱਚ 156.36 ਫੀਸਦੀ ਅਤੇ 2025-26 ਵਿੱਚ ਅੱਗੇ ਘਟ ਕੇ 152.22 ਫੀਸਦੀ ਰਹਿ ਗਿਆ ਹੈ, ਜੋ ਕਿ ਚਾਰ ਸਾਲਾਂ ਵਿੱਚ 11.58 ਫੀਸਦੀ ਪੁਆਇੰਟਾਂ ਦਾ ਸੁਧਾਰ ਦਰਸਾਉਂਦਾ ਹੈ। ਸਾਲਾਨਾ ਭੂ-ਜਲ ਨਿਕਾਸੀ ਵੀ ਲੱਗਭੱਗ 28.01 ਅਰਬ ਕਿਊਬਿਕ ਮੀਟਰ ਤੋਂ ਘਟ ਕੇ 26.32 ਅਰਬ ਕਿਊਬਿਕ ਮੀਟਰ ਰਹਿ ਗਈ ਹੈ।ਬਲਤੇਜ ਪੰਨੂ ਨੇ ਕਿਹਾ ਕਿ 11.58 ਪ੍ਰਤੀਸ਼ਤ ਪੁਆਇੰਟ ਕਾਗਜ਼ 'ਤੇ ਸਿਰਫ਼ ਇੱਕ ਅੰਕੜਾ ਲੱਗ ਸਕਦਾ ਹੈ, ਪਰ ਪੰਜਾਬ ਲਈ ਇਸ ਦਾ ਮਤਲਬ ਹੈ ਕਿ ਦਹਾਕਿਆਂ ਦੀ ਗਿਰਾਵਟ ਤੋਂ ਬਾਅਦ ਅਸੀਂ ਅਖੀਰ ਸਹੀ ਦਿਸ਼ਾ ਵੱਲ ਵਧ ਰਹੇ ਹਾਂ। ਉਨ੍ਹਾ ਕਿਹਾ ਕਿ ਤਾਜ਼ਾ ਮੁਲਾਂਕਣ ਦਾ ਸਭ ਤੋਂ ਉਤਸ਼ਾਹਜਨਕ ਪਹਿਲੂ ਭੂ-ਜਲ ਮੁਲਾਂਕਣ ਬਲਾਕਾਂ ਵਿੱਚ ਦਰਜ ਕੀਤਾ ਗਿਆ ਸੁਧਾਰ ਹੈ।ਪੰਜਾਬ ਦੇ 153 ਡਾਰਕ-ਜ਼ੋਨ ਬਲਾਕਾਂ ਵਿੱਚੋਂ 95 ਵਿੱਚ ਸੁਧਾਰ ਦੇਖਣ ਨੂੰ ਮਿਲਿਆ ਹੈ, ਜਦੋਂ ਕਿ ਗੰਭੀਰ ਬਲਾਕਾਂ ਦੀ ਗਿਣਤੀ 10 ਤੋਂ ਘਟ ਕੇ 6 ਰਹਿ ਗਈ ਹੈ।ਚਾਰ ਬਲਾਕ ਸੁਰੱਖਿਅਤ ਸ਼੍ਰੇਣੀ ਵਿੱਚ ਆ ਗਏ ਹਨ, ਜਿਨ੍ਹਾਂ ਵਿੱਚ ਫਾਜ਼ਿਲਕਾ ਵਿੱਚ ਅਰਨੀਵਾਲਾ, ਫਿਰੋਜ਼ਪੁਰ ਵਿੱਚ ਮੱਖੂ, ਹੁਸ਼ਿਆਰਪੁਰ ਵਿੱਚ ਹਾਜੀਪੁਰ ਅਤੇ ਪਠਾਨਕੋਟ ਵਿੱਚ ਨਰੋਟ ਜੈਮਲ ਸਿੰਘ ਸ਼ਾਮਲ ਹਨ।ਹੋਰ 14 ਬਲਾਕਾਂ ਵਿੱਚ ਜ਼ਿਕਰਯੋਗ ਸੁਧਾਰ ਦਰਜ ਕੀਤਾ ਗਿਆ ਹੈ। ਬਲਤੇਜ ਪੰਨੂ ਨੇ ਦੱਸਿਆ ਕਿ ਧਰਤੀ ਹੇਠਲੇ ਪਾਣੀ ਦਾ ਰੀਚਾਰਜ ਵੀ ਵਧਿਆ ਹੈ, ਜਿਸ ਵਿੱਚ ਕੁੱਲ ਸਾਲਾਨਾ ਰੀਚਾਰਜ 19.14 ਅਰਬ ਕਿਊਬਿਕ ਮੀਟਰ ਅੰਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਿੱਚ ਮੀਂਹ ਰਾਹੀਂ 5.53 ਅਰਬ ਕਿਊਬਿਕ ਮੀਟਰ ਅਤੇ ਨਹਿਰੀ ਪਾਣੀ ਰਾਹੀਂ 5.5 ਅਰਬ ਕਿਊਬਿਕ ਮੀਟਰ ਸ਼ਾਮਲ ਹੈ। ਨਹਿਰੀ ਪਾਣੀ ਦਾ ਰੀਚਾਰਜ ਪਿਛਲੇ ਸਾਲ ਦੇ 4.5 ਅਰਬ ਕਿਊਬਿਕ ਮੀਟਰ ਤੋਂ ਵਧ ਕੇ ਇਸ ਸਾਲ 5.5 ਅਰਬ ਕਿਊਬਿਕ ਮੀਟਰ ਹੋ ਗਿਆ ਹੈ।ਉਨ੍ਹਾ ਕਿਹਾ ਕਿ ਇਹ ਅੰਕੜੇ ਦਰਸਾਉਂਦੇ ਹਨ ਕਿ ਖੇਤੀਬਾੜੀ ਲਈ ਟਿਊਬਵੈੱਲਾਂ 'ਤੇ ਨਿਰਭਰਤਾ ਘਟਾਉਣਾ ਪੰਜਾਬ ਲਈ ਕਿਉਂ ਜ਼ਰੂਰੀ ਹੈ।ਉਨ੍ਹਾ ਅੱਗੇ ਦੱਸਿਆ ਕਿ ਕੱਢੇ ਗਏ 26.32 ਅਰਬ ਕਿਊਬਿਕ ਮੀਟਰ ਧਰਤੀ ਹੇਠਲੇ ਪਾਣੀ ਵਿੱਚੋਂ ਲੱਗਭੱਗ 24.95 ਅਰਬ ਕਿਊਬਿਕ ਮੀਟਰ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ, ਜਦੋਂ ਕਿ ਲੱਗਭੱਗ 1.38 ਅਰਬ ਕਿਊਬਿਕ ਮੀਟਰ ਘਰੇਲੂ ਅਤੇ ਉਦਯੋਗਿਕ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ।ਬਲਤੇਜ ਪੰਨੂ ਨੇ ਮੰਨਿਆ ਕਿ ਪੰਜਾਬ ਅਜੇ ਵੀ ਧਰਤੀ ਹੇਠਲੇ ਪਾਣੀ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਬਦਲਾਅ ਦੀ ਦਿਸ਼ਾ ਮਹੱਤਵਪੂਰਨ ਹੈ, ਕਿਉਂਕਿ ਤਾਜ਼ਾ ਮੁਲਾਂਕਣ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਵਿੱਚ ਗਿਰਾਵਟ ਅਤੇ ਕਈ ਮੁਲਾਂਕਣ ਬਲਾਕਾਂ ਵਿੱਚ ਸੁਧਾਰ ਦਰਸਾਉਂਦਾ ਹੈ।

## 1901 ਤੋਂ ਹੁਣ ਤੱਕ ਦਾ ਸਭ ਤੋਂ ਗਰਮ ਰਿਹਾ ਅਗਸਤ

**ਨਵੀਂ ਦਿੱਲੀ :** ਇਸ ਸਾਲ ਭਾਰਤ ਵਿੱਚ ਅਗਸਤ ਦਾ ਮਹੀਨਾ ਸਾਲ 1901 ਤੋਂ ਲੈ ਕੇ ਹੁਣ ਤੱਕ ਦਾ ਸਭ ਤੋਂ ਵੱਧ ਗਰਮ ਮਹੀਨਾ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਭਾਰਤੀ ਮੌਸਮ ਵਿਭਾਗ ਵੱਲੋਂ ਸਾਂਝੀ ਕੀਤੀ ਗਈ ਹੈ। ਮਾਹਰਾਂ ਦਾ ਮੰਨਣਾ ਹੈ ਕਿ ਮੌਸਮ ਵਿੱਚ ਲਗਾਤਾਰ ਆ ਰਹੀਆਂ ਇਨ੍ਹਾਂ ਤਬਦੀਲੀਆਂ ਪਿੱਛੇ ਵਾਤਾਵਰਨ ਤਬਦੀਲੀ ਅਤੇ ਮੌਨਸੂਨ ਦੇ ਪੈਟਰਨ ਵਿੱਚ ਆਇਆ ਬਦਲਾਅ ਮੁੱਖ ਕਾਰਨ ਹਨ।

ਇਸ ਵਧ ਰਹੀ ਗਰਮੀ ਕਾਰਨ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਨਾਲ-ਨਾਲ ਖੇਤੀਬਾੜੀ ਅਤੇ ਬਿਜਲੀ ਦੀ ਖਪਤ ਉੱਤੇ ਵੀ ਡੂੰਘਾ ਅਸਰ ਪਿਆ ਹੈ। ਮੌਸਮ ਵਿਭਾਗ ਨੇ ਦੱਸਿਆ ਹੈ ਕਿ ਸਤੰਬਰ ਮਹੀਨੇ ਦੌਰਾਨ ਪੂਰੇ ਭਾਰਤ ਵਿੱਚ ਆਮ ਨਾਲੋਂ ਘੱਟ ਮੀਂਹ ਪੈਣ ਦੀ ਸੰਭਾਵਨਾ ਹੈ।

ਇਸ ਵਾਰ ਬਾਰਸ਼ ਲੰਬੇ ਸਮੇਂ ਦੀ ਔਸਤ ਦੇ 91 ਫੀਸਦੀ ਤੋਂ ਵੀ ਘੱਟ ਰਹਿਣ ਦੀ ਉਮੀਦ ਹੈ।

## ਵੇਦ ਪ੍ਰਕਾਸ਼ ਗੋਇਲ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ

### ਦੁੱਖ-ਸੁੱਖ 'ਚ ਖੜ੍ਹਨਾ ਹੀ ਅਸਲ ਇਨਸਾਨੀਅਤ : ਮਾਨ



**ਬਠਿੰਡਾ (ਰਾਜੀਵ ਗੋਇਲ)**-ਮਾਰਕੀਟ ਕਮੇਟੀ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਵੱਲੋਂ ਹਲਕਾ ਰਾਮਪੁਰਾ ਫੂਲ ਦੇ ਕਈ ਪਿੰਡਾਂ ਵਿੱਚ ਜਾ ਕੇ ਲੋਕਾਂ ਨਾਲ ਦੁੱਖ ਸੁੱਖ ਸਾਂਝਾ ਕੀਤਾ ਗਿਆ ਤੇ ਇਸੇ ਹੀ ਲੜੀ ਤਹਿਤ ਉਹ ਨਗਰ ਪੰਚਾਇਤ ਭਗਤਾ ਦੇ ਸਾਬਕਾ ਪ੍ਰਧਾਨ ਰਾਕੇਸ਼ ਕੁਮਾਰ ਦੇ ਪਿਤਾ ਸਵ. ਵੇਦ ਪ੍ਰਕਾਸ਼ ਗੋਇਲ ਦੀ ਅੰਤਿਮ ਅਰਦਾਸ ਵਿੱਚ ਪੁੱਜੇ, ਜਿੱਥੇ ਉਨ੍ਹਾਂ ਵੱਲੋਂ ਪਰਵਾਰ ਨਾਲ ਆਪਣੀ ਸੰਵੇਦਨਾ ਪ੍ਰਗਟ ਕੀਤੀ ਗਈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਦੁੱਖ ਸੁੱਖ ਵਿੱਚ ਖੜ੍ਹਨਾ ਹੀ ਅਸਲ ਇਨਸਾਨੀਅਤ ਹੈ ਤੇ ਉਹ ਆਪਣੇ ਲੋਕਾਂ ਨਾਲ ਹਮੇਸ਼ਾ ਖੜ੍ਹੇ ਹਨ। ਇਸ ਮੌਕੇ ਵੱਖ ਵੱਖ ਸ਼ਖ਼ਸੀਅਤਾਂ ਵੱਲੋਂ ਸਵ. ਵੇਦ ਪ੍ਰਕਾਸ਼ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਭਗਤਾ ਦੇ ਚੇਅਰਮੈਨ ਬੂਟਾ ਸਿੰਘ ਜਲਾਲ, ਸੁਖਚੈਨ ਚੰਦ ਮੁੰਦਰੀ ਠੇਕੇਦਾਰ, ਪਰਮਜੀਤ ਸਿੰਘ ਸਮੇਤ ਹੋਰ ਵੀ ਲੋਕ ਹਾਜ਼ਰ ਸਨ।

## ਸਪਰਿੰਗ ਫੀਲਡ ਕਾਨਵੈਂਟ 'ਚ ਜ਼ਿਲ੍ਹਾ ਪੱਧਰੀ ਕ੍ਰਿਕਟ ਮੈਚ ਆਰੰਭ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਮੋਗਾ ਜ਼ਿਲ੍ਹੇ ਦੇ ਜ਼ਿਲ੍ਹਾ ਪੱਧਰੀ 2026-27 ਦੇ ਕ੍ਰਿਕਟ ਦੇ ਮੈਚਾਂ ਦਾ ਆਰੰਭ ਹੋਇਆ, ਜਿਸ ਦਾ ਉਦਘਾਟਨ ਸਪਰਿੰਗ ਫੀਲਡ ਕਾਨਵੈਂਟ ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਕੀਤਾ।ਇਨ੍ਹਾਂ ਮੈਚਾਂ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਅੰਡਰ-19 ਸਾਲ ਭਾਗ ਲੈਣਗੇ।ਜ਼ਿਲ੍ਹਾ ਮੋਗਾ ਦੇ ਜਿਹੜੇ ਸਕੂਲ ਇਨ੍ਹਾਂ ਮੈਚਾਂ ਵਿੱਚ ਭਾਗ ਲੈ ਰਹੇ ਹਨ।ਉਨ੍ਹਾਂ ਵਿੱਚ ਜ਼ੋਨ ਬਾਘਾ ਪੁਰਾਣਾ ਜ਼ੋਨ, ਬੁੱਟਰ ਜ਼ੋਨ, ਡਰੋਲੀ ਭਾਈ ਜ਼ੋਨ, ਕੋਟ ਈਸੇ ਖ਼ਾਂ ਜ਼ੋਨ, ਮਹਿਣਾ ਜ਼ੋਨ, ਚੜਿੱਕ ਜ਼ੋਨ, ਜੀ ਟੀ ਬੀ ਗੜ੍ਹ ਜ਼ੋਨ, ਮੋਗਾ ਜ਼ੋਨ, ਪੱਤੋ ਹੀਰਾ ਸਿੰਘ ਜ਼ੋਨ, ਧਰਮਕੋਟ ਜ਼ੋਨ ਹਿੱਸਾ ਲੈ ਰਹੇ ਹਨ।ਚੇਅਰਮੈਨ ਨਰ ਸਿੰਘ ਬਰਾੜ ਨੇ ਜ਼ਿਲ੍ਹਾ ਜ਼ੋਨ ਕਮੇਟੀ ਅਹੁਦੇਦਾਰ ਸਾਹਿਬਾਨ ਕੋਚ ਤੇ ਵੱਖ-ਵੱਖ ਸਕੂਲਾਂ ਤੋਂ ਪਹੁੰਚੇ ਅਧਿਆਪਕ ਸਾਹਿਬਾਨ ਨੂੰ ਜੀ ਆਇਆਂ ਆਖਿਆ ਤੇ ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰਹਿ ਕੇ ਖੇਡਣ ਦੀ ਪ੍ਰੇਰਨਾ ਦਿੱਤੀ।ਨਰ ਸਿੰਘ ਬਰਾੜ ਨੇ ਦੱਸਿਆ ਕਿ ਸਪਰਿੰਗ ਫੀਲਡ ਸਕੂਲ ਦੇ ਖੇਡ ਗਰਾਊਂਡ ਬਹੁਤ ਖੁੱਲ੍ਹੇ ਹੋਣ ਕਰ ਕੇ ਹਰ ਸਾਲ ਜ਼ੋਨ ਕਮੇਟੀ ਵੱਲੋਂ ਕ੍ਰਿਕਟ ਦੇ ਮੈਚ ਹਮੇਸ਼ਾ ਇਸ ਸਕੂਲ ਵਿੱਚ ਹੀ ਕਰਵਾਏ ਜਾਂਦੇ ਹਨ ਤੇ ਅੱਜ ਜ਼ਿਲ੍ਹਾ ਪੱਧਰੀ ਕ੍ਰਿਕਟ ਦੇ ਮੈਚਾਂ ਦੀ ਵੀ ਸ਼ੁਰੂਆਤ ਇਸੇ ਗਰਾਊਂਡ ਵਿੱਚ ਕੀਤੀ ਗਈ।

## ਸੋਮ ਕਾਲੜਾ ਮਲੋਟ ਬਲਾਕ ਦੇ ਪ੍ਰਧਾਨ ਨਿਯੁਕਤ



**ਮਲੋਟ (ਰਜਿੰਦਰ ਜੁਨੇਜਾ)**-ਆਮ ਆਦਮੀ ਪਾਰਟੀ ਵੱਲੋਂ ਮਲੋਟ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ ਵਾਲੇ ਸੋਮ ਕਾਲੜਾ ਨੂੰ ਵੱਡੀ ਜ਼ਿੰਮੇਵਾਰੀ ਸੌਂਪਦਿਆਂ 'ਆਪ' ਮਲੋਟ ਬਲਾਕ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਦੀ ਨਿਯੁਕਤੀ ਅੱਜ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਵੱਲੋਂ ਕੀਤੀ ਗਈ।ਨਵ-ਨਿਯੁਕਤ ਬਲਾਕ ਪ੍ਰਧਾਨ ਸੋਮ ਕਾਲੜਾ ਨੇ ਪਾਰਟੀ ਹਾਈ ਕਮਾਂਡ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ, ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ।ਉਨ੍ਹਾਂ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਤੇ ਵਰਕਰਾਂ ਨੂੰ ਨਾਲ ਲੈ ਕੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦਾ ਭਰੋਸਾ ਦਿੱਤਾ।

## ਕਿਸਾਨ-ਮਜ਼ਦੂਰ ਕਾਨਫਰੰਸ ਨੂੰ ਸਫ਼ਲ ਬਣਾਉਣ ਲਈ ਬਰ੍ਹੇ 'ਚ ਰੈਲੀ



**ਬੋਹਾ (ਨਿਰੰਜਣ ਬੋਹਾ)**-ਆਲ ਇੰਡੀਆ ਕਿਸਾਨ ਸਭਾ ਦੇ 5ਵੇਂ ਕੌਮੀ ਇਜਲਾਸ ਦੇ ਮੌਕੇ 20 ਸਤੰਬਰ ਨੂੰ ਜਲੰਧਰ ਵਿਖੇ ਪੰਜਾਬ ਕਿਸਾਨ ਯੂਨੀਅਨ ਤੇ ਸਮੂਹੀ ਕਿਸਾਨ ਸਭਾ ਵੱਲੋਂ ਕਰਵਾਈ ਜਾ ਰਹੀ ਵਿਸ਼ਾਲ ਕਿਸਾਨ-ਮਜ਼ਦੂਰ ਕਾਨਫਰੰਸ ਦੀਆਂ ਤਿਆਰੀਆਂ ਤਹਿਤ ਬੋਹਾ ਖੇਤਰ ਦੇ ਪਿੰਡ ਬਰ੍ਹੇ ਵਿੱਚ ਇੱਕ ਪ੍ਰਭਾਵਸ਼ਾਲੀ ਰੈਲੀ ਕੀਤੀ ਗਈ।ਇਸ ਰੈਲੀ ਨੂੰ ਸੰਬੋਧਨ ਕਰਦਿਆਂ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ, ਦਰਸ਼ਨ ਮਘਾਣੀਆ ਤੇ ਗੁਰਤੇਜ ਬਰ੍ਹੇ ਆਦਿ ਬੁਲਾਰਿਆਂ ਨੇ ਕਿਹਾ ਕਿ ਦੇਸ਼ ਵਿੱਚ ਕਾਰਪੋਰੇਟ-ਪ੍ਰਸਤ ਤੇ ਫਿਰਕੂ-ਫ਼ਾਸ਼ੀਵਾਦੀ ਨੀਤੀਆਂ 'ਤੇ ਚੱਲ ਰਹੀ ਮੋਦੀ ਸਰਕਾਰ ਮਿਹਨਤਕਸ਼ ਲੋਕਾਂ ਦੇ ਹੱਕਾਂ 'ਤੇ ਲਗਾਤਾਰ ਹਮਲੇ ਕਰ ਰਹੀ ਹੈ।ਜਲ, ਜੰਗਲ, ਜ਼ਮੀਨ ਸਮੇਤ ਦੇਸ਼ ਦੇ ਕੁਦਰਤੀ ਸਰੋਤਾਂ ਨੂੰ ਅਡਾਨੀ-ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ, ਜਦਕਿ ਸਿੱਖਿਆ ਤੇ ਸਿਹਤ ਵਰਗੀਆਂ ਬੁਨਿਆਦੀ ਸੇਵਾਵਾਂ ਦਾ ਵੀ ਤੇਜ਼ੀ ਨਾਲ ਨਿੱਜੀਕਰਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੋ ਵੀ ਲੋਕ ਇਨ੍ਹਾਂ ਲੋਕ-ਵਿਰੋਧੀ ਨੀਤੀਆਂ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵੱਲੋਂ 'ਦਿਮਾਗੀ ਨਕਸਲ' ਵਰਗੇ ਸ਼ਬਦਾਂ ਨਾਲ ਬਦਨਾਮ ਕਰਕੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਅਮਰੀਕਾ ਨਾਲ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਦੇ ਲਾਗੂ ਹੋਣ ਨਾਲ ਕਰੋੜਾਂ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਵਪਾਰੀਆਂ ਦੇ ਰੁਜ਼ਗਾਰ ਤੇ ਜੀਵਨ-ਜੀਵਿਕਾ 'ਤੇ ਗੰਭੀਰ ਅਸਰ ਪਵੇਗਾ।ਇਸੇ ਤਰ੍ਹਾਂ ਮਨਰੇਗਾ ਨੂੰ ਕਮਜ਼ੋਰ ਕਰਨ ਤੇ ਕਿਰਤ ਕਾਨੂੰਨਾਂ ਨੂੰ ਬੇਅਸਰ ਬਣਾਉਣ ਨਾਲ ਖੇਤ ਮਜ਼ਦੂਰਾਂ ਤੇ ਪੇਂਡੂ ਗਰੀਬਾਂ ਦੀ ਜ਼ਿੰਦਗੀ ਹੋਰ ਵੀ ਮੁਸ਼ਕਲ ਬਣ ਗਈ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਹਮਲਿਆਂ ਦਾ ਡਟਵਾਂ ਜਵਾਬ ਦੇਣ ਲਈ ਪੰਜਾਬ ਦੀਆਂ ਸੰਘਰਸ਼ਸ਼ੀਲ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ 20 ਸਤੰਬਰ ਨੂੰ ਜਲੰਧਰ ਵਿੱਚ ਵਿਸ਼ਾਲ ਕਿਸਾਨ-ਮਜ਼ਦੂਰ ਰੈਲੀ ਕਰਨ ਜਾ ਰਹੀਆਂ ਹਨ।ਬੁਲਾਰਿਆਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਜਲੰਧਰ ਕਾਨਫਰੰਸ ਦੇ ਮੰਚ ਤੋਂ ਜੰਤਰ-ਮੰਤਰ ਵਿਖੇ ਚਲੇ ਇਤਿਹਾਸਕ ਵਿਦਿਆਰਥੀ ਅੰਦੋਲਨ ਦੌਰਾਨ 23 ਦਿਨਾਂ ਤੱਕ ਮਰਨ ਵਰਤ ਰੱਖਣ ਵਾਲੇ ਵਿਦਿਆਰਥੀ ਆਗੂ ਨੇਹਾ ਬੋਰਾ ਤੇ ਆਮੀਨ ਅਮਿਤੋਜ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

## ਕਿਸਾਨ ਆਗੂਆਂ ਦੀ ਗ੍ਰਿਫ਼ਤਾਰੀ ਖ਼ਿਲਾਫ਼ ਫੂਕਿਆ ਸਰਕਾਰ ਦਾ ਪੁਤਲਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਵੱਲੋਂ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਦਿਆਂ ਸਰਕਾਰ ਦੀ ਅਰਥੀ ਫੂਕੀ ਗਈ।ਇਹ ਵਿਰੋਧ ਬੀਕੇਯੂ ਏਕਤਾ ਸਿੱਧੂਪੁਰ ਦੇ ਗ੍ਰਿਫ਼ਤਾਰ ਕੀਤੇ ਗਏ ਆਗੂਆਂ ਦੀ ਤੁਰੰਤ ਰਿਹਾਈ ਦੀ ਮੰਗ ਨੂੰ ਲੈ ਕੇ ਕੀਤਾ ਗਿਆ।ਬੀਕੇਯੂ ਏਕਤਾ ਮਲਵਈ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਰਾਮਪਾਲ ਸ਼ਰਮਾ ਸੁਨਾਮ ਨੇ ਪੰਜਾਬ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੱਤੀ।ਉਨ੍ਹਾਂ ਕਿਹਾ ਕਿ ਸਰਕਾਰ ਧੱਕੇਸ਼ਾਹੀ ਛੱਡ ਕੇ ਗ੍ਰਿਫ਼ਤਾਰ ਕਿਸਾਨ ਆਗੂਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰੇ ਤੇ ਕਿਸਾਨਾਂ ਦੀਆਂ ਲਟਕਦੀਆਂ ਮੰਗਾਂ ਨੂੰ ਜਲਦ ਮੰਨੇ।ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਨੇ ਜਲਦੀ ਹੀ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤੇ ਆਗੂਆਂ ਨੂੰ ਰਿਹਾਅ ਨਾ ਕੀਤਾ ਤਾਂ ਪੰਜਾਬ ਅੰਦਰ ਸੰਘਰਸ਼ ਨੂੰ ਹੋਰ ਤਿੱਖਾ ਅਤੇ ਵਿਆਪਕ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਮਿਸ਼ਨ 2027 'ਚ ਕਾਂਗਰਸ ਦੀ ਵਾਪਸੀ ਨੂੰ ਲੈ ਕੇ ਹਰਦਿਆਲ ਕੰਬੋਜ ਵੱਲੋਂ ਪ੍ਰਚਾਰ ਤੇਜ਼



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਮਿਸ਼ਨ 27 ਨੂੰ ਲੈ ਕੇ ਕਾਂਗਰਸ ਦੀ ਵਾਪਸੀ ਲਈ ਸਾਬਕਾ ਵਿਧਾਇਕ ਹਰਦਿਆਲ ਕੰਬੋਜ ਵੱਲੋਂ ਆਪਣਾ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਆਮ ਲੋਕਾਂ ਅਤੇ ਗਰੀਬ ਵਰਗ ਦੀਆਂ ਸਮੱਸਿਆਵਾਂ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਤੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਇਸ ਸਮੇਂ ਗਰਾਊਂਡ ਲੈਵਲ 'ਤੇ ਪੂਰੀ ਤਰ੍ਹਾਂ ਡਟੇ ਹੋਏ ਹਨ।ਹਰਦਿਆਲ ਕੰਬੋਜ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਿਰਫ਼ ਸੁਣਨ ਤੱਕ ਹੀ ਸੀਮਤ ਨਹੀਂ ਰਹਿੰਦੇ, ਸਗੋਂ ਉਨ੍ਹਾਂ ਦੇ ਹੱਲ ਲਈ -ਪ੍ਰਸ਼ਾਸਨ ਅਤੇ ਸਰਕਾਰ ਦੇ ਸਾਹਮਣੇ ਆਵਾਜ਼ ਬੁਲੰਦ ਕਰਦੇ ਦਰ ਆ ਰਹੇ ਹਨ। ਹਰਦਿਆਲ ਸਿੰਘ ਕੰਬੋਜ ਨੇ ਕਿਹਾ ਕਿ ਪੰਜਾਬ 'ਚ ਕਾਂਗਰਸ ਵੱਲੋਂ ਤਿਆਰ ਕੀਤਾ ਜਾਣ ਵਾਲਾ ਮੈਨੀਫੈਸਟੋ ਸਿਰਫ਼ ਪਾਰਟੀ ਦਾ ਦਸਤਾਵੇਜ਼ ਨਹੀਂ, ਸਗੋਂ ਆਮ ਲੋਕਾਂ ਦੀਆਂ ਉਮੀਦਾਂ ਅਤੇ ਸਮੱਸਿਆਵਾਂ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਜਾਵੇਗਾ ਤੇ ਇਹ ਲੋਕਾਂ ਦਾ ਮੈਨੀਫੈਸਟੋ ਹੋਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀਆਂ ਜਿਹੜੀਆਂ ਮੁੱਖ ਸਮੱਸਿਆਵਾਂ ਹਨ, ਉਨ੍ਹਾਂ ਨੂੰ ਮੈਨੀਫੈਸਟੋ 'ਚ ਤਰਜ਼ੀਹ ਦਿੱਤੀ ਜਾਵੇਗੀ ਤੇ ਲੋਕਾਂ ਦੀ ਰਾਏ ਨੂੰ ਅਹਿਮੀਅਤ ਦਿੱਤੀ ਜਾਵੇਗੀ।ਕੰਬੋਜ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਲੋਕਾਂ ਵਿੱਚ ਵਿਚਰਦੇ ਹੋਏ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਤੇ ਉਨ੍ਹਾਂ ਦੇ ਹੱਲ ਲਈ ਯਤਨ ਕਰਦੇ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਰਾਜਨੀਤੀ ਦਾ ਅਸਲ ਮਕਸਦ ਲੋਕਾਂ ਦੀ ਸੇਵਾ ਕਰਨਾ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਵਿੱਚ ਉਨ੍ਹਾਂ ਦੇ ਨਾਲ ਖੜ੍ਹਨਾ ਹੈ।ਇਸੇ ਸੋਚ ਤਹਿਤ ਉਹ ਲਗਾਤਾਰ ਲੋਕਾਂ ਨਾਲ ਸੰਪਰਕ ਵਿੱਚ ਰਹਿ ਕੇ ਉਨ੍ਹਾਂ ਦੇ ਮਸਲਿਆਂ ਨੂੰ ਉਠਾ ਰਹੇ ਹਨ।

## ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ



**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਬਰਸੀ 'ਤੇ ਉਨ੍ਹਾਂ ਨੂੰ ਬਲਾਕ ਕਾਂਗਰਸ ਤਰਫੋਂ ਆਪਣੇ ਸਾਥੀਆਂ ਨਾਲ ਮਿਲ ਕੇ ਸ਼ਰਧਾ ਤੇ ਸਤਿਕਾਰ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ ਕਿ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨੇ ਪੰਜਾਬ ਵਿੱਚ ਅੱਤਵਾਦ ਤੇ ਵੱਖਵਾਦ ਨੂੰ ਖਤਮ ਕਰਨ ਲਈ ਆਪਣੀ ਜਾਨ ਦੀ ਸ਼ਹਾਦਤ ਦਿੱਤੀ, ਪਰ ਪੰਜਾਬ ਨੂੰ ਖੁਸ਼ਹਾਲ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਰੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਕ੍ਰਿਸ਼ਨ ਦੇਵ ਜੋਗੀਮਾਜਰਾ ਮੈਂਬਰ ਬਲਾਕ ਸੰਮਤੀ, ਗੁਰਪ੍ਰੀਤ ਸਿੰਘ ਚੋਪੜਾ ਮੀਡੀਆ ਇੰਚਾਰਜ, ਜਗਰੂਪ ਸਿੰਘ ਫੌਜੀ ਰਾਮਗੜ੍ਹ ਸਰਦਾਰਾ, ਬਲਜੀਤ ਸਿੰਘ ਰਾਮਗੜ੍ਹ ਸਰਦਾਰਾ, ਮਨਦੀਪ ਸਿੰਘ ਹੰਬੜਾ, ਸੋਨੀ ਹੰਬੜਾ, ਨਿਰਭੈ ਸਿੰਘ ਗਿੱਲ ਬੇਰਕਲਾਂ ਜਰਨਲ ਸਕੱਤਰ, ਗੋਰਾ ਸਿੰਘ ਪੰਚ, ਮੇਘ ਸਿੰਘ ਬੇਰਕਲਾਂ ਸਕੱਤਰ, ਰਿੰਪਾ ਸਿੰਘ ਬੇਰਕਲਾਂ, ਬਲਜੀਤ ਸਿੰਘ ਕਿਲਾ ਹਾਸ ਸਾਬਕਾ ਸਰਪੰਚ, ਲੱਕੀ ਸਰਪੰਚ ਕਿਲਾ ਹਾਸ਼, ਪਰਮਜੀਤ ਸਿੰਘ ਕਾਲਾ ਝੱਮਟ ਮੀਤ ਪ੍ਰਧਾਨ, ਸੋਨੀ ਮਦਨੀਪੁਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਨਿੱਕੇ ਕਦਮ ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਨੂੰ ਮਿਲੇਗਾ ਹੁਲਾਰਾ

**ਭਵਾਨੀਗੜ੍ਹ (ਰਾਜ ਖੁਰਮੀ)**

ਮਹਿਲਾ ਤੇ ਬਾਲ ਵਿਕਾਸ ਵਿਭਾਗ ਵੱਲੋਂ 0 ਤੋਂ 3 ਸਾਲ ਤੱਕ ਦੇ ਬੱਚਿਆਂ ਦੇ ਸਰਵਪੱਖੀ ਵਿਕਾਸ ਤੇ ਉਨ੍ਹਾਂ ਦੇ ਮਾਪਿਆਂ ਦੀ ਬੱਚਿਆਂ ਦੇ ਵਿਕਾਸ ਵਿੱਚ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਲਈ ਚਲਾਏ ਜਾ ਰਹੇ ਨਿੱਕੇ ਕਦਮ ਪ੍ਰੋਗਰਾਮ ਤਹਿਤ ਭਵਾਨੀਗੜ੍ਹ ਬਲਾਕ ਦੀਆਂ 126 ਆਂਗਣਵਾੜੀ ਵਰਕਰਾਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਗਈ।

### ਬਲਾਕ ਦੀਆਂ 126 ਆਂਗਣਵਾੜੀ ਵਰਕਰਾਂ ਨੂੰ ਦਿੱਤੀ ਵਿਸ਼ੇਸ਼ ਟ੍ਰੇਨਿੰਗ



ਇਹ ਟ੍ਰੇਨਿੰਗ 26 ਤੋਂ 31 ਅਗਸਤ ਤੱਕ ਕਰਾਈ ਗਈ।ਇਹ ਸਿਖਲਾਈ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪ੍ਰਦੀਪ ਸਿੰਘ ਗਿੱਲ ਤੇ ਸੀ.ਡੀ.ਪੀ.ਓ. ਨੇਹਾ ਸਿੰਘ ਦੀ ਰਹਿਨੁਮਾਈ ਹੇਠ ਪ੍ਰੋਗਰਾਮ ਮੈਨੇਜਰ ਆਦਿਤਿਆ ਸ਼ਰਮਾ ਵੱਲੋਂ ਕਰਵਾਈ ਗਈ।ਟ੍ਰੇਨਿੰਗ ਦੌਰਾਨ ਆਂਗਣਵਾੜੀ ਵਰਕਰਾਂ ਨੂੰ ਨਿੱਕੇ ਕਦਮ ਪ੍ਰੋਜੈਕਟ ਦੇ ਉਦੇਸ਼ਾਂ, ਇਸ ਦੀ ਕਾਰਜਪ੍ਰਣਾਲੀ ਅਤੇ ਮਾਪਿਆਂ ਤੱਕ ਇਸ ਦਾ ਲਾਭ ਪੁਚਾਉਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਸਿਖਲਾਈ ਦੌਰਾਨ ਦੱਸਿਆ ਗਿਆ ਕਿ ਪ੍ਰੋਗਰਾਮ ਤਹਿਤ ਰਜਿਸਟ੍ਰੇਸ਼ਨ ਕਰਾਉਣ ਤੋਂ ਬਾਅਦ ਮਾਪਿਆਂ ਨੂੰ ਹਰ ਐਤਵਾਰ ਵਟਸਐਪ ਰਾਹੀਂ ਬੱਚੇ ਦੀ ਉਮਰ ਤੇ ਵਿਕਾਸ ਦੇ ਪੜਾਅ ਅਨੁਸਾਰ ਵੀਡੀਓਜ਼ ਪ੍ਰਾਪਤ ਹੋਣਗੀਆਂ।ਇਨ੍ਹਾਂ ਵੀਡੀਓਜ਼ ਵਿੱਚ ਬੱਚਿਆਂ ਦੇ ਬੌਧਿਕ, ਭਾਸ਼ਾਈ, ਸਮਾਜਿਕ, ਭਾਵਨਾਤਮਕ ਤੇ ਸਰੀਰਕ ਵਿਕਾਸ ਨੂੰ ਉਤਸ਼ਾਹਤ ਕਰਨ ਵਾਲੀਆਂ ਗਤੀਵਿਧੀਆਂ ਦੇ ਨਾਲ-ਨਾਲ ਖੇਡ-ਅਧਾਰਿਤ ਸਿੱਖਣ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਅਧਿਕਾਰੀਆਂ ਨੇ ਦੱਸਿਆ ਕਿ ਆਂਗਣਵਾੜੀ ਵਰਕਰਾਂ ਨੂੰ ਦਿੱਤੀ ਗਈ ਇਹ ਸਿਖਲਾਈ ਪ੍ਰੋਗਰਾਮ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।ਸੁਪਰਵਾਈਜ਼ਰਾਂ ਦੇ ਸਹਿਯੋਗ ਨਾਲ 0 ਤੋਂ 3 ਸਾਲ ਦੇ ਬੱਚਿਆਂ ਦੇ ਵੱਧ ਤੋਂ ਵੱਧ ਮਾਪਿਆਂ ਨੂੰ ਇਸ ਪ੍ਰੋਗਰਾਮ ਨਾਲ ਜੋੜਨ ਅਤੇ ਉਨ੍ਹਾਂ ਤੱਕ ਵਿਕਾਸਮੁਖੀ ਜਾਣਕਾਰੀ ਪੁਚਾਉਣ ਲਈ ਯਤਨ ਕੀਤੇ ਜਾਣਗੇ।

## ਨਸ਼ੀਲੇ ਪਦਾਰਥਾਂ ਤੇ ਸ਼ਰਾਬ ਸਮੇਤ ਮੋਟਰਸਾਈਕਲ ਬਰਾਮਦ

**ਧੂਰੀ (ਮਨੋਹਰ ਸਿੰਘ ਸੱਗੂ)**-ਉਪ ਮੰਡਲ ਪੁਲਸ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਵੱਖ-ਵੱਖ ਮਾਮਲਿਆਂ ਵਿੱਚ 15 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ।ਪੁਲਸ ਨੇ ਮੁਲਜ਼ਮਾਂ ਕੋਲੋਂ ਹੈਰੋਇਨ, ਨਸ਼ੀਲੀਆਂ ਗੋਲੀਆਂ, ਕੈਪਸੂਲ, ਨਾਜਾਇਜ਼ ਸ਼ਰਾਬ ਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ।ਡੀਐੱਸਪੀ ਧੂਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਤੇ 'ਪਿੰਡਾਂ ਦੇ ਪਹਿਰੇਦਾਰ' ਮੁਹਿੰਮ ਤਹਿਤ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਡਾ. ਰਵਜੋਤ ਗਰੇਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਕਾਰਵਾਈ ਕੀਤੀ ਗਈ।ਉਨ੍ਹਾਂ ਦੱਸਿਆ ਕਿ 24 ਤੋਂ 30 ਅਗਸਤ ਤੱਕ ਦਰਜ ਕੀਤੇ ਗਏ ਨੌਂ ਮੁਕੱਦਮਿਆਂ ਵਿੱਚ 15 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਪੁਲਸ ਅਨੁਸਾਰ ਮੁਲਜ਼ਮਾਂ ਕੋਲੋਂ 9.87 ਗ੍ਰਾਮ ਹੈਰੋਇਨ (ਚਿੱਟਾ), 255 ਨਸ਼ੀਲੀਆਂ ਗੋਲੀਆਂ, 90 ਪ੍ਰੋਗਾ ਕੈਪਸੂਲ, 12 ਬੋਤਲਾਂ ਠੇਕਾ ਦੇਸੀ ਸ਼ਰਾਬ ਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਗਿਆ। ਇਸ ਤੋਂ ਇਲਾਵਾ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਮੋਟਰ ਵਹੀਕਲ ਐਕਟ ਤਹਿਤ ਕਾਰਵਾਈ ਕਰਦਿਆਂ 236 ਵਾਹਨਾਂ ਦੇ ਚਲਾਨ ਕੀਤੇ ਗਏ।

## ਵਿਕਾਸ ਕਾਰਜਾਂ 'ਚ ਅਣਗਹਿਲੀ ਤੇ ਘਟੀਆ ਸਮੱਗਰੀ ਬਰਦਾਸ਼ਤ ਨਹੀਂ : ਸੁਖਵੀਰ ਸਿੰਘ

### ਓ ਐੱਸ ਡੀ ਤੇ ਡੀ ਸੀ ਵੱਲੋਂ ਵਿਕਾਸ ਕਾਰਜਾਂ ਦਾ ਜਾਇਜ਼ਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐੱਸਡੀ ਸੁਖਵੀਰ ਸਿੰਘ ਤੇ ਡਿਪਟੀ ਕਮਿਸ਼ਨਰ ਸੰਗਰੂਰ ਪੂਨਮਦੀਪ ਕੌਰ ਨੇ ਅੱਜ ਧੂਰੀ ਸ਼ਹਿਰ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ।ਇਸ ਮੌਕੇ ਐੱਸ ਡੀ ਐੱਮ ਡਾ. ਇਸਮਤ ਵਿਜੇ ਸਿੰਘ, ਨਗਰ ਕੌਂਸਲ ਪ੍ਰਧਾਨ ਅਮਰਜੋਤ ਕੌਰ ਤੇ ਆਮ ਆਦਮੀ ਪਾਰਟੀ ਦੇ ਆਗੂ ਮੌਜੂਦ ਸਨ।ਟੀਮ ਨੇ ਕ੍ਰਾਂਤੀ ਚੌਕ ਵਿੱਚ ਨਿਰਮਾਣ ਅਧੀਨ ਕਲਾਕ ਟਾਵਰ ਦੇ ਕੰਮ ਦਾ ਵੀ ਨਿਰੀਖਣ ਕੀਤਾ। ਓਐੱਸਡੀ ਸੁਖਵੀਰ ਸਿੰਘ ਨੇ ਕਿਹਾ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ ਦੀ ਜਾਂਚ ਕਰਨ ਦੇ ਨਾਲ ਸਬੰਧਤ ਠੇਕੇਦਾਰਾਂ ਤੋਂ ਕੰਮ ਮੁਕੰਮਲ ਹੋਣ ਦੀ ਸਮਾਂ-ਸੀਮਾ ਬਾਰੇ ਜਾਣਕਾਰੀ ਲਈ ਗਈ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੀ ਸੰਤੁਸ਼ਟੀ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਜਾਂ ਘਟੀਆ ਸਮੱਗਰੀ ਦੀ ਵਰਤੋਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ ਤੇ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਵੱਧ ਤੋਂ ਵੱਧ ਕੰਮ ਮੁਕੰਮਲ ਕਰਨ ਦਾ ਟੀਚਾ ਹੈ।ਸ਼ੇਰੋਂ ਰਜਵਾਹੇ 'ਤੇ ਬਣਨ ਵਾਲੇ ਰੇਲਵੇ ਓਵਰਬ੍ਰਿਜ ਬਾਰੇ ਉਨ੍ਹਾਂ ਕਿਹਾ ਕਿ ਪੁਲ ਦਾ ਨਿਰਮਾਣ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਕੇ ਲੋਕਾਂ ਨੂੰ ਸਮਰਪਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਧੂਰੀ ਹਲਕੇ ਦੇ ਸਰਬਪੱਖੀ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਸ ਮੌਕੇ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਗੁਰਿੰਦਰ ਸਿੰਘ ਤੇ ਹੋਰ ਤਕਨੀਕੀ ਅਧਿਕਾਰੀ ਹਾਜ਼ਰ ਸਨ।

## ਪ੍ਰਬੁੱਧ ਭਾਰਤ ਫਾਊਂਡੇਸ਼ਨ ਰਾਹੀਂ ਮੁਕਾਬਲੇ ਦੀ ਪ੍ਰੀਖਿਆ ਕਰਵਾਈ



**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਦੇ 18 ਸੈਂਟਰਾਂ 'ਚ ਮੁਕਾਬਲੇ ਦੀ ਪ੍ਰੀਖਿਆ ਕਰਵਾਈ ਗਈ। ਇਹ ਪ੍ਰੀਖਿਆ ਪ੍ਰਬੁੱਧ ਭਾਰਤ ਫਾਉਂਡੇਸ਼ਨ ਡੱਲੇਵਾਲ ਵੱਲੋਂ ਉੱਤਰੀ ਭਾਰਤ ਵਿੱਚ ਹਰ ਸਾਲ ਕਰਵਾਈ ਜਾਂਦੀ ਹੈ, ਜੋ ਕਿ ਭਾਰਤ ਰਤਨ ਡਾ. ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਵਿਚਾਰਾਂ 'ਤੇ ਅਧਾਰਤ ਹੁੰਦੀ ਹੈ। ਇਸ ਪ੍ਰੀਖਿਆ ਲਈ ਜਗਰਾਉਂ ਵਿੱਚ ਡਾ. ਸੁਰਜੀਤ ਸਿੰਘ ਦੌਧਰ ਦੀ ਰਹਿਨੁਮਾਈ ਹੇਠ ਅਠਾਰਾਂ ਸਕੂਲਾਂ ਵਿੱਚ ਪ੍ਰੀਖਿਆ ਸੈਂਟਰ ਬਣਾਏ ਗਏ ਸਨ, ਜਿਨ੍ਹਾਂ ਵਿੱਚ ਡਾਇਟ ਜਗਰਾਉਂ ਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵੱਡੇ ਸੈਂਟਰ ਬਣੇ। ਇਸ ਤੋਂ ਇਲਾਵਾ ਲੱਖਾ, ਚਕਰ, ਮਾਣੂਕੇ, ਰਾਮਾ, ਮੱਲ੍ਹਾ, ਰਸੂਲਪੁਰ, ਡੱਲਾ, ਕਾਉਂਕੇ, ਕਿਲੀ ਚਾਹਲਾਂ, ਸਿੰਘਾਂਵਾਲਾ, ਲੀਲਾਂ ਮੇਘ ਸਿੰਘ, ਸਿੱਧਵਾਂ ਬੇਟ, ਬੰਗਸੀਪੁਰਾ, ਕਮਾਲਪੁਰਾ ਤੇ ਅਖਾੜਾ ਆਦਿ ਸੈਂਟਰ ਬਣਾਏ ਗਏ। ਇਸ ਪ੍ਰੀਖਿਆ ਦੇ ਜੇਤੂ ਬੱਚਿਆਂ ਨੂੰ ਪੰਜਾਹ ਹਜ਼ਾਰ, ਵੀਹ ਹਜ਼ਾਰ ਤੇ ਦਸ ਹਜ਼ਾਰ ਦੇ ਇਨਾਮਾਂ ਤੋਂ ਇਲਾਵਾ ਸੈਂਕੜੇ ਹੋਰ ਹੌਸਲਾ ਵਧਾਊ ਇਨਾਮਾਂ ਨਾਲ ਉਤਸ਼ਾਹਤ ਕੀਤਾ ਜਾਵੇਗਾ। ਜੇਤੂ ਬੱਚਿਆਂ ਨੂੰ ਸਨਮਾਨਤ ਕਰਨ ਤੋਂ ਬਾਅਦ ਕੁਇੱਜ਼ ਮੁਕਾਬਲਾ ਵੀ ਕਰਵਾਇਆ ਜਾਵੇਗਾ ਤੇ ਦੁਬਾਰਾ ਵੱਡੀ ਇਨਾਮੀ ਰਾਸ਼ੀ ਨਾਲ ਕੁਇੱਜ਼ ਮੁਕਾਬਲੇ ਦੇ ਜੇਤੂ ਟੀਮਾਂ ਨੂੰ ਸਨਮਾਨਤ ਕੀਤਾ ਜਾਏਗਾ। ਇਸ ਤੋਂ ਇਲਾਵਾ ਬਾਮਸੇਫ ਤੇ ਡਾ. ਬੀ ਆਰ ਅੰਬੇਡਕਰ ਵੈੱਲਫੇਅਰ ਟਰੱਸਟ ਜਗਰਾਉਂ ਵੱਲੋਂ ਤਹਿਸੀਲ ਪੱਧਰੀ ਤੇ ਸਕੂਲ ਪੱਧਰ ਤੇ ਜੇਤੂ ਬੱਚਿਆਂ ਨੂੰ ਵੱਖਰੇ ਤੌਰ 'ਤੇ ਸਨਮਾਨਤ ਕੀਤਾ ਜਾਏਗਾ। ਅੱਜ ਵੱਡੇ ਪੱਧਰ 'ਤੇ ਕਰਵਾਏ ਗਏ ਮੁਕਾਬਲੇ ਦੀ ਪ੍ਰੀਖਿਆ ਵਿੱਚ ਡਾ. ਬੀ ਆਰ ਅੰਬੇਡਕਰ ਵੈੱਲਫੇਅਰ ਟਰੱਸਟ ਜਗਰਾਉਂ ਦੇ ਪ੍ਰਧਾਨ ਰਣਜੀਤ ਸਿੰਘ ਹਠੂਰ ਦੀ ਪ੍ਰਧਾਨਗੀ ਹੇਠ ਡਿਊਟੀ ਦੇਣ ਵਾਲੀ ਟੀਮ ਵਿੱਚ ਪ੍ਰਿੰਸੀਪਲ ਸੁਖਚੈਨ ਸਿੰਘ ਹੀਰਾ, ਈ. ਓ. ਮਨੋਹਰ ਸਿੰਘ, ਸੈਂਟਰ ਹੈੱਡ ਟੀਚਰ ਪ੍ਰਿਤਪਾਲ ਸਿੰਘ ਆਰਟਿਸਟ, ਡਾ. ਦਿਲਬਾਗ, ਮੈਨੇਜਰ ਜਸਵੰਤ ਰਾਏ, ਸੁਖਮਿੰਦਰ ਸਿੰਘ ਸਦਰਪੁਰਾ, ਮਾ. ਸਤਨਾਮ ਸਿੰਘ ਹਠੂਰ, ਮਾ. ਜਗਸੀਰ ਸਿੰਘ, ਈ. ਓ. ਸੁਖਦੇਵ ਸਿੰਘ, ਲੈਕ. ਗੁਰਪ੍ਰੀਤ ਸਿੰਘ, ਮੈਨੇਜਰ ਬਲਵਿੰਦਰ ਸਿੰਘ ਚੋਪੜਾ, ਮੈਨੇਜਰ ਜਸਵੀਰ ਸਿੰਘ ਭੱਟੀ, ਅਮਰਜੀਤ ਸਿੰਘ ਚੀਮਾ, ਜਗਤਾਰ ਸਿੰਘ ਚੀਮਾ, ਡਾ. ਹਰਪ੍ਰੀਤ ਸਿੰਘ, ਹੈੱਡ ਮਾਸਟਰ ਸੰਦੀਪ ਸਿੰਘ, ਪ੍ਰਿੰਸੀਪਲ ਅਵਤਾਰ ਸਿੰਘ ਚੀਮਾ, ਲੈਕ.ਕੁਲਦੀਪ ਸਿੰਘ ਰਾਏਕੋਟ, ਲੈਕ.ਅਮਰਜੀਤ ਸਿੰਘ ਚੀਮਾ, ਮਾ.ਸਰਬਜੀਤ ਸਿੰਘ ਮੱਲ੍ਹਾ, ਅਮਰ ਨਾਥ ਆਦਿ ਨੇ ਸਰਗਰਮੀ ਨਾਲ ਡਿਊਟੀਆਂ ਨਿਭਾਈਆਂ। ਆਖਰ ਵਿੱਚ ਬਾਮਸੇਫ ਤੇ ਟਰੱਸਟ ਦੇ ਪ੍ਰਧਾਨ ਰਣਜੀਤ ਸਿੰਘ ਹਠੂਰ ਨੇ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ।

## ਖ਼ੂਨਦਾਨ ਲਈ ਵੱਧ ਤੋਂ ਵੱਧ ਨੌਜਵਾਨ ਅੱਗੇ ਆਉਣ : ਅਮਨ ਢੋਟ, ਹਰਸ਼ ਢਿੱਲੋਂ



**ਸਨੌਰ (ਰਾਜਿੰਦਰ ਥਿੰਦ)**-ਮਨੁੱਖਤਾ ਦੀ ਸੇਵਾ ਤੇ ਲੋੜਵੰਦ ਮਰੀਜ਼ਾਂ ਲਈ ਖ਼ੂਨ ਦੀ ਉਪਲਬਧਤਾ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸਨੌਰ ਵਿਖੇ 13 ਸਤੰਬਰ ਨੂੰ ਵਿਸ਼ੇਸ਼ ਖ਼ੂਨਦਾਨ ਕੈਂਪ ਲਾਇਆ ਰਿਹਾ ਹੈ।ਇਹ ਖ਼ੂਨਦਾਨ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਕਰਾਇਆ ਜਾਵੇਗਾ।ਹਰਸ਼ ਢਿੱਲੋਂ ਨੇ ਦੱਸਿਆ ਕਿ ਕੈਂਪ 'ਚ ਵੱਡੀ ਗਿਣਤੀ ਵਿਚ ਨੌਜਵਾਨਾਂ ਅਤੇ ਇਲਾਕਾ ਵਾਸੀਆਂ ਵਲੋਂ ਖ਼ੂਨਦਾਨ ਕਰਨ ਦੀ ਉਮੀਦ ਹੈ।ਉਨ੍ਹਾਂ ਕਿਹਾ ਕਿ ਖ਼ੂਨਦਾਨ ਇਕ ਮਹਾਨ ਸੇਵਾ ਹੈ, ਜਿਸ ਨਾਲ ਕਿਸੇ ਲੋੜਵੰਦ ਵਿਅਕਤੀ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ।ਇਸ ਲਈ ਵੱਧ ਤੋਂ ਵੱਧ ਲੋਕਾਂ ਨੂੰ ਇਸ ਸਮਾਜ ਸੇਵੀ ਉਪਰਾਲੇ ਵਿਚ ਸ਼ਾਮਿਲ ਹੋ ਕੇ ਖ਼ੂਨਦਾਨ ਕਰਨਾ ਚਾਹੀਦਾ ਹੈ।ਹਰਸ਼ ਢਿੱਲੋਂ ਨੇ ਦੱਸਿਆ ਕਿ ਕੈਂਪ ਵਿਚ ਅਮਨਦੀਪ ਸਿੰਘ ਅਮਨ ਢੋਟ, ਸੀਨੀਅਰ ਆਗੂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਅਮਨਦੀਪ ਸਿੰਘ ਅਮਨ ਢੋਟ ਨੇ ਕਿਹਾ ਕਿ ਖ਼ੂਨਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ ਤੇ ਖ਼ੂਨ ਕਿਸੇ ਲੋੜਵੰਦ ਦੀ ਜ਼ਿੰਦਗੀ ਬਚਾਉਣ ਵਿਚ ਸਹਾਈ ਹੋ ਸਕਦਾ ਹੈ।

## ਨਸ਼ਾ ਤਸਕਰਾਂ ਦੀ ਜਾਇਦਾਦ 'ਤੇ ਚੱਲਿਆ ਪੀਲਾ ਪੰਜਾ




**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ।ਡੀਐੱਸਪੀ ਹਰਵਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਅੱਜ ਪੁਲਸ ਪ੍ਰਸ਼ਾਸਨ ਵੱਲੋਂ ਹਰਜਿੰਦਰ ਸਿੰਘ ਉਰਫ਼ ਜਿੰਦਰ ਉਰਫ਼ ਆਂਡਾ ਸੁਨਾਮ ਨਾਲ ਸਬੰਧਤ ਇਮਾਰਤ ਨੂੰ ਢਾਹੁਣ ਦੀ ਕਾਰਵਾਈ ਕੀਤੀ ਗਈ।ਪੁਲਸ ਅਨੁਸਾਰ ਇਸ ਪਰਵਾਰ ਨਾਲ ਸਬੰਧਤ ਵਿਅਕਤੀਆਂ ਖ਼ਿਲਾਫ਼ ਕੁੱਲ 33 ਮੁਕੱਦਮੇ ਦਰਜ ਹਨ, ਜਿਨ੍ਹਾਂ ਵਿੱਚੋਂ 11 ਮਾਮਲੇ ਹਰਜਿੰਦਰ ਸਿੰਘ ਖ਼ਿਲਾਫ਼ ਦੱਸੇ ਗਏ ਹਨ।ਪੁਲਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਪਹਿਲਾਂ ਕਈ ਵਾਰ ਨਸ਼ਾ ਛੱਡਣ ਤੇ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਦੂਰ ਰਹਿਣ ਦੀ ਹਦਾਇਤ ਕੀਤੀ ਗਈ, ਪਰ ਹੁਣ ਜੇਕਰ ਕੋਈ ਵਿਅਕਤੀ ਨਸ਼ਾ ਤਸਕਰੀ ਜਾਂ ਇਸ ਨਾਲ ਸਬੰਧਤ ਗਤੀਵਿਧੀਆਂ ਤੋਂ ਪਿੱਛੇ ਨਹੀਂ ਹਟਦਾ ਤਾਂ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਜਾਰੀ ਰਹੇਗੀ।ਉਨਵਾ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਆਉਣ ਵਾਲੇ ਸਮੇਂ ਵਿੱਚ ਵੀ ਨਸ਼ਾ ਤਸਕਰਾਂ ਤੇ ਉਨ੍ਹਾਂ ਨਾਲ ਜੁੜੀਆਂ ਗੈਰ-ਕਾਨੂੰਨੀ ਜਾਇਦਾਦਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ।

## ਜ਼ਿਲ੍ਹਾ ਪੱਧਰੀ ਸਕੂਲ ਖੇਡਾਂ 'ਚ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪਬਲਿਕ ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਦੇ ਵਿਦਿਆਰਥੀਆਂ ਨੇ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਸਰਪ੍ਰਸਤੀ ਹੇਠ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਇਸ ਸਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ।10+2 ਆਰਟਸ ਕਲਾਸ ਦੇ ਵਿਦਿਆਰਥੀਆ ਮੁਕੁਲ ਮੱਟੂ ਤੇ ਰਾਗਨੀ ਮੱਟੂ ਨੇ ਬਾਕਸਿੰਗ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।ਇਸੇ ਤਰ੍ਹਾਂ 10+1 ਆਰਟਸ ਕਲਾਸ ਦੀ ਵਿਦਿਆਰਥਣ ਪੱਲਵੀ ਨੇ ਵੇਟ ਲਿਫਟਿੰਗ ਵਿੱਚ ਗੋਲਡ ਮੈਡਲ ਤੇ 10+1 ਆਰਟਸ ਕਲਾਸ ਦੇ ਵਿਦਿਆਰਥੀ ਮੋਹਿਤ ਗਰਗ ਨੇ ਬਾਕਸਿੰਗ ਵਿੱਚ ਬਰੋਨਜ ਮੈਡਲ ਜਿੱਤਿਆ। ਸਕੂਲ ਖੇਡਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੁਆਰਾ ਸਨਮਾਨਤ ਕੀਤਾ ਗਿਆ।ਕਾਲਜ ਪ੍ਰਿੰਸੀਪਲ ਨੇ ਇਸ ਮੌਕੇ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਅਗਲੇਰੀਆਂ ਰਾਜ ਪੱਧਰੀ ਖੇਡਾਂ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਲਈ ਪ੍ਰੇਰਿਤ ਕੀਤਾ।

## 'ਜੇਲ੍ਹ ਭਰੋ ਅੰਦੋਲਨ' ਤਹਿਤ 21 ਕਿਸਾਨਾਂ ਦਿੱਤੀ ਗ੍ਰਿਫ਼ਤਾਰੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਪੰਜਾਬ ਸਰਕਾਰ ਵੱਲੋਂ ਸੰਵਿਧਾਨਕ ਹੱਕਾਂ ਤੇ ਸ਼ਾਂਤਮਈ ਪ੍ਰਦਰਸ਼ਨਾਂ ਨੂੰ ਦਬਾਉਣ ਦੇ ਦੋਸ਼ ਲਾਉਂਦੇ ਹੋਏ ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਵੱਲੋਂ ਸ਼ੁਰੂ ਕੀਤਾ ਗਿਆ 'ਜੇਲ੍ਹ ਭਰੋ ਅੰਦੋਲਨ' ਲਗਾਤਾਰ ਜਾਰੀ ਹੈ।ਇਸੇ ਲੜੀ ਤਹਿਤ ਸੋਮਵਾਰ 350-ਮੀਟਰ ਦੀ ਸ਼ਾਂਤਮਈ ਰਣਨੀਤੀ ਅਧੀਨ ਤੀਜੇ ਜੱਥੇ ਦੇ 21 ਹੋਰ ਕਿਸਾਨਾਂ ਨੇ ਫ਼ਰੀਦਕੋਟ ਮੋਰਚੇ ਤੋਂ ਆਪਣੀ ਸਵੈ-ਇੱਛਤ ਗ੍ਰਿਫ਼ਤਾਰੀ ਦਿੱਤੀ।

ਕਿਸਾਨ ਆਗੂਆਂ ਨੇ ਦੱਸਿਆ ਕਿ 29 ਅਗਸਤ ਨੂੰ ਲੈਂਡ ਮੋਰਗੇਜ ਬੈਂਕ ਅੱਗੇ ਧਰਨੇ 'ਚ ਸ਼ਾਮਲ ਹੋਣ ਜਾ ਰਹੇ ਕਿਸਾਨਾਂ ਨੂੰ ਰਸਤੇ ਵਿੱਚ ਰੋਕਣ ਅਤੇ ਖਨੌਰੀ-ਸ਼ੰਭੂ ਮੋਰਚੇ ਵਾਂਗ ਫ਼ਰੀਦਕੋਟ ਮੋਰਚੇ ਨੂੰ ਕੁਚਲਣ ਦੀ ਨੀਤੀ ਦੇ ਰੋਸ ਵਜੋਂ ਜਥੇਬੰਦੀ ਨੇ ਐਮਰਜੈਂਸੀ ਤੇ ਸੂਬਾ ਪੱਧਰੀ ਮੀਟਿੰਗ ਤੋਂ ਬਾਅਦ ਇਹ ਫ਼ੈਸਲਾ ਲਿਆ ਸੀ।ਆਮ ਜਨਤਾ ਨੂੰ ਸੜਕੀ ਜਾਮ ਦੀ ਪ੍ਰੇਸ਼ਾਨੀ ਤੋਂ ਬਚਾਉਣ ਲਈ ਅੰਦੋਲਨ ਦੀ ਰੂਪ-ਰੇਖਾ ਬਦਲ ਕੇ 'ਜੇਲ੍ਹ ਭਰੋ' ਮੁਹਿੰਮ ਵਿੱਚ ਤਬਦੀਲ ਕੀਤਾ ਗਿਆ ਹੈ।ਇਸ ਮੌਕੇ ਜ਼ਿਲ੍ਹਾ ਖਜ਼ਾਨਚੀ ਗੁਰਾਂਦਿੱਤਾ ਸਿੰਘ ਬਾਜਾਖਾਨਾ, ਸ਼ਿੰਦਰਪਾਲ ਸਿੰਘ (ਪ੍ਰਧਾਨ ਬਲਾਕ ਜੈਤੋ), ਬਲਜਿੰਦਰ ਸਿੰਘ ਵਾੜਾ ਭਾਈਕਾ, ਨਾਇਬ ਸਿੰਘ ਸ਼ੇਰ ਸਿੰਘ ਵਾਲਾ, ਲਵਪ੍ਰੀਤ ਸਿੰਘ ਚੱਕਸਾਹੂ, ਨਿਰਮਲ ਸਿੰਘ ਢਿਲਵਾਂ, ਸੁਖਚਰਨ ਸਿੰਘ ਕਾਲਾ, ਤੇਜਾ ਸਿੰਘ ਪੱਕਾ, ਸੁਰਜੀਤ ਸਿੰਘ ਸੇਵੇਵਾਲਾ, ਜਤਿੰਦਰਜੀਤ ਸਿੰਘ ਭਿੰਡਰ, ਹੁਸ਼ਿਆਰ ਸਿੰਘ ਸੋਨਾ ਮਿਸ਼ਰੀ ਵਾਲਾ ਤੇ ਨਾਇਬ ਸਿੰਘ ਢਿੱਲਵਾਂ ਸਮੇਤ ਵੱਡੀ ਗਿਣਤੀ ਕਿਸਾਨ ਆਗੂ ਮੌਜੂਦ ਸਨ।ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੰਗਾਂ ਦਾ ਜਲਦ ਠੋਸ ਹੱਲ ਨਾ ਕੱਢਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

### ਸਰਕਾਰ ਖ਼ਿਲਾਫ਼ ਆਰ-ਪਾਰ ਦੇ ਰੌਂਅ 'ਚ ਬੀਕੇਯੂ ਸਿੱਧੂਪੁਰ



## ਬੰਦੀ ਸਿੰਘਾਂ ਦੀ ਰਿਹਾਈ ਲਈ ਕਰਾਇਆ ਵਿਸ਼ੇਸ਼ ਧਾਰਮਿਕ ਸਮਾਗਮ



**ਬੁਢਲਾਡਾ (ਅਸ਼ੋਕ ਲਾਕੜਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਵਿਦਿਅਕ ਸੰਸਥਾ ਭਾਈ ਬਹਿਲੋ ਖ਼ਾਲਸਾ ਗਰਲਜ਼ ਕਾਲਜ, ਫਫੜੇ ਭਾਈ ਕੇ (ਮਾਨਸਾ) ਵਿਖੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ ਦੇ ਨਿਰਦੇਸ਼ਾਂ ਅਨੁਸਾਰ ਇੱਕ ਵਿਸ਼ੇਸ਼ ਧਾਰਮਿਕ ਸਮਾਗਮ ਕਰਾਇਆ ਗਿਆ।ਇਸ ਮੌਕੇ ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਤੇ ਰਿਹਾਈ ਲਈ ਕਾਲਜ ਦੀਆਂ ਵਿਦਿਆਰਥਣਾਂ ਤੇ ਸਮੁੱਚੇ ਸਟਾਫ਼ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਅਰਦਾਸ ਕੀਤੀ ਗਈ।ਇਸ ਸਮੇਂ ਕਾਲਜ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਕਾਲਜ ਵਿੱਚ ਵਿਦਿਆਰਥਣਾਂ ਨੂੰ ਦੁਨਿਆਵੀਂ ਸਿੱਖਿਆ ਦੇ ਨਾਲ-ਨਾਲ ਧਾਰਮਿਕ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਵੀ ਜੋੜਿਆ ਜਾਂਦਾ ਹੈ, ਤਾਂ ਜੁ ਬੱਚੀਆਂ ਵਿੱਚ ਆਪਣੇ ਧਰਮ ਤੇ ਵਿਰਸੇ ਪ੍ਰਤੀ ਜਾਗਰੂਕਤਾ ਆਵੇ ਤੇ ਇੱਕ ਮਜ਼ਬੂਤ ਸਮਾਜ ਦੀ ਸਿਰਜਣਾ ਹੋ ਸਕੇ।ਉਨ੍ਹਾਂ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਲਈ ਕਰਾਏ ਇਸ ਧਾਰਮਿਕ ਸਮਾਗਮ ਵਿੱਚ ਸਮੁੱਚੇ ਸਟਾਫ਼ ਤੇ ਵਿਦਿਆਰਥਣਾਂ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

## ਚੋਣ ਜ਼ਾਬਤਾ ਲਾਗੂ ਹੋਣ ਬਾਅਦ ਪੰਜਾਬ ਦਾ ਸਿਆਸੀ ਦ੍ਰਿਸ਼ ਬਦਲ ਜਾਵੇਗਾ : ਕਾਮਿਲ ਬੋਪਾਰਾਏ



**ਰਾਏਕੋਟ (ਸੰਤੋਖ ਗਿੱਲ)**-ਵਿਧਾਨ ਸਭਾ ਹਲਕਾ ਰਾਏਕੋਟ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਕਾਮਿਲ ਅਮਰ ਸਿੰਘ ਬੋਪਾਰਾਏ ਨੇ ਪਿੰਡ ਅਕਾਲਗੜ੍ਹ ਕਲਾਂ ਵਿੱਚ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਚੋਣ ਜ਼ਾਬਤਾ ਲਾਗੂ ਹੋਣ ਬਾਅਦ ਪੰਜਾਬ ਦਾ ਸਿਆਸੀ ਦ੍ਰਿਸ਼ ਪੂਰੀ ਤਰ੍ਹਾਂ ਬਦਲਿਆ ਨਾਜ਼ਰ ਆਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਦਾ ਮਨ ਬਣਾਈ ਬੈਠੇ ਹਨ, ਕਿਉਂਕਿ ਚੋਣਾਂ ਵਿੱਚ ਕੀਤੇ ਵਾਅਦਿਆਂ ਨੂੰ ਦਰਕਿਨਾਰ ਕਰ ਕੇ ਆਏ ਦਿਨ ਹੱਕ ਮੰਗਦੇ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰ ਨੌਜਵਾਨਾਂ, ਸਰਕਾਰੀ ਮੁਲਾਜ਼ਮਾਂ ਤੇ ਵਿਦਿਆਰਥੀਆਂ ਉੱਪਰ ਪੁਲਸ ਦਾ ਜਬਰ ਜਾਰੀ ਹੈ।ਪਿੰਡ ਅਕਾਲਗੜ੍ਹ ਕਲਾਂ ਵਿੱਚ ਸੱਤਾਧਾਰੀ ਧਿਰ ਨੂੰ ਸਿਆਸੀ ਝਟਕਾ ਲੱਗਿਆ, ਜਦੋਂ ਸੱਤਾਧਾਰੀ ਧਿਰ ਦੇ ਕਈ ਆਗੂ ਨੇ ਪਰਿਵਾਰਾਂ ਸਮੇਤ ਕਾਂਗਰਸ ਦਾ ਪੱਲਾ ਫੜ ਲਿਆ।ਕਾਂਗਰਸ ਪਾਰਟੀ 'ਚ ਸ਼ਾਮਲ ਹੋਣ ਵਾਲੇ ਪੰਚਾਇਤ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਲੋਕਾਂ ਨੇ ਕਾਮਿਲ ਅਮਰ ਦੀ ਅਗਵਾਈ ਕਬੂਲ ਕਰਦਿਆਂ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਸਾਥ ਦੇਣ ਦਾ ਵਾਅਦਾ ਕੀਤਾ।ਕਾਂਗਰਸੀ ਆਗੂ ਗੁਰਮੀਤ ਸਿੰਘ ਸਰਾਂ, ਪੰਚਾਇਤ ਮੈਂਬਰ ਬਲਵੰਤ ਸਿੰਘ ਬੰਟੂ, ਕਿਰਨਜੀਤ ਕੌਰ ਤੇ ਬਲਾਕ ਸੰਮਤੀ ਮੈਂਬਰ ਜਗਦੇਵ ਸਿੰਘ ਜੱਗਾ ਦੀ ਪ੍ਰੇਰਨਾ ਸਦਕਾ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕਰਦਿਆਂ ਕਾਮਿਲ ਅਮਰ ਸਿੰਘ ਨੇ ਬਣਦਾ ਮਾਣ-ਸਤਕਾਰ ਦੇਣ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕ ਕਾਂਗਰਸ ਦੀ ਲੋਕ-ਪੱਖੀ ਸੋਚ ਤੇ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਪਾਰਟੀ ਦਾ ਸਾਥ ਦੇ ਰਹੇ ਹਨ।

## ਸਫਾ 1 ਦੇ ਬਾਕੀ...

### ਡੀ ਏ 'ਤੇ ਬਣਦੇ ਵਿਆਜ...

ਸਰਕਾਰੀ ਖਜ਼ਾਨੇ 'ਤੇ ਵਿਆਜ ਦਾ ਵਾਧੂ ਬੋਝ ਪੈਣਾ ਤੈਅ ਹੈ। ਕਮੇਟੀ ਨੇ ਜ਼ੋਰ ਦੇ ਕੇ ਕਿਹਾ ਕਿ ਆਮ ਟੈਕਸਦਾਤਾ, ਜੋ ਆਪਣੇ ਟੈਕਸ ਸਮੇਂ ਸਿਰ ਭਰਦੇ ਹਨ, ਉਨ੍ਹਾਂ ਨੂੰ ਸਰਕਾਰ ਦੀਆਂ ਦੇਰੀਆਂ ਦੀ ਕੀਮਤ ਨਹੀਂ ਚੁਕਾਉਣੀ ਚਾਹੀਦੀ।

ਪੀ ਏ ਸੀ ਨੇ ਸਪੱਸ਼ਟ ਕੀਤਾ ਕਿ ਉਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕੀ ਡੀ ਏ ਜਾਂ ਅਦਾਲਤ ਵੱਲੋਂ ਦਿੱਤੇ ਵਿਆਜ ਦੇ ਖਿਲਾਫ ਨਹੀਂ ਹਨ, ਸਗੋਂ ਉਨ੍ਹਾਂ ਦੀ ਮੰਗ ਸਿਰਫ ਇਹ ਹੈ ਕਿ ਸਰਕਾਰ ਦੇਰੀ ਦੇ ਕਾਰਨਾਂ ਦੀ ਜਾਂਚ ਕਰੇ, ਕਾਨੂੰਨ ਅਨੁਸਾਰ ਜਵਾਬਦੇਹੀ ਤੈਅ ਕਰੇ ਅਤੇ ਭਵਿੱਖ ਵਿੱਚ ਅਜਿਹੇ ਵਿੱਤੀ ਨੁਕਸਾਨ ਤੋਂ ਬਚਣ ਲਈ ਸਮੇਂ ਸਿਰ ਭੁਗਤਾਨ ਦੀ ਪ੍ਰਣਾਲੀ ਬਣਾਵੇ। ਇਹ ਮੰਗ ਪੱਤਰ ਇੰਜੀ. ਕਪਿਲ ਦੇਵ, ਇੰਜੀ. ਜਸਕੀਰਤ ਸਿੰਘ, ਕੁਲਦੀਪ ਸਿੰਘ ਖਹਿਰਾ ਅਤੇ ਡਾ. ਅਮਨਦੀਪ ਸਿੰਘ ਬੈਂਸ ਵੱਲੋਂ ਜਾਰੀ ਕੀਤਾ ਗਿਆ ਹੈ।

### ਮੁਆਵਜ਼ੇ ਦੀ ਥਾਂ ...

ਮੰਗੀ ਹੈ : ਬੱਚਿਆਂ ਲਈ ਇੱਕ ਚੰਗਾ ਸਕੂਲ।'

ਅਬਦੁੱਲ ਦੇ ਪਿਤਾ ਦੀ 15 ਅਗਸਤ ਨੂੰ ਕੋਲਕਾਤਾ ਤੋਂ ਲਗਭਗ 200 ਕਿਲੋਮੀਟਰ ਦੂਰ ਇੰਦਾਸ ਪੁਲਸ ਸਟੇਸ਼ਨ ਅਧੀਨ ਆਉਂਦੇ ਬਾਂਕੁੜਾ ਦੇ ਕਰੀਸੁੰਡਾ ਪਿੰਡ ਵਿੱਚ ਪਰਵਾਰ ਦੇ ਘਰ 'ਤੇ ਹੋਏ ਹਮਲੇ ਦੌਰਾਨ ਸਿਰ ਵਿੱਚ ਗੰਭੀਰ ਸੱਟਾਂ ਲੱਗਣ ਕਾਰਨ ਮੌਤ ਹੋ ਗਈ ਸੀ। ਅਬਦੁੱਲ ਨੇ 13 ਅਗਸਤ ਨੂੰ ਆਪਣੇ ਪਿੰਡ ਦੇ ਸਰਕਾਰੀ ਸਕੂਲ ਦਾ ਦੌਰਾ ਕਰਕੇ ਉਸ ਦੀ ਹਾਲਤ ਦਾ ਜਾਇਜ਼ਾ ਲਿਆ ਅਤੇ ਇਸ ਦੇ ਬੁਨਿਆਦੀ ਢਾਂਚੇ ਵਿੱਚ ਕਮੀਆਂ ਨੂੰ ਉਜਾਗਰ ਕੀਤਾ। ਸਥਾਨਕ ਭਾਜਪਾ ਵਰਕਰਾਂ ਵਜੋਂ ਪਛਾਣੇ ਗਏ ਹਥਿਆਰਬੰਦਾਂ ਨੇ ਉਸ ਦੇ ਘਰ ਵਿੱਚ ਦਾਖਲ ਹੋ ਕੇ ਹਮਲਾ ਕਰ ਦਿੱਤਾ, ਜਿਸ ਨਾਲ ਉਹ ਤੇ ਪਿਤਾ ਜ਼ਖਮੀ ਹੋ ਗਏ। ਸੀ ਜੇ ਪੀ ਨੇ ਦੋਸ਼ ਲਗਾਇਆ ਕਿ ਹਮਲਾਵਰਾਂ ਨੇ ਅਬਦੁੱਲ ਤੋਂ ਮੁਆਫੀ ਮੰਗਣ ਲਈ ਇੱਕ ਵੀਡੀਓ ਰਿਕਾਰਡ ਕਰਨ ਦੀ ਮੰਗ ਕੀਤੀ ਕਿ ਉਸ ਨੇ ਬਾਹਰੀ ਪ੍ਰਭਾਵ ਹੇਠ ਕੰਮ ਕੀਤਾ ਹੈ। ਜਦੋਂ ਉਸ ਨੇ ਇਨਕਾਰ ਕਰ ਦਿੱਤਾ, ਤਾਂ ਹਮਲਾ ਕਰ ਦਿੱਤਾ ਗਿਆ।

## ਜਸਪਾਲੋਂ ਨੇੜੇ ਲੱਗੀ ਇੰਡਸਟਰੀ ਦੀ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਵੱਲੋਂ ਜਾਂਚ

### *ਬੋਰਵੈੱਲ ਰਾਹੀਂ ਗੰਦਾ ਪਾਣੀ ਜ਼ਮੀਨ 'ਚ ਪਾਉਣ ਸਮੇਤ 20 ਦੇ ਕਰੀਬ ਖਾਮੀਆਂ ਪਾਈਆਂ*

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਪਿੰਡ ਜਸਪਾਲੋਂ ਨੇੜੇ ਲੱਗੀ ਰਾਂਸ ਇੰਡਸਟਰੀ ਦੀ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਵੱਲੋਂ ਜਾਂਚ ਕਰਨ 'ਤੇ ਇਸ 'ਚ 20 ਖਾਮੀਆਂ ਮਿਲਣ ਦੇ ਦੋਸ਼ ਲਗਾਏ ਹਨ।ਜਾਂਚ ਵਿੱਚ ਸਹਾਮਣੇ ਆਇਆ ਕਿ ਉਕਤ ਫੈਕਟਰੀ ਵੱਲੋਂ ਬੋਰਵੈੱਲ ਰਾਹੀਂ ਗੰਦਾ ਪਾਣੀ ਜ਼ਮੀਨ 'ਚ ਪਾਇਆ ਜਾ ਰਿਹਾ ਹੈ, ਪਿੰਡ ਵਾਸੀਆਂ ਨੇ ਮੁੱਖ ਮੰਤਰੀ ਤੋਂ ਕਾਰਵਾਈ ਮੰਗ ਕੀਤੀ ਗਈ ਹੈ।ਵਿਧਾਨ ਸਭਾ ਹਲਕਾ ਖੰਨਾ ਦੇ ਪਿੰਡ ਜਸਪਾਲੋਂ ਦੀ ਰਾਂਸ ਇੰਡਸਟਰੀ ਪ੍ਰਾਈਵੇਟ ਲਿਮਟਿਡ 'ਤੇ ਪਿੰਡ ਵਾਸੀਆਂ ਨੇ ਕਥਿਤ ਤੌਰ 'ਤੇ ਪ੍ਰਦੂਸ਼ਣ ਫੈਲਾਉਣ ਦੇ ਗੰਭੀਰ ਦੋਸ਼ ਲਗਾਏ ਹਨ।ਸੁਖਜੀਤ ਸਿੰਘ, ਕੁਲਦੀਪ ਸਿੰਘ, ਲਵਪ੍ਰੀਤ ਸਿੰਘ, ਸੁਖਵਿੰਦਰ ਸਿੰਘ ਸਮੇਤ ਪਿੰਡ ਵਾਸੀਆਂ ਨੇ ਦਾਅਵਾ ਕੀਤਾ ਕਿ ਗ੍ਰਾਮ ਪੰਚਾਇਤ ਦੀ ਸ਼ਿਕਾਇਤ 'ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕੀਤੀ ਜਾਂਚ ਦੌਰਾਨ ਫੈਕਟਰੀ ਵਿੱਚ 20 ਖਾਮੀਆਂ ਸਾਹਮਣੇ ਆਈਆਂ ਹਨ।ਪਿੰਡ ਵਾਸੀਆਂ ਅਨੁਸਾਰ ਫੈਕਟਰੀ ਦਾ ਗੰਦਾ ਪਾਣੀ ਕਥਿਤ ਤੌਰ 'ਤੇ ਬਰਸਾਤੀ ਪਾਣੀ ਦੇ ਬੋਰਵੈੱਲ ਰਾਹੀਂ ਜ਼ਮੀਨ ਵਿੱਚ ਪਾਇਆ ਜਾ ਰਿਹਾ ਹੈ।ਉਨ੍ਹਾਂ ਦਾ ਦਾਅਵਾ ਹੈ ਕਿ ਜਾਂਚ ਦੌਰਾਨ ਬੋਰਵੈੱਲ ਵਾਲੀ ਥਾਂ ਦੀ ਮਿੱਟੀ ਵਿੱਚ ਜ਼ਿੰਕ ਦੀ ਮਾਤਰਾ ਵੀ ਪਾਈ ਗਈ।ਇਸ ਤੋਂ ਇਲਾਵਾ ਕਰੀਬ ਇੱਕ ਹਜ਼ਾਰ ਕਿਲੋ ਖ਼ਤਰਨਾਕ ਵੇਸਟ ਖੁੱਲ੍ਹੇ ਵਿੱਚ ਪਏ ਹੋਣ ਤੇ ਪਾਣੀ ਦੇ ਮੀਟਰਾਂ ਦੀ ਰੀਡਿੰਗ ਤੇ ਰਿਕਾਰਡ ਵਿੱਚ ਕਥਿਤ ਅੰਤਰ ਹੋਣ ਦੇ ਦੋਸ਼ ਵੀ ਲਗਾਏ ਗਏ ਹਨ।ਪਿੰਡ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮਾਮਲੇ ਦੀ ਉੱਚ ਪੱਧਰੀ ਜਾਂਚ, ਪਿੰਡ ਦੇ ਪਾਣੀ ਤੇ ਮਿੱਟੀ ਦੇ ਸੈਂਪਲਾਂ ਦੀ ਜਾਂਚ ਤੇ ਲੋਕਾਂ ਦਾ ਸਿਹਤ ਸਰਵੇਖਣ ਕਰਵਾਉਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਜੇਕਰ ਦੋਸ਼ ਸਹੀ ਪਾਏ ਜਾਂਦੇ ਹਨ ਤਾਂ ਫੈਕਟਰੀ ਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ। ਉਪਰੋਕਤ ਸੰਬੰਧੀ ਜਦੋਂ ਫੈਕਟਰੀ ਦੇ ਜਨਰਲ ਮੈਨੇਜਰ ਕੁਲਦੀਪ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਮੈਂ ਕੁਝ ਸਮੇਂ ਬਾਅਦ ਵਿੱਚ ਗੱਲ ਕਰਦਾ ਹਾਂ।ਜਦੋਂ ਉਨ੍ਹਾਂ ਨੂੰ ਦੁਬਾਰਾ ਫੋਨ ਕੀਤਾ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ। ਓਧਰ, ਫੈਕਟਰੀ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ ਸਬੰਧੀ ਜਦੋਂ ਪ੍ਰਦੂਸ਼ਣ ਬੋਰਡ ਦੇ ਐਕਸੀਅਨ ਮੋਹਿਤ ਸਿੰਗਲਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਫੈਕਟਰੀ ਮਾਲਕ ਨੂੰ ਸਪੱਸ਼ਟੀਕਰਨ ਦੇਣ ਲਈ ਹੈੱਡ ਆਫ ਪਟਿਆਲੇ ਬੁਲਾਇਆ ਗਿਆ ਸੀ।ਬੋਰਡ ਦੇ ਉੱਚ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਡਿਊਟੀ ਲਾਈ ਗਈ ਹੈ ਕਿ ਉਹ ਇਸ ਫੈਕਟਰੀ ਨੂੰ ਦੁਬਾਰਾ ਚੈੱਕ ਕਰਨ।

## ਨੈੱਟਬਾਲ ਮੁਕਾਬਲਿਆਂ 'ਚ ਸੇਂਟ ਥੈਰੇਸਾ ਕਾਨਵੈਂਟ ਸਕੂਲ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ



**ਸਮਾਣਾ (ਇਕਬਾਲ ਸਿੰਘ ਬੱਲ)**-ਸੇਂਟ ਥੈਰੇਸਾ ਕਾਨਵੈਂਟ ਸਕੂਲ ਦੀਆਂ ਵਿਦਿਆਰਥਣਾਂ ਨੇ ਜ਼ਿਲ੍ਹਾ ਪੱਧਰੀ ਨੈੱਟਬਾਲ ਮੁਕਾਬਲਿਆਂ ਵਿੱਚ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂਅ ਰੌਸ਼ਨ ਕੀਤਾ।ਮੁਕਾਬਲਿਆਂ ਵਿੱਚ ਸਕੂਲ ਦੀ ਅੰਡਰ-14 ਲੜਕੀਆਂ ਦੀ ਨੈੱਟਬਾਲ ਟੀਮ ਨੇ ਦੂਜਾ ਸਥਾਨ ਤੇ ਅੰਡਰ-17 ਲੜਕੀਆਂ ਦੀ ਨੈੱਟਬਾਲ ਟੀਮ ਨੇ ਤੀਜਾ ਸਥਾਨ ਹਾਸਲ ਕਰਕੇ ਮਾਣਮੱਤੀ ਉਪਲਬਧੀ ਪ੍ਰਾਪਤ ਕੀਤੀ।ਮੁਕਾਬਲਿਆਂ ਦੌਰਾਨ ਦੋਵੇਂ ਟੀਮਾਂ ਦੀਆਂ ਖਿਡਾਰਨਾਂ ਨੇ ਪੂਰੇ ਆਤਮ-ਵਿਸ਼ਵਾਸ, ਅਨੁਸ਼ਾਸਨ ਤੇ ਖੇਡ ਭਾਵਨਾ ਨਾਲ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ।ਖਿਡਾਰਨਾਂ ਵਿਚਕਾਰ ਸ਼ਾਨਦਾਰ ਤਾਲਮੇਲ, ਤੇਜ਼ ਰਣਨੀਤੀ ਤੇ ਜਿੱਤ ਲਈ ਉਨ੍ਹਾਂ ਦੀ ਲਗਨ ਨੇ ਉਨ੍ਹਾਂ ਦੀ ਖੇਡ ਕਾਬਲੀਅਤ ਨੂੰ ਸਾਬਤ ਕੀਤਾ।ਇਹ ਸਫ਼ਲਤਾ ਵਿਦਿਆਰਥਣਾਂ ਦੀ ਨਿਰੰਤਰ ਮਿਹਨਤ, ਅਭਿਆਸ ਤੇ ਕੋਚਾਂ ਵੱਲੋਂ ਦਿੱਤੇ ਯੋਗ ਮਾਰਗਦਰਸ਼ਨ ਦਾ ਨਤੀਜਾ ਹੈ।ਸਕੂਲ ਦੀ ਪ੍ਰਿੰਸੀਪਲ ਸਿਸਟਰ ਰੋਸ਼ਨੀ ਨੇ ਦੋਵੇਂ ਟੀਮਾਂ ਦੀਆਂ ਖਿਡਾਰਨਾਂ ਤੇ ਉਨ੍ਹਾਂ ਦੇ ਕੋਚਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਖੇਡਾਂ ਸਿਰਫ਼ ਜਿੱਤ-ਹਾਰ ਤੱਕ ਸੀਮਿਤ ਨਹੀਂ ਹੁੰਦੀਆਂ, ਸਗੋਂ ਇਹ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ ਭਾਵਨਾ ਤੇ ਅਗਵਾਈ ਦੇ ਗੁਣ ਪੈਦਾ ਕਰਦੀਆਂ ਹਨ।ਸਕੂਲ ਪ੍ਰਬੰਧਨ ਨੇ ਵੀ ਖਿਡਾਰਨਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਇਨ੍ਹਾਂ ਵਿਦਿਆਰਥਣਾਂ ਨੇ ਆਪਣੀ ਮਿਹਨਤ ਅਤੇ ਪ੍ਰਤਿਭਾ ਨਾਲ ਜ਼ਿਲ੍ਹਾ ਪੱਧਰ 'ਤੇ ਸਕੂਲ ਦੀ ਪਛਾਣ ਨੂੰ ਹੋਰ ਮਜ਼ਬੂਤ ਕੀਤਾ ਹੈ।ਉਨ੍ਹਾਂ ਨੂੰ ਭਵਿੱਖ ਵਿੱਚ ਹੋਣ ਵਾਲੇ ਮੁਕਾਬਲਿਆਂ ਲਈ ਹੋਰ ਮਿਹਨਤ ਕਰਨ ਅਤੇ ਨਵੀਆਂ ਉਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਕਵੀ ਦਰਬਾਰ ਤੇ ਸਨਮਾਨ ਸਮਾਰੋਹ



ਧਾਰੀਵਾਲ (ਗੁਰਦਾਸਪੁਰ) (ਮਨਦੀਪ ਵਿੱਕੀ, ਜਨਕ ਮਹਾਜਨ)- ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਸਹਿਯੋਗ ਨਾਲ ਸਥਾਨਕ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਵਿਸ਼ਾਲ ਕਵੀ-ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਰੋਹ ਦੀ ਪ੍ਰਧਾਨਗੀ ਡਾ. ਸੁਰਿੰਦਰ ਮੰਡ, ਡਾ.ਲੇਖ ਰਾਜ, ਡਾ. ਸਰਵਜੀਤ ਸਿੰਘ ਮੁਕੇਰੀਆਂ, ਪੰਮੀ ਦਿਵੇਦੀ, ਮੱਖਣ ਕੁਹਾੜ, ਡਾ. ਜਸਵਿੰਦਰ ਕੌਰ ਨਾਗਰਾ, ਡਾ.ਸੁਰਿੰਦਰ ਸਾਂਤ ਅਤੇ ਤਰਸੇਮ ਸਿੰਘ ਭੰਗੂ ਨੇ ਸਾਂਝੇ ਤੌਰ 'ਤੇ ਕੀਤੀ। ਪ੍ਰੋਗਰਾਮ ਦਾ ਆਗਾਜ਼ ਸਾਹਿਤ ਕੇਂਦਰ ਦੇ ਜਨਰਲ ਸਕੱਤਰ ਮੰਗਤ ਚੰਚਲ ਵੱਲੋਂ ਮੰਚ ਸੰਚਾਲਨ ਸੰਭਾਲਦਿਆਂ ਕਾਰਵਾਈ ਨੂੰ ਅੱਗੇ ਤੋਰਿਆ। ਸਮੂਹ ਹਾਜ਼ਰੀਨ ਵੱਲੋਂ ਪਿਛਲੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਪੱਤਰਕਾਰ ਅਤੇ ਲੇਖਕ ਧਰਮਪਾਲ ਉਪਾਸ਼ਕ ਨੂੰ ਯਾਦ ਕਰਦਿਆਂ ਦੋ ਮਿੰਟ ਦਾ ਮੌਨ ਰੱਖਵਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉਪਰੰਤ ਪ੍ਰਿੰਸੀਪਲ ਡਾ. ਜਸਵਿੰਦਰ ਕੌਰ ਨਾਗਰਾ ਵੱਲੋਂ ਹਾਜ਼ਰ ਸਮੂਹ ਸਾਹਿਤਕਾਰਾਂ ਅਤੇ ਮਹਿਮਾਨਾਂ ਨੂੰ ਭਾਵਪੂਰਤ ਜੀ ਆਇਆਂ ਆਖਿਆ। ਇਸ ਮੌਕੇ ਬੁੱਧੀਜੀਵੀ ਬਨਾਮ ਦਿਮਾਗੀ ਨਕਸਲ ਵਿਸ਼ੇ 'ਤੇ ਵਿਚਾਰ ਚਰਚਾ ਕਰਦਿਆਂ ਸਮਾਜਕ ਘਟਨਾਵਾਂ 'ਤੇ ਪਾਰਖੂ ਨਜ਼ਰ ਰੱਖਣ ਵਾਲੇ ਪ੍ਰਬੁੱਧ ਚਿੰਤਕ ਅਤੇ ਮੁੱਖ ਬੁਲਾਰੇ ਡਾ. ਸੁਰਿੰਦਰ ਮੰਡ ਨੇ ਕਿਹਾ ਭਾਰਤੀ ਸੰਵਿਧਾਨ ਭਾਰਤ ਦੇ ਲੋਕਾਂ ਨੂੰ ਆਪਣੇ ਹੱਕਾਂ-ਹਕੂਕਾਂ ਲਈ ਸੰਘਰਸ਼ ਕਰਨ ਅਤੇ ਆਪਣੀ ਗੱਲ ਕਹਿਣ ਦੀ ਅਜ਼ਾਦੀ ਦਿੰਦਾ ਹੈ, ਇਹੀ ਲੋਕਤੰਤਰ ਦੀ ਮੂਲ ਭਾਵਨਾ ਹੈ। ਪਰ ਭਾਰਤ ਸਰਕਾਰ ਵੱਲੋਂ ਇਨ੍ਹਾਂ ਚਿੰਤਨਸ਼ੀਲ ਅਤੇ ਸੰਘਰਸ਼ਸ਼ੀਲ ਲੋਕਾਂ ਪ੍ਰਤੀ ਨਾਂਹ ਪੱਖੀ ਪਹੁੰਚ ਰੱਖਣੀ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਦੇ ਅਸਲੋਂ ਹੀ ਉਲਟ ਹੈ ਅਤੇ ਵਿਕਰਮੀ ਵਾਲੀ ਗੱਲ ਹੈ। ਉਨ੍ਹਾਂ ਕਿਹਾ ਹਰ ਪੜ੍ਹਿਆ ਲਿਖਿਆ ਮਨੁੱਖ ਜ਼ਰੂਰੀ ਨਹੀਂ ਕਿ ਉਹ ਬੁੱਧੀਜੀਵੀ ਹੋਵੇ ਕੋਈ ਵੀ ਚਿੰਤਨਸ਼ੀਲ ਮਨੁੱਖ ਬੁੱਧੀਜੀਵੀ ਹੋ ਸਕਦਾ ਹੈ।ਉਨ੍ਹਾਂ ਕਿਹਾ ਸਾਡਾ ਮੁਲਕ ਸਮਰੱਥ ਹੁੰਦਿਆਂ ਵੀ ਲੋਕ ਬੇਰੋਜ਼ਗਾਰੀ ਵਿੱਚ ਜੀਵਨ ਬਸਰ ਕਰ ਰਹੇ ਹਨ, ਪਰ ਸਰਕਾਰਾਂ ਨੂੰ ਇਸ ਦੀ ਕੋਈ ਫ਼ਿਕਰ ਨਹੀਂ ਹੈ, ਜਿਸ ਕਰਕੇ ਲੜਾਈ ਤਾਂ ਲੋਕਾਂ ਦੀ ਮਜਬੂਰੀ ਹੈ। ਡਾ.ਸਰਵਜੀਤ ਸਿੰਘ ਨੇ ਕਿਹਾ ਕਿ ਸਰਕਾਰ ਲੋਕਾਂ ਦੇ ਸਵਾਲ ਸੁਣਨ ਦੀ ਥਾਂ ਸਵਾਲ ਕਰਨ ਵਾਲੇ ਲੋਕਾਂ ਤੋਂ ਚਿੜ੍ਹਦੀ ਹੈ, ਇਹ ਹੀ ਗੱਲ ਮਨੁੱਖ ਅਤੇ ਸਮਾਜ ਦੀ ਉਸਾਰੀ ਦੇ ਰਾਹ ਦਾ ਰੋੜਾ ਬਣਦੀ ਹੈ।ਸਾਥੀ ਮੱਖਣ ਕੁਹਾੜ ਨੇ ਕਿਹਾ ਹਾਕਮ ਜਮਾਤ ਅਤੇ ਹਾਕਮ ਸਰਕਾਰ ਇੱਕ ਸਾਂਝਾ ਅਜੰਡਾ ਚਲਾ ਰਹੇ ਹਨ, ਜਿਸ ਦਾ ਸੰਤਾਪ ਲੋਕ ਬੇਰੁਜ਼ਗਾਰੀ ਅਤੇ ਭੁੱਖਮਰੀ ਦੇ ਰੂਪ ਵਿੱਚ ਭੁਗਤ ਰਹੇ ਹਨ।

ਮਨਭਾਵਨ ਨੇ ਵਾਤਾਵਰਣ ਦੀ ਹੋ ਰਹੀ ਅੰਨ੍ਹੀ ਤਬਾਹੀ 'ਤੇ ਵਿਸਥਾਰ ਸਹਿਤ ਗੱਲ ਕੀਤੀ। ਇਸ ਮੌਕੇ ਡਾ. ਸੁਰਿੰਦਰ ਕਾਹਲੋਂ ਨੂੰ ਹਰਭਜਨ ਸਿੰਘ ਹੁੰਦਲ ਯਾਦਗਾਰੀ ਪੁਰਸਕਾਰ ਨਾਲ ਅਤੇ ਡਾ. ਮਲਕੀਅਤ ਸੁਹਲ ਨੂੰ ਦੀਵਾਨ ਸਿੰਘ ਮਹਿਰਮ ਯਾਦਗਾਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਅਤੇ ਇਹ ਸਨਮਾਨ ਪੱਤਰ ਕੁਲਵਾਰ ਸੀਤਲ ਸਿੰਘ ਗੁੰਨੋਪੁਰੀ ਅਤੇ ਬੂਟਾ ਰਾਮ ਆਜ਼ਾਦ ਵੱਲੋਂ ਪੜ੍ਹੇ ਗਏ। ਇਸ ਮਗਰੋਂ ਕਵੀ-ਦਰਬਾਰ ਦਾ ਆਗਾਜ਼ ਲੋਕ ਕਵੀ ਵਿਜੇ ਅਗਨੀਹੋਤਰੀ ਦੇ ਕ੍ਰਾਂਤੀਕਾਰੀ ਗੀਤ ਨਾਲ ਹੋਇਆ ਜਿਸ ਵਿੱਚ ਸੀਤਲ ਸਿੰਘ ਗੁੰਨੋਪੁਰੀ, ਅਜੀਤ ਕਮਲ, ਡਾ.ਨਿਰੰਜਨ, ਪ੍ਰੋਫੈਸਰ ਮਲਕੀਤ ਜੌੜਾ, ਪੰਮੀ ਦਿਵੇਦੀ, ਪ੍ਰੋਫੈਸਰ ਡਾ. ਸਤਬੀਰ ਸਿੰਘ, ਵਿਨੋਦ ਕੁਮਾਰ ਵਸਲ, ਮੰਗਤ ਚੰਚਲ, ਬੂਟਾ ਰਾਮ ਆਜ਼ਾਦ, ਤਰਸੇਮ ਸਿੰਘ ਭੰਗੂ, ਸੁਭਾਸ਼ ਦੀਵਾਨਾ, ਸਰਬਜੀਤ ਚਾਹਲ, ਸੁੱਚਾ ਸਿੰਘ ਪਸਨਾਵਾਲ, ਸੁਲਤਾਨ ਭਾਰਤੀ, ਪ੍ਰਸ਼ੋਤਮ ਸਿੰਘ ਲੱਲੀ, ਸੁਖਬੀਰ ਸਿੰਘ ਨੂਰ, ਡਾ. ਮਲਕੀਅਤ ਸੁਹਲ, ਸੁਖਵਿੰਦਰ ਰੰਧਾਵਾ, ਮਹੇਸ਼ ਚੰਦਰਭਾਨੀ, ਗੋਪਾਲ ਸ਼ਰਮਾ ਫਿਰੋਜ਼ਪੁਰੀ, ਜੋਗਿੰਦਰ ਮਾਹੀ, ਬਲਬੀਰ ਕਲਸੀ, ਦਵਿੰਦਰ ਮਗਰਾਲਾ, ਗੁਰਮੀਤ ਬਾਜਵਾ, ਰਮੇਸ਼ ਜਾਨੂੰ, ਜੇ ਪੀ ਖਰਲਾਂਵਾਲਾ, ਹਰਪਾਲ ਬੈਂਸ, ਰਾਜ ਕਲਾਨੌਰ, ਰਘਬੀਰ ਸਿੰਘ ਚਾਹਲ, ਕੁਲਜੀਤ ਸਿੰਘ ਰੰਧਾਵਾ, ਕੁਲਦੀਪ ਸਿੰਘ ਘੁੰਮਣ, ਸਰਵਿੰਦਰ ਤਿੱਬੜੀ, ਜਨਕ ਰਾਜ ਰਾਠੌਰ, ਰਤਨ ਸਿੰਘ, ਜਗਨ ਨਾਥ ਉਦੋਕੇ ਨਿਮਾਣਾ, ਬਾਲ ਕ੍ਰਿਸ਼ਨ ਅੱਲੜ ਪਿੰਡੀ, ਵਿਜੇ ਤਾਲਿਬਪੁਰ, ਜੋਗਿੰਦਰ ਦਿਲਸ਼ਾਦ ਆਦਿ ਨੇ ਖ਼ੂਬਸੂਰਤ ਰਚਨਾਵਾਂ ਪੜ੍ਹੀਆਂ। ਇਨ੍ਹਾਂ ਤੋਂ ਇਲਾਵਾ ਅਤਰ ਸਿੰਘ, ਸਤਨਾਮ ਸਿੰਘ, ਰਜਿੰਦਰ ਸਿੰਘ, ਹਰਜੀਤ ਸਿੰਘ, ਗੋਪਾਲ ਸਿੰਘ, ਕੁਲਵੰਤ ਸਿੰਘ, ਚਰਨਜੀਤ ਸਿੰਘ, ਜੋਹਣ ਸਿੰਘ, ਕਰਮਜੀਤ ਸਿੰਘ, ਰਾਹੁਲ, ਰਣਦੀਪ ਕੁਮਾਰ, ਉਦੇ ਉਜਿਆਰ ਸਿੰਘ, ਸ਼ਿਵ ਕੁਮਾਰ, ਸੁਰਿੰਦਰ ਮੋਹਨ, ਸੁਖਵਿੰਦਰ ਸਿੰਘ, ਅਸ਼ਵਨੀ ਕੁਮਾਰ, ਸੁਧੀਰ ਕੁਮਾਰ, ਜਗਦੀਪ ਸਿੰਘ ਅਤੇ ਗੁਰਮੁਖ ਸਿੰਘ ਆਦਿ ਸਾਹਿਤ ਪ੍ਰੇਮੀ ਹਾਜ਼ਰ ਸਨ। ਕਵੀ ਦਰਬਾਰ ਦਾ ਮੰਚ ਸੰਚਾਲਨ ਗੁਰਮੀਤ ਸਿੰਘ ਬਾਜਵਾ ਵੱਲੋਂ ਬਾਖ਼ੂਬੀ ਕੀਤਾ ਗਿਆ। ਅਖੀਰ ਵਿੱਚ ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾ.ਲੇਖ ਰਾਜ ਵੱਲੋਂ ਹਾਜ਼ਰ ਸਾਹਿਤਕਾਰਾਂ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਅੰਤ ਵਿੱਚ ਮੱਖਣ ਕੁਹਾੜ ਨੇ ਦੱਸਿਆ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਦੀ ਵਿਸ਼ੇਸ਼ ਇਕੱਤਰਤਾ 6 ਸਤੰਬਰ ਨੂੰ ਅਤੇ ਜਨਰਲ ਅਜਲਾਸ 13 ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਭਵਨ ਜਲੰਧਰ ਵਿਖੇ ਹੋਵੇਗਾ ਜਿਸ ਵਿੱਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਗਿਆ।

# ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਚੋਣ ਮੁਹਿੰਮ ਦੀ ਸ਼ੁਰੂਆਤ ਦਾ ਫ਼ੈਸਲਾ

ਮਜੀਠਾ (ਸੋਮਿਲ ਆਨੰਦ)- ਹਲਕਾ ਮਜੀਠਾ ਤੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਉਮੀਦਵਾਰ ਭਾਈ ਪੱਪਲਪ੍ਰੀਤ ਸਿੰਘ ਦੇ ਜੱਦੀ ਪਿੰਡ ਮਰੜੀ ਕਲਾਂ ਵਿਖੇ ਸਥਿਤ ਗੁਰਦੁਆਰਾ ਭਗਤ ਬਾਬਾ ਨਾਮਦੇਵ ਜੀ ਵਿਖੇ ਭਾਈ ਪੱਪਲਪ੍ਰੀਤ ਸਿੰਘ ਦੇ ਪਰਵਾਰ ਵੱਲੋਂ ਗੁਰੂ ਸਾਹਿਬ ਦਾ ਓਟ-ਆਸਰਾ ਲੈਂਦਿਆਂ ਹਲਕਾ ਮਜੀਠਾ ਵਿੱਚ ਚੋਣ ਮੁਹਿੰਮ ਦੀ ਸ਼ੁਰੂਆਤ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਭਗਤ ਬਾਬਾ ਨਾਮਦੇਵ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਹਲਕੇ ਦੀਆਂ ਸੇਵਾਵਾਂ ਅਤੇ ਅਗਲੀ ਰਣਨੀਤੀ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਮਜੀਠਾ ਦੀ ਸਮੁੱਚੀ ਟੀਮ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਹਾਜ਼ਰੀ ਭਰੀ। ਮੁੱਖ ਮਹਿਮਾਨਾਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਮਾਤਾ ਬਲਵਿੰਦਰ ਕੌਰ, ਭਾਈ ਅੰਮ੍ਰਿਤਪਾਲ ਸਿੰਘ ਦੇ ਚਾਚਾ ਸੁਖਚੈਨ ਸਿੰਘ ਅਤੇ ਚਾਚਾ ਪਰਗਟ ਸਿੰਘ, ਭਾਈ ਪੱਪਲਪ੍ਰੀਤ ਸਿੰਘ ਦੇ ਮਾਮਾ ਅਮਰਜੀਤ ਸਿੰਘ ਵੰਚੜੀ, ਅੰਮ੍ਰਿਤਸਰ ਸ਼ਹਿਰੀ ਤੋਂ ਅਮਨਦੀਪ ਸਿੰਘ ਭੱਡੂਆਣਾ ਜ਼ਿਲ੍ਹਾ ਪ੍ਰਧਾਨ, ਹਰਕਮਲਪ੍ਰੀਤ ਸਿੰਘ ਆਈ.ਟੀ. ਇੰਚਾਰਜ ਅੰਮ੍ਰਿਤਸਰ, ਦਲਜੀਤ ਸਿੰਘ ਮਿਆਦੀਆਂ ਹਲਕਾ ਇੰਚਾਰਜ ਰਾਜਾਸਾਂਸੀ, ਭਾਈ ਪਰਮਜੀਤ ਸਿੰਘ ਵਣੀਕੇ



ਹਲਕਾ ਇੰਚਾਰਜ ਅਟਾਰੀ, ਭਾਈ ਜੁਗਰਾਜ ਸਿੰਘ ਲਾਲੋਨੰਗਲ ਹਲਕਾ ਫਤਿਹਗੜ੍ਹ ਚੂੜੀਆਂ, ਭਾਈ ਪੱਪਲਪ੍ਰੀਤ ਸਿੰਘ ਦੇ ਪੁਰਾਣੇ ਸਾਥੀ ਭਾਈ ਪ੍ਰਿਤਪਾਲ ਸਿੰਘ ਮੀਰਾਂਕੋਟ, ਭਾਈ ਜਸਕਰਨ ਸਿੰਘ ਲੋਪੋਕੇ ਹਾਜ਼ਰ ਸਨ। ਹਲਕਾ ਮਜੀਠਾ ਦੀ ਟੀਮ ਵੱਲੋਂ ਭਾਈ ਨਾਥਵਿੰਦਰ ਸਿੰਘ ਬਾਜਵਾ ਹਲਕਾ ਇੰਚਾਰਜ ਮਜੀਠਾ, ਭਾਈ ਬਲਜਿੰਦਰ ਸਿੰਘ ਜਨਰਲ ਸਕੱਤਰ ਅੰਮ੍ਰਿਤਸਰ ਦਿਹਾਤੀ, ਭਾਈ ਜਗਰੂਪ ਸਿੰਘ ਕਾਰਜਕਾਰੀ ਮੈਂਬਰ ਅੰਮ੍ਰਿਤਸਰ ਦਿਹਾਤੀ, ਭਾਈ ਕਿਰਪਾਲ ਸਿੰਘ ਸਰਕਲ ਇੰਚਾਰਜ, ਭਾਈ ਸੁਖਦੇਵ ਸਿੰਘ ਅਤੇ ਭਾਈ ਕੰਵਲਜੀਤ ਸਿੰਘ ਸੋਹੀ ਮੀਡੀਆ ਅਤੇ ਆਈ.ਟੀ. ਇੰਚਾਰਜ ਅੰਮ੍ਰਿਤਸਰ ਦਿਹਾਤੀ ਨੇ ਸ਼ਮੂਲੀਅਤ ਕੀਤੀ। ਹਲਕਾ ਮਜੀਠਾ ਦੀ ਟੀਮ ਵੱਲੋਂ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਅਤੇ ਪਹੁੰਚੇ ਹੋਏ ਸਾਰੇ ਆਗੂਆਂ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਗਿਆ ਕਿ ਹਲਕੇ ਦੀ ਸੇਵਾ ਲਈ ਪਾਰਟੀ ਦੀ ਸਮੁੱਚੀ ਟੀਮ ਇਕਜੁੱਟ ਹੋ ਕੇ ਕੰਮ ਕਰੇਗੀ। ਇਸ ਮੌਕੇ ਭਾਈ ਪੱਪਲਪ੍ਰੀਤ ਸਿੰਘ ਵੱਲੋਂ ਹਲਕਾ ਮਜੀਠਾ ਦੀ ਸੰਗਤ ਅਤੇ ਲੋਕਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਗਿਆ ਕਿ ਉਨ੍ਹਾਂ ਲਈ ਹਲਕੇ ਦੇ ਲੋਕ ਸਭ ਤੋਂ ਪਹਿਲੀ ਤਰਜੀਹ ਹੋਣਗੇ। ਉਹ ਹਲਕੇ ਵਿੱਚ ਨਸ਼ਿਆਂ ਦੀ ਸਮੱਸਿਆ ਕਾਰਨ ਆਪਣੀਆਂ ਜਾਨਾਂ ਗੁਆ ਰਹੇ ਨੌਜਵਾਨਾਂ ਨੂੰ ਬਚਾਉਣ ਲਈ ਹਰ ਸੰਭਵ ਯਤਨ ਕਰਨਗੇ। ਇਸ ਦੇ ਨਾਲ ਹੀ ਹਰ ਪਰਵਾਰ ਦੀ ਸਮਾਜਿਕ ਅਤੇ ਆਰਥਿਕ ਤੌਰ 'ਤੇ ਮਦਦ ਕਰਨ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰਨਗੇ। ਇਸ ਮੌਕੇ ਸਮੂਹ ਹਾਜ਼ਰੀਨ ਵੱਲੋਂ ਗੁਰੂ ਸਾਹਿਬ ਅੱਗੇ ਅਰਦਾਸ ਕਰਦਿਆਂ ਹਲਕਾ ਮਜੀਠਾ ਦੀ ਸੰਗਤ ਦੀ ਚੜ੍ਹਦੀ ਕਲਾ ਅਤੇ ਲੋਕ ਭਲਾਈ ਦੇ ਕਾਰਜ ਕਰਨ ਦਾ ਸੰਕਲਪ ਲਿਆ ਗਿਆ।

# ਨਸ਼ੀਲਾ ਪਦਾਰਥ ਮਿਲਣ 'ਤੇ ਨੌਜਵਾਨ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਕੇਂਦਰੀ ਜੇਲ੍ਹ ਗੁਰਦਾਸਪੁਰ ਵਿਚੋਂ ਤਲਾਸ਼ੀ ਦੌਰਾਨ ਇਕ ਕੈਦੀ ਪਾਸੋਂ ਨਸ਼ੀਲਾ ਪਦਾਰਥ ਮਿਲਣ 'ਤੇ ਮਾਮਲਾ ਦਰਜ ਕੀਤਾ ਹੈ। ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਵਲੋਂ ਮਿਲੀ ਸੂਚਨਾ ਵਿਚ ਦੱਸਿਆ ਗਿਆ ਕਿ ਕਰਨ ਜੋ ਕੇਂਦਰੀ ਜੇਲ ਗੁਰਦਾਸਪੁਰ ਵਿਖੇ ਬੰਦ ਹੈ 27 ਅਗਸਤ ਨੂੰ ਸ਼ਾਮ ਦੀ ਮੁਲਾਕਾਤ ਦੌਰਾਨ ਉਸ ਦੇ ਰਿਸ਼ਤੇਦਾਰ ਸੋਨੀਆ ਅਤੇ ਸੰਦੀਪ ਮੁਲਾਕਾਤ ਕਰਨ ਲਈ ਆਏ ਸੀ। ਮੁਲਾਕਾਤ ਖਤਮ ਹੋਣ 'ਤੇ ਜਦ ਬੰਦੀ ਆਪਣੀ ਬੈਰਕ ਵੱਲ ਨੂੰ ਜਾ ਰਿਹਾ ਸੀ ਤਾਂ ਸ਼ੱਕ ਪੈਣ 'ਤੇ ਜੇਲ੍ਹ ਕਰਮਚਾਰੀਆਂ ਵੱਲੋਂ ਬੰਦੀ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਦੀ ਜੇਬ ਵਿਚੋਂ ਚਿੱਟੇ ਰੰਗ ਦੀਆਂ ਸਲਾਈਆਂ ਬਰਾਮਦ ਹੋਈਆਂ ਜੋ ਵਜ਼ਨ ਕਰਨ 'ਤੇ 10.74 ਗ੍ਰਾਮ ਚਿੱਟੇ ਰੰਗ ਦਾ ਪਦਾਰਥ ਨਿਕਲਿਆ ਜੋ ਕਿ ਨਸ਼ੀਲਾ ਪਦਾਰਥ ਜਾਪਦਾ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਕੈਦੀ ਕਰਨ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# 'ਮਿਸ਼ਨ ਕਲੀਨ ਪੰਜਾਬ' ਤਹਿਤ ਸ਼ੈਰੀ ਕਲਸੀ ਨੇ ਸੰਭਾਲੀ ਸਫ਼ਾਈ ਮੁਹਿੰਮ ਦੀ ਕਮਾਨ

ਬਟਾਲਾ ( ਡਾਕਟਰ ਮਲਵਿੰਦਰ ਸਿੰਘ) ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੂਬੇ ਭਰ ਵਿੱਚ ਸਾਫ਼-ਸਫ਼ਾਈ ਅਤੇ ਸੈਨੀਟੇਸ਼ਨ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਚਲਾਏ ਜਾ ਰਹੇ 10 ਦਿਨਾਂ 'ਮਿਸ਼ਨ ਕਲੀਨ ਪੰਜਾਬ' ਤਹਿਤ ਹਲਕਾ ਬਟਾਲਾ ਦੇ ਵਿਧਾਇਕ ਅਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਬਟਾਲਾ ਸ਼ਹਿਰ ਵਿੱਚ ਵਿਸ਼ੇਸ਼ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ।ਇਸ ਮੌਕੇ ਮੇਅਰ ਭੁਪਿੰਦਰ ਸਿੰਘ ਬਾਜਵਾ ਵੀ ਮੌਜੂਦ



ਸਨ। ਇਸ ਮੁਹਿੰਮ ਦੌਰਾਨ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸਫ਼ਾਈ ਟੀਮਾਂ ਵੱਲੋਂ ਸੜਕਾਂ, ਜਨਤਕ ਥਾਵਾਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ ਦੀ ਸਫ਼ਾਈ ਕੀਤੀ ਗਈ। ਇਸ ਤੋਂ ਇਲਾਵਾ ਇਕੱਠੇ ਹੋਏ ਕੂੜੇ ਨੂੰ ਹਟਾਉਣ ਦੇ ਨਾਲ-ਨਾਲ ਗਾਰਬੇਜ ਵਲਨਰੇਬਲ ਪੁਆਇੰਟਸ ਅਤੇ ਬਲੈਕ ਸਪਾਟਸ ਦੀ ਵੀ ਵਿਸ਼ੇਸ਼ ਤੌਰ 'ਤੇ ਸਫ਼ਾਈ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਵਿਸ਼ੇਸ਼ ਮੁਹਿੰਮ ਦਾ ਮੁੱਖ ਮਕਸਦ ਨਗਰ ਨਿਗਮ ਬਟਾਲਾ ਦੇ ਖੇਤਰ ਵਿੱਚ ਸਫ਼ਾਈ ਪ੍ਰਬੰਧਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਅਤੇ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਸਫ਼ਾਈ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਪਛਾਣੇ ਗਏ ਸਾਰੇ ਸੰਵੇਦਨਸ਼ੀਲ ਸਥਾਨਾਂ ਦੀ ਪੂਰੀ ਤਰ੍ਹਾਂ ਸਫ਼ਾਈ ਯਕੀਨੀ ਬਣਾਈ ਜਾਵੇ ਅਤੇ ਉੱਥੇ ਮੁੜ ਕੂੜਾ ਇਕੱਠਾ ਨਾ ਹੋਣ ਦੇਣ ਲਈ ਨਿਰੰਤਰ ਨਿਗਰਾਨੀ ਕੀਤੀ ਜਾਵੇ।ਉਨ੍ਹਾਂ ਦੱਸਿਆ ਕਿ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਲੋੜੀਂਦੀ ਮੈਨਪਾਵਰ, ਮਸ਼ੀਨਰੀ ਅਤੇ ਵਾਹਨ ਤਾਇਨਾਤ ਕੀਤੇ ਗਏ ਹਨ। ਵਿਧਾਇਕ ਸ਼ੈਰੀ ਕਲਸੀ ਸਫਾਈ ਸੇਵਕਾਂ ਵਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਫ਼ਾਈ ਟੀਮਾਂ ਦਾ ਪੂਰਨ ਸਹਿਯੋਗ ਕਰਨ, ਕੂੜਾ ਨਿਰਧਾਰਤ ਸਥਾਨਾਂ 'ਤੇ ਹੀ ਸੁੱਟਣ ਅਤੇ ਜਨਤਕ ਥਾਵਾਂ ਨੂੰ ਗੰਦਾ ਨਾ ਕਰਨ।ਉਨ੍ਹਾਂ ਕਿਹਾ ਕਿ ਬਟਾਲਾ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਸਰਕਾਰੀ ਯਤਨਾਂ ਦੇ ਨਾਲ ਲੋਕਾਂ ਦੀ ਭਾਈਚਾਰਕ ਭਾਗੀਦਾਰੀ ਵੀ ਬੇਹੱਦ ਜ਼ਰੂਰੀ ਹੈ।

# ਨਵਾਂ ਪਿੰਡ ਬਹਾਦਰ ਦਾ ਸਾਲਾਨਾ ਛਿੰਝ ਮੇਲਾ 4 ਤੇ 5 ਨੂੰ

ਗੁਰਦਾਸਪੁਰ (ਜਨਕ ਮਹਾਜਨ)- ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਪੈਂਦੇ ਪਿੰਡ ਨਵਾਂ ਪਿੰਡ ਬਹਾਦਰ ਵਿਖੇ ਪੁਰਾਤਨ ਸਮੇਂ ਤੋਂ ਲੱਗਦਾ ਆ ਰਿਹਾ ਦੋ ਰੋਜ਼ਾ ਸਲਾਨਾ ਛਿੰਝ ਮੇਲਾ ਇਸ ਵਾਰ 4 ਸਤੰਬਰ ਤੋਂ 5 ਸਤੰਬਰ ਤੱਕ ਚੱਲੇਗਾ ਜਿਸ ਦੀਆਂ ਤਿਆਰੀਆਂ ਮੁਕੰਮਲ ਹੋ



ਚੁੱਕੀਆਂ ਹਨ। ਮੇਲਾ ਕਮੇਟੀ ਪ੍ਰਧਾਨ ਪਰਮਜੀਤ ਸਿੰਘ ਨੇ ਦੱਸਿਆ ਕਿ ਇਹ ਮੇਲਾ ਪਿੰਡ ਵਾਸੀਆਂ ਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਰਜਿਸਟਰੇਸ਼ਨ ਜਿਲ੍ਹਾ ਗੁਰਦਾਸਪੁਰ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਛਿੰਝ ਮੇਲਾ ਖਾਸ ਤੌਰ 'ਤੇ ਇਲਾਕੇ ਦੀ ਚੜ੍ਹਦੀ ਕਲਾ ਅਤੇ ਪਸ਼ੂਆਂ ਦੀ ਖੁਸ਼ਹਾਲੀ ਲਈ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਮੇਲੇ ਦੀ ਸ਼ੁਰੂਆਤ 4 ਸਤੰਬਰ ਨੂੰ ਹੋਵੇਗੀ ਅਤੇ ਕਬੱਡੀ ਸ਼ਾਮ 4 ਵਜੇ ਤੋਂ 6 ਵਜੇ ਤੱਕ ਹੋਵੇਗੀ ਅਤੇ ਕੁਸ਼ਤੀਆਂ 5 ਸਤੰਬਰ ਨੂੰ ਸ਼ਾਮੀ 5 ਵਜੇ ਤੋਂ 6 ਵਜੇ ਤੱਕ ਕਰਵਾਈਆਂ ਜਾਣਗੀਆਂ ਜਦੋਂ ਕਿ ਸੱਭਿਆਚਾਰਕ ਮੇਲਾ ਦੁਪਹਿਰ 1 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇਗਾ। ਇਸ ਮੌਕੇ ਮੇਲੇ ਨੂੰ ਚਾਰ ਚੰਨ ਲਗਾਉਣ ਵਾਸਤੇ ਪੰਜਾਬ ਦੀ ਪ੍ਰਸਿੱਧ ਦੋ ਗਾਣਾ ਜੋੜੀ ਹਰਜੀਤ ਸਿੱਧੂ ਅਤੇ ਪ੍ਰਵੀਨ ਦਰਦੀ ਪਹੁੰਚ ਕੇ ਇਲਾਕੇ ਦੇ ਲੋਕਾਂ ਦਾ ਮਨੋਰੰਜਨ ਕਰਨਗੇ। ਮੇਲੇ ਦੇ ਮੁੱਖ ਮਹਿਮਾਨ ਅਰੁਣਾ ਚੌਧਰੀ ਸਾਬਕਾ ਕੈਬਨਿਟ ਮੰਤਰੀ ਤੇ ਮੌਜੂਦਾ ਵਿਧਾਇਕਾ ਤੋਂ ਇਲਾਵਾ ਸੀਨੀਅਰ ਕਾਂਗਰਸੀ ਆਗੂ ਅਸ਼ੋਕ ਚੌਧਰੀ ਹੋਣਗੇ । ਉਨ੍ਹਾਂ ਦੱਸਿਆ ਕਿ ਲੜਕੀਆਂ ਤੇ ਕਬੱਡੀ ਦੇ ਸ਼ੋਅ ਮੈਚ ਵੀ ਕਰਵਾਏ ਜਾਣਗੇ ਅਤੇ ਖਿਡਾਰੀ ਤੇ ਪਹਿਲਵਾਨ ਵੀ ਜਿਸ ਵਿੱਚ ਆਪਣੇ ਜੋਹਰ ਦਿਖਾਉਣਗੇ। ਇਸ ਮੌਕੇ ਉਨ੍ਹਾਂ ਨਾਲ ਮੇਲਾ ਕਮੇਟੀ ਮੈਂਬਰ ਸਵਿੰਦਰ ਸਿੰਘ, ਬਲਦੇਵ ਸਿੰਘ, ਮੋਹਨ ਸਿੰਘ, ਬਲਵੀਰ ਸਿੰਘ ਅਤੇ ਹੋਰ ਆਗੂ ਹਾਜ਼ਰ ਸਨ।

# ਪੱਤਰਕਾਰ ਤੇ ਸਰਪੰਚ ਸੁਰਿੰਦਰਪਾਲ ਸਿੰਘ ਲੱਡੂ ਨੂੰ ਮਿਲੀਆਂ ਜਾਨੋਂ ਮਾਰਨ ਦੀਆਂ ਧਮਕੀਆਂ

ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)- ਫੀਲ਼ਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਸੀਨੀਅਰ ਮੀਤ ਪ੍ਰਧਾਨ, ਪੱਤਰਕਾਰ ਸੁਰਿੰਦਰਪਾਲ ਸਿੰਘ ਲੱਡੂ ਜੋ ਕਿ ਕਸਬਾ ਬਿਆਸ ਤੋਂ ਸਰਪੰਚ ਵੀ ਹਨ, ਅਤੇ ਉਨ੍ਹਾਂ ਦੀ ਪਤਨੀ ਕਮਲੇਸ਼ ਰਾਣੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਵੀ ਹਨ, ਨੂੰ ਬੀਤੇ ਦਿਨ ਇਕ ਅਣਜਾਣ ਫੋਨ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ । ਜਿਸ 'ਤੇ ਪੱਤਰਕਾਰ ਅਤੇ ਸਰਪੰਚ ਸੁਰਿੰਦਰਪਾਲ ਸਿੰਘ ਲੱਡੂ ਨੇ ਐਸ.ਐਸ.ਪੀ. ਅੰਮ੍ਰਿਤਸਰ ਦਿਹਾਤੀ, ਡੀ.ਐਸ.ਪੀ. ਬਾਬਾ ਬਕਾਲਾ ਸਾਹਿਬ, ਥਾਣਾ ਮੁਖੀ ਬਿਆਸ ਅਤੇ ਹੋਰ ਪੁਲਸ ਦੇ ਸੀਨੀਅਰ ਅਧਿਕਾਰੀਆਂ ਪਾਸ ਲਿਖਤੀ ਤੌਰ 'ਤੇ ਦਰਖਾਸਤ ਦੇ ਕੇ ਮੰਗ ਕੀਤੀ ਕਿ ਬੀਤੇ ਕੁਝ ਮਹੀਨੇ ਪਹਿਲਾਂ ਵੀ ਉਸ ਨੂੰ ਉਸ ਦੇ ਪਰਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ, ਜਿਸ ਕਾਰਨ ਉਨ੍ਹਾਂ ਦੇ ਪਰਵਾਰ ਵਿੱਚ ਸਹਿਮ ਦਾ ਮਾਹੌਲ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਾਡੀ ਜਾਨ ਮਾਲ ਦੀ ਰੱਖਿਆ ਕੀਤੀ ਜਾਵੇ । ਇਸ ਸਬੰਧੀ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਰਪ੍ਰਸਤ ਹਰਜੀਪ੍ਰੀਤ ਸਿੰਘ ਕੰਗ, ਕੈਪਟਨ ਸਿੰਘ ਮਹਿਤਾ, ਧਰਮਿੰਦਰ ਸਿੰਘ ਭੰਮਰਾ, ਗੁਰਪ੍ਰੀਤ ਸਿੰਘ, ਲੱਖਾ ਸਿੰਘ ਅਜ਼ਾਦ, ਬਲਵਿੰਦਰ ਸਿੰਘ ਅਠੌਲਾ, ਨਰਿੰਦਰ ਸਿੰਘ ਬਿਆਸ, ਪਰਮਜੀਤ ਸਿੰਘ ਰੱਖੜਾ, ਜਗੀਰ ਸਿੰਘ ਸਫਰੀ, ਗੌਰਵ ਜੋਸ਼ੀ, ਸੁਸ਼ੀਲ ਅਰੋੜਾ, ਬਾਬਾ ਸਤਨਾਮ ਸਿੰਘ ਚੰਨਣਕੇ, ਰਣਜੀਤ ਸਿੰਘ ਸੰਧੂ, ਸੁਰਜੀਤ ਸਿੰਘ ਬੁਤਾਲਾ, ਸੁਖਵਿੰਦਰ ਸਿੰਘ ਬੁਤਾਲਾ,



ਨਿਰਮਲ ਸਿੰਘ ਸੰਘਾ, ਸਤਨਾਮ ਸਿੰਘ ਨੌਰੰਗਪੁਰੀ ਸਮੇਤ ਪੱਤਰਕਾਰਾਂ ਨੇ ਪੱਤਰਕਾਰ ਸੁਰਿੰਦਰਪਾਲ ਸਿੰਘ ਲੱਡੂ ਨੂੰ ਮਿਲੀਆਂ ਧਮਕੀਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਪੁਲਿਸ-ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਇਸ ਦੀ ਜਾਂਚ ਪੜਤਾਲ ਕੀਤੀ ਜਾਵੇ ਅਤੇ ਸਰਪੰਚ ਲੱਡੂ ਦੇ ਪਰਵਾਰ ਦੀ ਜਾਨ ਮਾਲ ਦੀ ਰੱਖਿਆ ਕੀਤੀ ਜਾਵੇ ।

# ਸਮਾਜ ਸੇਵੀ ਪ੍ਰਭਸ਼ੇਰ ਸਿੰਘ ਫਤਿਹਾਬਾਦ ਨੇ ਜਥੇਦਾਰ ਪੰਨੂ ਨਾਲ ਕੀਤਾ ਦੁੱਖ ਸਾਂਝਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਸ਼੍ਰੋਮਣੀ ਅਕਾਲੀ ਦਲ ਦੇ ਕਸਬਾ ਸ੍ਰੀ ਗੋਇੰਦਵਾਲ ਸਾਹਿਬ ਤੋਂ ਸੀਨੀਅਰ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਥੇਦਾਰ ਪ੍ਰੇਮ ਸਿੰਘ ਪੰਨੂੰ ਦੀ ਨੂੰਹ ਬੀਬੀ ਪਰਮਜੀਤ ਕੌਰ ਪੰਨੂੰ ਜੋ ਬੀਤੇ ਦਿਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

ਇਸ ਸਬੰਧੀ ਸਮਾਜ ਸੇਵੀ ਨੌਜਵਾਨ ਆਗੂ ਪ੍ਰਭਸ਼ੇਰ ਸਿੰਘ ਫਤਿਹਾਬਾਦ ਜਥੇਦਾਰ ਪ੍ਰੇਮ ਸਿੰਘ ਪੰਨੂੰ ਨਾਲ ਦੁੱਖ ਸਾਂਝਾ ਕਰਨ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ। ਪ੍ਰਭਸ਼ੇਰ ਸਿੰਘ ਨੇ ਕਿਹਾ ਕਿ ਬੀਬੀ ਪਰਮਜੀਤ ਕੌਰ ਦੇ ਆਕਾਲ ਚਲਾਣਾ ਕਰ ਜਾਣ ਨਾਲ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਿਸ਼ ਕਰਨ ਅਤੇ ਪਿੱਛੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਮੌਕੇ ਉਨ੍ਹਾਂ ਦੇ ਨਾਲ ਰਾਜਵਿੰਦਰ ਸਿੰਘ ਸਾਬਕਾ ਸਰਪੰਚ ਛਾਪੜੀ ਸਾਹਿਬ ਤੇ ਸਾਥੀ ਹਾਜ਼ਰ ਸਨ।

# ਡੇਰਾ ਬੱਸੀ 'ਚ ਲਾਈਫ ਕੇਅਰ ਫਾਊਂਡੇਸ਼ਨ ਚੈਰੀਟੇਬਲ ਡਾਇਗਨੋਸਟਿਕ ਨਵੀਂ ਲੈਬੋਰਟਰੀ ਦੀ ਸ਼ੁਰੂਆਤ

ਬਿਆਸ (ਪਰਮਜੀਤ ਸਿੰਘ ਰੱਖੜਾ) ਲੋਕਾਂ ਨੂੰ ਬਿਹਤਰ ਅਤੇ ਸਹੂਲਤ ਭਰੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਡੇਰਾ ਬੱਸੀ ਵਿੱਚ ਪਿਛਲੇ ਕਈ ਸਾਲਾਂ ਤੋਂ ਲਾਈਫ ਕੇਅਰ ਫਾਊਂਡੇਸ਼ਨ ਚੈਰੀਟੇਬਲ ਲੈਬੋਰਟਰੀ ਬਣਾਈ ਗਈ ਸੀ। ਜੋ ਕਿ ਸ਼ਹਿਰ ਦੇ ਭੀੜ-ਭੜੱਕੇ ਵਾਲੇ ਇਲਾਕੇ ਵਿੱਚ ਸੀ, ਜਿਸ ਨੂੰ ਦੇਖਦਿਆਂ ਲਾਈਫ ਕੇਅਰ ਫਾਊਂਡੇਸ਼ਨ ਦੇ ਡਾਇਰੈਕਟਰ ਅਤੇ ਸੀ ਈ ਓ ਅਵਤਾਰ ਸਿੰਘ ਬੈਨੀਪਾਲ ਨੇ ਅੰਬਾਲਾ-ਦਿੱਲੀ ਹਾਈਵੇਅ 'ਤੇ ਲਾਈਫ ਕੇਅਰ ਫਾਊਂਡੇਸ਼ਨ ਚੈਰੀਟੇਬਲ ਡਾਇਗਨੋਸਟਿਕ ਲੈਬੋਰਟਰੀ ਇੱਕ ਬਹੁਤ ਹੀ ਸਾਫ਼-ਸੁਥਰੀ ਇਮਾਰਤ ਵਿੱਚ ਸਥਾਪਤ ਕੀਤੀ । ਇਸ ਲੈਬੋਰਟਰੀ ਵਿੱਚ ਬਹੁਤ ਹੀ ਆਧੁਨਿਕ ਮਸ਼ੀਨਾਂ ਲਗਾਈਆਂ ਗਈਆਂ ਹਨ। ਲੈਬੋਰਟਰੀ ਦੇ ਉਦਘਾਟਨ ਸਮਾਰੋਹ ਮੌਕੇ ਵੱਡੀ ਗਿਣਤੀ ਵਿੱਚ ਮਹਿਮਾਨ ਅਤੇ ਇਲਾਕਾ ਵਾਸੀ ਮੌਜੂਦ ਰਹੇ। ਇਸ ਮੌਕੇ ਮਸ਼ਹੂਰ ਪੰਜਾਬੀ ਗਾਇਕ ਅਤੇ ਅਦਾਕਾਰ ਤਰਸੇਮ ਜੱਸੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਪਦਮਸ੍ਰੀ ਜਤਿੰਦਰ ਸਿੰਘ ਸ਼ੰਟੀ, ਮੈਂਬਰ ਪੰਜਾਬ ਹਿਊਮਨ ਰਾਇਟਸ ਕਮਿਸ਼ਨ, ਚੰਡੀਗੜ੍ਹ ਵੀ ਸਮਾਗਮ ਵਿੱਚ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਲਾਈਫ ਕੇਅਰ ਫਾਊਂਡੇਸ਼ਨ ਦੇ ਡਾਇਰੈਕਟਰ ਅਤੇ ਸੀ ਈ ਓ ਅਵਤਾਰ ਸਿੰਘ ਬੈਨੀਪਾਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਲਾਈਫ ਕੇਅਰ ਫਾਊਂਡੇਸ਼ਨ ਚੈਰੀਟੇਬਲ ਡਾਇਗਨੋਸਟਿਕ ਲੈਬੋਰਟਰੀ ਦਾ ਮੁੱਖ ਉਦੇਸ਼ ਲੋਕਾਂ ਨੂੰ ਉੱਚ ਪੱਧਰੀ ਡਾਇਗਨੋਸਟਿਕ ਸਹੂਲਤਾਂ ਵਾਜਬ ਦਰਾਂ 'ਤੇ ਮੁਹੱਈਆ ਕਰਵਾਉਣਾ ਹੈ, ਤਾਂ ਜੋ ਆਮ ਲੋਕਾਂ ਨੂੰ ਸਿਹਤ ਜਾਂਚ ਲਈ ਦੂਰ-ਦੁਰਾਡੇ ਨਾ ਜਾਣਾ ਪਵੇ ਤੇ ਸੀਮਤ ਕੀਮਤਾਂ ਦੇ ਨਾਲ ਚਾਹੇ ਉਹ ਗਰੀਬ, ਦਰਮਿਆਨੇ ਵਰਗ ਦੇ ਵੀ ਪਹੁੰਚ ਕੇ ਆਪਣੇ



ਕਈ ਟੈਸਟ ਕਰਵਾ ਸਕਦੇ ਹਨ, ਜੋ ਕਿ ਬਾਹਰ ਮਾਰਕੀਟ ਦੇ ਵਿੱਚ ਬਹੁਤ ਮਹਿੰਗੇ ਹੁੰਦੇ ਹਨ, ਜੋ ਕਿ ਆਮ ਬੰਦਾ ਇਸ ਚੀਜ਼ ਤੋਂ ਵਾਂਝਾ ਹੀ ਰਹਿ ਜਾਂਦਾ ਹੈ। ਲੈਬ ਵਿੱਚ ਆਧੁਨਿਕ ਤਕਨੀਕ ਅਤੇ ਮਿਆਰੀ ਜਾਂਚ ਸਹੂਲਤਾਂ ਰਾਹੀਂ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ 'ਤੇ ਜ਼ੋਰ ਦਿੱਤਾ ਗਿਆ ਹੈ। ਬੈਨੀਪਾਲ ਨੇ ਕਿਹਾ ਕਿ ਉਹ ਸਿਹਤ ਸੇਵਾਵਾਂ ਨੂੰ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਉਣ ਅਤੇ ਸਮਾਜ ਦੇ ਲੋੜਵੰਦ ਵਰਗ ਦੀ ਮਦਦ ਕਰਨ ਲਈ ਵਚਨਬੱਧ ਹਨ। ਉਦਘਾਟਨ ਸਮਾਰੋਹ ਦੌਰਾਨ ਪਹੁੰਚੇ ਮਹਿਮਾਨਾਂ ਨੇ ਲੈਬ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਸਿਹਤ ਸੇਵਾਵਾਂ ਲੋਕਾਂ ਲਈ ਬੇਹੱਦ ਲਾਹੇਵੰਦ ਸਾਬਤ ਹੋ ਸਕਦੀਆਂ ਹਨ। ਲਾਈਫ ਕੇਅਰ ਫਾਊਂਡੇਸ਼ਨ ਚੈਰੀਟੇਬਲ ਡਾਇਗਨੋਸਟਿਕ ਲੈਬੋਰਟਰੀ ਦੀ ਸ਼ੁਰੂਆਤ ਨਾਲ ਜਿੱਥੇ ਪੰਜਾਬ ਭਰ ਵਿੱਚ ਸੰਗਤ ਨੂੰ ਸਹੂਲਤ ਮਿਲੇਗੀ, ਉਥੇ ਹਿੰਦੋਸਤਾਨ ਦੇ ਹੋਰ ਰਾਜਾਂ ਜਿਹੜੇ ਪੰਜਾਬ ਦੇ ਨਾਲ ਲੱਗਦੇ ਸੂਬੇ ਜਿਵੇਂ ਜੰਮੂ ਕਸ਼ਮੀਰ ਅਤੇ ਦਿੱਲੀ ਵੀ ਸੈਂਪਲ ਕੁਲੈਕਸ਼ਨ ਸੈਂਟਰ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਪੰਜਾਬ ਸਟੇਟ ਵਿੱਚ ਕੁੱਲ 240 ਸੈਂਟਰ ਖੋਲ੍ਹੇ ਗਏ ਹਨ ਅਤੇ ਬਹੁਤ ਜਲਦੀ ਪੰਜਾਬ ਦੇ ਹਰ ਇੱਕ ਜ਼ਿਲ੍ਹੇ ਦੇ ਹਰ ਕਸਬੇ ਵਿੱਚ ਉਹਨਾਂ ਦੀ ਟੀਮ ਜੰਗੀ ਪੱਧਰ 'ਤੇ ਸੈਂਟਰ ਖੋਲ੍ਹਣ ਜਾ ਰਹੀ ਹੈ ਤਾਂ ਜੋ ਹਰ ਇਲਾਕੇ ਦੇ ਲੋਕਾਂ ਨੂੰ ਆਧੁਨਿਕ ਡਾਇਗਨੋਸਟਿਕ ਸਹੂਲਤਾਂ ਦਾ ਇੱਕ ਨਵਾਂ ਵਿਕਲਪ ਮਿਲ ਸਕੇ। ਇੱਥੇ ਹੀ ਬਸ ਨਹੀਂ, ਬੈਨੀਪਾਲ ਨੇ ਗੱਲਬਾਤ ਦੌਰਾਨ ਦੱਸਿਆ ਕਿ ਬਹੁਤ ਹੀ ਜਲਦੀ ਲਾਈਫ ਕੇਅਰ ਫਾਊਂਡੇਸ਼ਨ ਐੱਮ ਆਰ ਆਈ ਦੀ ਮਸ਼ੀਨ ਵੀ ਲਗਾਉਣ ਜਾ ਰਹੀ ਹੈ, ਜਿਸ ਵਿੱਚ ਹਰ ਲੋੜਵੰਦ ਨੂੰ ਉਸ ਦੀ ਸਹੂਲਤ ਦਿੱਤੀ ਜਾਵੇਗੀ ਅਤੇ ਹਰ ਹਸਪਤਾਲ ਨਾਲੋਂ ਬਹੁਤ ਹੀ ਘੱਟ ਰੇਟ 'ਤੇ ਐੱਮ ਆਰ ਆਈ ਕੀਤੀ ਜਾਵੇਗੀ।

# ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਸ਼ਾਂਤੀ ਦੀ ਸਥਾਪਨਾ 'ਤੇ ਸੈਮੀਨਾਰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਕਾਦੀਆਂ ਦੇ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਅਹਿਮਦੀਆ ਜਮਾਤ ਕਾਦੀਆਂ ਵੱਲੋਂ ਸਕੂਲ ਦੇ ਸੈਮੀਨਾਰ ਹਾਲ ਵਿੱਚ 'ਵਿਦਿਅਕ ਉੱਤਮਤਾ ਰਾਹੀਂ ਸ਼ਾਂਤੀ ਦੀ ਸਥਾਪਨਾ' ਤੇ ਇੱਕ ਸੈਮੀਨਾਰ ਕੀਤਾ ਗਿਆ ।

ਇਸ ਸੈਮੀਨਾਰ ਵਿੱਚ ਅਹਿਮਦੀਆ ਜਮਾਤ ਕਾਦੀਆਂ ਵੱਲੋਂ ਜਨਾਬ ਨੂਰੁਦੀਨ ਨਾਸਿਰ, (ਅਹਿਮਦੀਆ ਸਕੌਲਰ) ਜਨਾਬ ਗਿਆਨੀ ਮੁਬਾਸ਼ਿਰ ਅਹਿਮਦ ਖਾਦਿਮ (ਅਹਿਮਦੀਆ ਸਕਾਲਰ), ਜਨਾਬ ਨੇਮਾਤੁੱਲਾ ਨਵਾਜ਼ (ਅਹਿਮਦੀਆ ਸਕਾਲਰ), ਤੇ ਅਹਿਮਦੀਆ ਜਮਾਤ ਦੇ ਸੂਬਾ ਪੰਜਾਬ ਦੇ ਇੰਚਾਰਜ ਜਨਾਬ ਜ਼ੈਨ ਚੌਧਰੀ ਸ਼ਾਮਿਲ ਹੋਏ । ਇਸ ਸੈਮੀਨਾਰ ਵਿੱਚ ਅਹਿਮਦੀਆ ਜਮਾਤ ਵੱਲੋਂ ਅੱਜ ਦੇ ਸਮੇ ਵਿੱਚ ਨੌਜਵਾਨਾਂ ਦੀ ਵਿਦਿਅਕ ਉੱਤਮਤਾ ਰਾਹੀਂ ਸ਼ਾਂਤੀ ਦੀ ਸਥਾਪਨਾ ਕਰਨ ਤੇ ਸਮਾਜ ਵਿੱਚ ਸ਼ਾਂਤੀ ਦੀ ਸਥਾਪਨਾ ਵਿੱਚ ਭੂਮਿਕਾ 'ਤੇ ਚਾਨਣ ਪਾਇਆ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ.ਸੁਨੀਤਾ ਕੌਸ਼ਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਮੂਹ ਸਟਾਫ ਵੱਲੋਂ ਸਨਮਾਨਤ ਵੀ ਕੀਤਾ ਗਿਆ।

# ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਦੀ 8 ਦੀ ਮਹਾਂ-ਪੰਚਾਇਤ ਦੀ ਤਿਆਰੀ ਸੰਬੰਧੀ ਮੀਟਿੰਗ

ਝਬਾਲ (ਹਰਜਿੰਦਰ ਸਿੰਘ ਸੋਨੀ)- ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਦੀ ਮੀਟਿੰਗ ਜਨਰਲ ਸਕੱਤਰ ਦਿਲਬਾਗ ਸਿੰਘ ਦਰਾਜਕੇ ਦੀ ਅਗਵਾਈ ਵਿੱਚ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ



ਜਗਬੀਰ ਸਿੰਘ ਬੱਬੂ ਗੰਡੀਵਿੰਡ ਦੇ ਗ੍ਰਹਿ ਵਿਖੇ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੈੱਸ ਸਕੱਤਰ ਮਨਪ੍ਰੀਤ ਸਿੰਘ ਨੇ ਕਿਹਾ ਕਿ 8 ਸਤੰਬਰ ਨੂੰ ਰਣਜੀਤ ਐਵੀਨਿਊ ਅੰਮ੍ਰਿਤਸਰ ਵਿਖੇ ਉਪਰੋਕਤ ਕਿਸਾਨ ਜਥੇਬੰਧੀ ਵਲੋਂ ਕੀਤੀ ਜਾ ਰਹੀ ਮਹਾਂ ਪੰਚਾਇਤ ਦੀ ਤਿਆਰੀ ਸੰਬੰਧੀ ਪੂਰੇ ਜ਼ੋਰ ਸ਼ੋਰ ਨਾਲ ਕਰਨ 'ਤੇ ਜ਼ੋਰ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਬਲਾਕ ਗੰਡੀਵਿੰਡ ਵਿੱਚੋਂ ਸੈਂਕੜੇ ਕਿਸਾਨ ਮਹਾਂ ਪੰਚਾਇਤ ਵਿੱਚ ਸ਼ਾਮਲ ਹੋਣਗੇ।ਇਸ ਮੌਕੇ ਪਿੰਡ ਗੰਡੀਵਿੰਡ ਦੀ ਇਕਾਈ ਦਾ ਗਠਨ ਕੀਤਾ ਗਿਆ ਜਿਸ ਵਿੱਚ ਕਰਨਪ੍ਰੀਤ ਸਿੰਘ ਨੂੰ ਇਕਾਈ ਪ੍ਰਧਾਨ ਚੁਣਿਆ ਗਿਆ ਅਤੇ ਜਗਬੀਰ ਸਿੰਘ ਬੱਬੂ ਨੂੰ ਸਿਰੋਪਾਓ ਪਾ ਕੇ ਜਥੇਬੰਦੀ ਵਿੱਚ ਸ਼ਾਮਲ ਕੀਤਾ ਗਿਆ।

ਇਸ ਮੌਕੇ ਸੂਬਾ ਜਨਰਲ ਸਕੱਤਰ ਦਿਲਬਾਗ ਸਿੰਘ ਦਰਾਜਕੇ ਵਲੋਂ ਪਿੰਡ ਗੰਡੀਵਿੰਡ ਨੂੰ 24 ਘੰਟੇ ਵੱਖਰੀ ਕੇਬਲ ਪਾਉਣ ਲਈ ਚੀਫ ਇੰਜੀਨੀਅਰ ਬਾਰਡਰ ਜ਼ੋਨ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ, ਜਿਸ 'ਤੇ ਚੀਫ ਇੰਜੀਨੀਅਰ ਨੇ ਵੱਖਰੀ ਕੇਬਲ ਪਾਉਣ ਦਾ ਭਰੋਸਾ ਦਿੱਤਾ।

ਇਸ ਮੌਕੇ ਗੁਰਪਾਲ ਸਿੰਘ ਹੈਪੀ ਦਿੱਲੀ ਗੰਡੀਵਿੰਡ ਬਲਾਕ ਦੇ ਮੀਡੀਆ ਇੰਚਾਰਜ, ਅਮਰਜੀਤ ਸਿੰਘ ਢੰਡ, ਬਲਾਕ ਪ੍ਰਧਾਨ ਮੱਸਾ ਸਿੰਘ ਢੰਡ, ਸਤਨਾਮ ਸਿੰਘ ਗੰਡੀਵਿੰਡ ਭੱਠੇ ਵਾਲੇ, ਹੀਰਾ ਸਿੰਘ ਗੰਡੀਵਿੰਡ, ਬੂਟਾ ਸਿੰਘ ਭੋਜੀਆਂ, ਗੁਰਬਿੰਦਰ ਸਿੰਘ ਗੰਡੀਵਿੰਡ, ਅਮਰੀਕ ਸਿੰਘ ਚੱਕੀ ਵਾਲੇ, ਸਾਹਿਬ ਸਿੰਘ ਢੰਡ, ਮਿਲਖਾ ਸਿੰਘ, ਰੌਬਿਨ ਸਿੰਘ ਗੰਡੀਵਿੰਡ, ਜਸ਼ਨਪ੍ਰੀਤ ਸਿੰਘ ਗੰਡੀਵਿੰਡ, ਸਵਿੰਦਰ ਸਿੰਘ ਕੁੱਕੂ ਆਦਿ ਹਾਜ਼ਰ ਸਨ।

# ਬੀ ਡੀ ਪੀ ਓ ਦਫਤਰ ਬਟਾਲਾ ਵਿਖੇ ਪਲੇਸਮੈਂਟ ਕੈਂਪ ਅੱਜ

ਬਟਾਲਾ (ਡਾਕਟਰ ਮਲਵਿੰਦਰ ਸਿੰਘ) ਸਕਿਉਰਟੀ ਐਂਡ ਇੰਟੈਲੀਜੈਂਟ ਸਰਵਿਸ ਇੰਡੀਆ ਲਿਮਟਿਡ ਵਿੱਚ ਸਕਿਉਰਟੀ ਗਾਰਡ ਲਈ (ਲੜਕਿਆਂ) ਦੀਆਂ ਪੋਸਟਾਂ ਲਈ ਇੰਟਰਵਿਊ 1 ਸਤੰਬਰ ਨੂੰ ਸਵੇਰੇ 10:00 ਤੋਂ 1:00 ਵਜੇ ਤੱਕ ਬੀ.ਡੀ.ਪੀ.ਓ ਦਫ਼ਤਰ ਬਟਾਲਾ ਵਿਖੇ ਹੋਵੇਗੀ।

ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਦੇ ਅਧਿਕਾਰੀ ਨੇ ਦੱਸਿਆ ਕਿ ਸਕਿਉਰਟੀ ਗਾਰਡ ਵਿਚ ਭਰਤੀ ਲਈ ਘੱਟੋ ਘੱਟ ਯੋਗਤਾ 10ਵੀਂ ਪਾਸ ਮੁੰਡਿਆਂ ਦੀ ਲੋੜ ਹੈ।ਉਮਰ ਸੀਮਾ 19 ਤੋਂ 40 ਸਾਲ ਤੱਕ ਅਤੇ ਕੱਦ ਘੱਟ ਤੋਂ ਘੱਟ 5 ਫੁਟ 6 ਇੰਚ ਭਾਰ 54 ਤੋਂ 90 ਕਿਲੋ, ਛਾਤੀ 80 ਸੈਟੀਮੀਟਰ ਤੋਂ 85 ਸੈਟੀਮੀਟਰ ਹੋਣੀ ਚਾਹੀਦੀ ਹੈ। ਤਨਖਾਹ 18000 ਤੋਂ 20000/ ਰੁਪਏ ਹੈ। ਉਮੀਦਵਾਰ ਆਪਣੇ ਸਾਰੇ ਜ਼ਰੂਰੀ ਦਸਤਾਵੇਜ ਜਿਵੇਂ ਕਿ 10ਵੀਂ, ਗ੍ਰੈਜੂਏਸ਼ਨ ਅਤੇ ਬਾਇਓਡਾਟਾ ਆਦਿ ਨਾਲ ਲੈ ਕੇ ਆਉਣਾ ਯਕੀਨੀ ਬਣਾਇਆ ਜਾਵੇ । ਇਹ ਭਰਤੀ ਸਾਬਕਾ ਫੌਜੀਆਂ ਲਈ ਨਹੀਂ ਹੈ।

# ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵਿਖੇ ਰਾਸ਼ਟਰੀ ਖੇਡ ਦਿਵਸ ਮਨਾਇਆ




ਝਬਾਲ (ਹਰਜਿੰਦਰ ਸਿੰਘ ਸੋਨੀ) ਸੇਵਾ ਦੇ ਪੁੰਜ ਸੰਤ ਬਾਬਾ ਖੜਕ ਸਿੰਘ ਵੱਲੋਂ ਸਥਾਪਿਤ ਅਤੇ ਬਾਬਾ ਸੰਤੋਖ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਬਾਬਾ ਬੁੱਢਾ ਕਾਲਜ,ਬੀੜ ਸਾਹਿਬ ਵਿਖੇ ਅੱਜ ਐਨ ਐਸ ਐਸ ਯੂਨਿਟ ਵੱਲੋਂ ਰਾਸ਼ਟਰੀ ਖੇਡ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ, ਸਿਹਤਮੰਦ ਜੀਵਨ ਅਤੇ ਖੇਡਾਂ ਰਾਹੀਂ ਅਨੁਸ਼ਾਸਨ ਅਤੇ ਟੀਮ ਭਾਵਨਾ ਵਿਕਸਿਤ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ।ਇਸ ਸਮਾਗਮ ਦੀ ਅਗਵਾਈ ਐਨ ਐਸ ਐਸ ਇੰਚਾਰਜ ਪ੍ਰੋ. ਸੁਖਪਾਲ ਕੌਰ ਵੱਲੋਂ ਕੀਤੀ ਗਈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਅਤੇ ਆਪਣੇ ਸਰੀਰਕ ਤੇ ਮਾਨਸਿਕ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣ ਲਈ ਪ੍ਰੇਰਿਤ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ. ਕਰਨਜੀਤ ਸਿੰਘ ਬੇਦੀ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਖੇਡ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਹਿਮ ਹਿੱਸਾ ਹਨ।ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਸਹਿਯੋਗ ਅਤੇ ਜਿੱਤ-ਹਾਰ ਨੂੰ ਸਵੀਕਾਰ ਕਰਨ ਦੀ ਭਾਵਨਾ ਪੈਦਾ ਕਰਦੀਆਂ ਹਨ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਸਰਗਰਮ ਰਹਿਣ ਲਈ ਉਤਸ਼ਾਹਿਤ ਕੀਤਾ। ਉਨਾਂ ਨੇ ਵਿਦਿਆਰਥੀਆਂ ਨੂੰ ਮੇਜਰ ਧਿਆਨ ਚੰਦ ਜੀ ਦੇ ਖੇਡਾਂ ਪ੍ਰਤੀ ਯੋਗਦਾਨ ਅਤੇ ਉਨ੍ਹਾਂ ਦੀ ਮਹਾਨ ਖੇਡ ਭਾਵਨਾ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਕਾਲਜ ਦੇ ਸਟਾਫ ਵਿੱਚ ਸ੍ਰ.ਤਜਿੰਦਰਜੀਤ ਸਿੰਘ,ਡਾ. ਅਮਰਬੀਰ ਸਿੰਘ, ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਸੁਰਿੰਦਰ ਸਿੰਘ,ਪ੍ਰੋ.ਹਰਪ੍ਰੀਤ ਕੌਰ,ਪ੍ਰੋ. ਅਕਵਿੰਦਰ ਕੌਰ, ਪ੍ਰੋ. ਚੰਦਪ੍ਰੀਤ ਕੌਰ, ਪ੍ਰੋ. ਪਲਵਿੰਦਰ ਕੌਰ ਅਤੇ ਪ੍ਰੋ. ਅੰਮ੍ਰਿਤ ਪਾਲ ਸਿੰਘ, ਸਿਮਰਨਜੀਤ ਕੌਰ ਹਾਜ਼ਰ ਸਨ।

# ਅਮਨ ਢਿੱਲੋਂ ਗੰਡੀਵਿੰਡ ਨੂੰ ਮਿਲੀ ਵੱਡੀ ਜ਼ਿੰਮੇਵਾਰੀ, ਬਣੇ ਹਲਕਾ ਯੂਥ ਪ੍ਰਧਾਨ



ਤਰਨ ਤਾਰਨ (ਮੱਖਣ ਮਨੋਜ)- ਪਿੰਡ ਗੰਡੀਵਿੰਡ ਦੇ ਨੌਜਵਾਨ ਆਗੂ ਅਮਨ ਢਿੱਲੋਂ ਗੰਡੀਵਿੰਡ ਨੂੰ ਹਲਕਾ ਯੂਥ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਮਿਲਣ 'ਤੇ ਇਲਾਕੇ 'ਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਹਲਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੇ ਅਮਨ ਢਿੱਲੋਂ ਨੂੰ ਮੁਬਾਰਕਾਂ ਦਿੱਤੀਆਂ। ਵਿਧਾਇਕ ਹਰਮੀਤ ਸਿੰਘ ਸੰਧੂ ਨੇ ਆਪਣੇ ਸ਼ੁਭਕਾਮਨਾ ਸੰਦੇਸ਼ 'ਚ ਕਿਹਾ ਕਿ ਅਮਨ ਢਿੱਲੋਂ ਇੱਕ ਮਿਹਨਤੀ, ਇਮਾਨਦਾਰ ਅਤੇ ਜੁਝਾਰੂ ਨੌਜਵਾਨ ਆਗੂ ਹਨ। ਉਨ੍ਹਾਂ ਕਿਹਾ, ਆਸ ਕਰਦੇ ਹਾਂ ਕਿ ਤੁਸੀਂ ਆਪਣੀ ਮਿਹਨਤ, ਲਗਨ ਅਤੇ ਨੌਜਵਾਨਾਂ ਨੂੰ ਨਾਲ ਲੈ ਕੇ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਹਲਕੇ ਦੀ ਨੌਜਵਾਨੀ ਦੀ ਆਵਾਜ਼ ਨੂੰ ਹੋਰ ਮਜ਼ਬੂਤ ਕਰੋਗੇ। ਉਨ੍ਹਾਂ ਅੱਗੇ ਕਿਹਾ ਕਿ ਨੌਜਵਾਨ ਹੀ ਦੇਸ਼ ਦਾ ਭਵਿੱਖ ਹਨ ਅਤੇ ਅਮਨ ਢਿੱਲੋਂ ਵਰਗੇ ਨੌਜਵਾਨਾਂ ਦੇ ਅੱਗੇ ਆਉਣ ਨਾਲ ਪਾਰਟੀ ਨੂੰ ਹਲਕੇ 'ਚ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਅਮਨ ਢਿੱਲੋਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਅਮਨ ਢਿੱਲੋਂ ਗੰਡੀਵਿੰਡ ਨੇ ਵਿਧਾਇਕ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਹਲਕੇ ਦੇ ਹਰ ਨੌਜਵਾਨ ਦੀ ਆਵਾਜ਼ ਨੂੰ ਬੁਲੰਦ ਕਰਨਗੇ।

# ਗੁੱਗਾ ਨੌਵੀਂ ਦਾ ਮੇਲਾ 5 ਨੂੰ

ਆਦਮਪੁਰ, (ਪਰਮਜੀਤ ਸਿੰਘ)- ਬਾਬਾ ਗੁੱਗਾ ਜ਼ਾਹਰ ਪੀਰ ਜੀ ਦੇ ਆਸ਼ੀਰਵਾਦ ਨਾਲ ਦਰਬਾਰ ਬਾਬਾ ਇੱਛਾਧਾਰੀ ਜੀ ਪਿੰਡ ਧੋਗੜੀ ਡੇਰਾ ਅੰਮ੍ਰਿਤਸਰੀਆਂ ਦਾ ਵਿਖੇ ਗੁੱਗਾ ਨੌਵੀ ਦਾ ਮੇਲਾ 5 ਸੰਤਬਰ ਦਿਨ ਸ਼ਨੀਵਾਰ



ਨੂੰ ਮੁੱਖ ਸੇਵਾਦਾਰ ਬਾਬਾ ਦਿਲਬਾਗ ਸ਼ਾਹ ਜੀ ਦੀ ਵਿਸ਼ੇਸ਼ ਅਗਵਾਹੀ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਬਾਬਾ ਦਿਲਬਾਗ ਸ਼ਾਹ ਨੇ ਦਸਿਆ ਕਿ ਇਨ੍ਹਾਂ ਸਮਾਗਮਾਂ ਦੇ ਸਬੰਧ ਵਿੱਚ ਦਰਬਾਰ ਵਿਖੇ 5 ਸਤੰਬਰ ਨੂੰ ਸਵੇਰੇ 11 ਵਜੇ ਝੰਡੇ ਦੀ ਰਸਮ ਹੋਵੇਗੀ, 12 ਤੋਂ 12.30 ਵਜੇ ਤੱਕ ਦਰਬਾਰ ਤੇ ਪੁੱਜੇ ਕਵਾਲ ਕਵਾਲੀਆਂ ਦਾ ਪ੍ਰੋਗਰਾਮ ਪੇਸ਼ ਕਰਨਗੇ। ਉਪਰੰਤ ਪੰਮੀ ਐਂਡ ਪਾਰਟੀ ਵੱਲੋਂ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਤੇ ਗਾਇਕ ਪੱਪੂ ਬਾਦਸ਼ਾਹ ਤੇ ਹੋਰ ਪੁੱਜੇ ਕਲਾਕਾਰ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ।ਸਮਾਗਮ ਮੌਕੇ ਤੇ ਪੰਮੀ ਮਹੰਤ ਜੀ ਚੱਬੇਵਾਲ ਹੁਸ਼ਿਆਰਪੁਰ, ਮਹੰਤ ਦੀਪਕਾ ਅਲਾਵਲਪੁਰ ਵਾਲੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕਰਨਗੇ। ਸਮਾਗਮ ਦੌਰਾਨ ਬਾਬਾ ਜੀ ਦਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਜਾਵੇਗਾ।

# ਸ਼ੈਰੀ ਕਲਸੀ ਦੀ ਅਗਵਾਈ ਹੇਠ ਕਈ ਪਰਵਾਰ 'ਆਪ' 'ਚ ਸ਼ਾਮਲ

ਬਟਾਲਾ (ਡਾਕਟਰ ਮਲਵਿੰਦਰ ਸਿੰਘ) ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀਆਂ ਵਿਕਾਸ ਅਤੇ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵਾਰਡ ਨੰਬਰ 50, ਪਿੰਡ ਗੋਖੂਵਾਲ ਤੋਂ ਟਕਸਾਲੀ ਕਾਂਗਰਸੀ ਅਤੇ ਸ਼੍ਰੋਮਣੀ ਅਕਾਲੀ ਦਲ



ਪਾਰਟੀ ਦੇ ਪਰਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ।ਵਿਧਾਇਕ ਸ਼ੈਰੀ ਕਲਸੀ ਨੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਲੋਕਾਂ ਦਾ ਵਧਦਾ ਵਿਸ਼ਵਾਸ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਮਜ਼ਬੂਤ ਹੋ ਰਹੀ ਨੀਤੀਆਂ ਅਤੇ ਲੋਕਪੱਖੀ ਕਾਰਜਾਂ ਦੀ ਗਵਾਹੀਆਂ ਭਰਦਾ ਹੈ, ਜਿਸ ਸਦਕਾ ਆਪ ਪਰਿਵਾਰ ਦਾ ਕਾਫਲਾ ਦਿਨੋ ਦਿਨ ਵੱਧ ਰਿਹਾ ਹੈ।ਗੱਲਬਾਤ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਲੋਕਾਂ ਦੇ ਸਰਬਪੱਖੀ ਵਿਕਾਸ ਤੇ ਭਲਾਈ ਸਕੀਮਾਂ ਦਾ ਲਾਭ ਪਾਰਦਰਸ਼ੀ ਢੰਗ ਨਾਲ ਦੇਣ ਲਈ ਵਚਨਬੱਧ ਹੈ। ਉਨਾਂ ਪੰਜਾਬ ਸਰਕਾਰ ਵਲੋਂ ਮਹਿਜ ਸਾਢੇ ਚਾਰ ਸਾਲਾਂ ਦੇ ਅੰਦਰ ਲਏ ਵੱਡੇ ਇਤਿਹਾਸਕ ਫੈਸਲਿਆਂ ਦੀ ਗੱਲ ਕਰਦਿਆਂ ਦੱਸਿਆ ਕਿ ਸਿੱਖਿਆ ਦਾ ਮਿਆਰ ਹੋ ਉੱਚਾ ਚੁੱਕਣ ਲਈ ਸਕੂਲ ਆਫ ਐਮੀਨੈਂਸ ਖੋਲੇ ਗਏ, ਸਿੱਖਿਆ ਦੇ ਖੇਤਰ ਵਿੱਚ ਹੋ ਸੁਧਾਰ ਦੇ ਮੰਤਵ ਨਾਲ ਅਧਿਆਪਕਾਂ ਨੂੰ ਸਿੰਘਾਪੁਰ ਵਿਖੇ ਭੇਜਿਆ। ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਖੋਲ੍ਹੇ, 600 ਯੂਨਿਟ ਬਿਜਲੀ ਦੇ ਬਿੱਲ ਮਾਫ ਕੀਤੇ, ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਸ਼ੁਰੂ ਕੀਤੀ, 10 ਲੱਖ ਰੁਪਏ ਤੱਕ ਇਲਾਜ ਕਰਵਾਉਣ ਲਈ ਸਿਹਤ ਯੋਜਨਾ ਲਾਗੂ ਕੀਤੀ, ਔਰਤਾਂ ਨੂੰ ਮੁਫਤ ਬੱਸ ਦੀ ਸਹੂਲਤ, ਕਿਰਤੀਆਂ ਦੇ ਹਿੱਤ ਲਈ ਵੱਡੇ ਫੈਸਲੇ, ਕਿਸਾਨਾਂ ਨੂੰ ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈ ਫਸਲ ਦਾ ਖਰਾਬਾ ਦੇਣ ਸਮੇਤ ਜ਼ਿਕਰਯੋਗ ਫੈਸਲੇ ਲਏ ਗਏ ਹਨ। ਬਟਾਲਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਹਲਕੇ ਅੰਦਰ ਵੱਖ-ਵੱਖ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ ਅਤੇ ਕੀਤੇ ਕੰਮ ਨਜ਼ਰ ਆ ਰਹੇ ਹਨ। ਉਨਾਂ ਦੁਹਰਾਇਆ ਕਿ ਹਲਕੇ ਦਾ ਚਹੁਪੱਖੀ ਵਿਕਾਸ ਕੰਮ ਕਰਵਾਉਣ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ।

# ਸੋਮਨਾਥ ਸਵਾਭਿਮਾਨ ਪਰਵ ਤਹਿਤ ਲੈਕਚਰ ਤੇ ਯੁਵਕ ਸੰਵਾਦ ਕਰਵਾਏ

ਬਿਆਸ, ਬਾਬਾ ਬਕਾਲਾ ਸਾਹਿਬ (ਪਰਮਜੀਤ ਸਿੰਘ ਰੱਖੜਾ, ਨਿਰਮਲ ਸਿੰਘ ਸੰਘਾ) ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ



ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਡਾ. ਕਰਮਜੀਤ ਸਿੰਘ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋਫੈਸਰ ਡਾ. ਸਰੋਜ ਅਰੋੜਾ ਦੀ ਰਹਿਨੁਮਾਈ ਹੇਠ ਅਤੇ ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਦੀ ਯੋਗ ਅਗਵਾਈ ਵਿੱਚ 'ਸੋਮਨਾਥ ਸਵਾਭਿਮਾਨ ਪਰਵ' ਤਹਿਤ ਲੈਕਚਰ ਅਤੇ ਯੁਵਕ ਸੰਵਾਦ ਕਰਵਾਇਆ ਗਿਆ। ਇਸ ਮੌਕੇ ਕਾਮਰਸ ਵਿਭਾਗ ਦੇ ਹੀਰਾ ਲਾਲ ਵੱਲੋਂ ਸੋਮਨਾਥ ਮੰਦਰ ਦੇ ਇਤਿਹਾਸ ਅਤੇ ਸੱਭਿਆਚਾਰਕ ਮਹੱਤਤਾ ਸੰਬੰਧੀ ਜਾਣਕਾਰੀ ਦਿੱਤੀ ਗਈ। ਯੁਵਕ ਸੰਵਾਦ ਦੌਰਾਨ ਬੀ ਏ ਸਮੈਸਟਰ ਪੰਜਵਾਂ ਦੇ ਹਰਸ਼ਦੀਪ ਸਿੰਘ, ਬੀ ਐੱਸ ਸੀ ਸਮੈਸਟਰ ਪੰਜਵਾਂ ਦੀਆਂ ਹਰਸਿਮਰਨ ਕੌਰ ਅਤੇ ਰਮਨਦੀਪ ਕੌਰ ਅਤੇ ਬੀ ਕਾਮ ਸਮੈਸਟਰ ਤੀਜਾ ਦੀ ਲਵਪ੍ਰੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕੀਤੇ। ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਨੇ 'ਸਵਾਭਿਮਾਨ' ਦੇ ਸੰਕਲਪ ਨੂੰ ਵਿਦਿਆਰਥੀਆਂ ਦੀ ਜ਼ਿੰਦਗੀ ਨਾਲ ਜੋੜਦਿਆਂ ਕਿਹਾ ਕਿ ਸਵਾਭਿਮਾਨ ਸਿਰਫ਼ ਆਪਣੀ ਵਿਰਾਸਤ ਪ੍ਰਤੀ ਮਾਣ ਨਹੀਂ, ਸਗੋਂ ਆਪਣੀ ਪਹਿਚਾਣ, ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਪ੍ਰਤੀ ਦ੍ਰਿੜ੍ਹ ਰਹਿਣ ਦੀ ਤਾਕਤ ਹੈ। ਪ੍ਰੋਗਰਾਮ ਵਿੱਚ ਅੰਗਰੇਜ਼ੀ ਵਿਭਾਗ ਦੇ ਕਰਮਬੀਰ ਸਿੰਘ ਨੇ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ। ਇਸ ਮੌਕੇ ਹੀਰਾ ਲਾਲ, ਮਨਦੀਪ ਸਿੰਘ, ਰੋਹਿਤ ਗੁਪਤਾ, ਗਗਨ ਸ਼ਰਮਾ ਤੇ ਸੁਖਦੀਪ ਕੌਰ ਸ਼ਾਮਲ ਸਨ।

# ਟੇਢੇ ਹੋਏ ਰੁੱਖ ਕੋਲੋਂ ਲੰਘਣਾ ਹੋਇਆ ਔਖਾ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ ਦੇ ਸੁੱਕੇ ਤਲਾਅ ਨਜ਼ਦੀਕ ਬਿਜਲੀ ਦਫ਼ਤਰ 'ਚ ਬਿੱਲ ਜਮ੍ਹਾਂ ਕਰਵਾਉਣ ਵਾਲੇ ਕਾਊਂਟਰ 'ਤੇ ਜਾਣ ਵਾਲੇ ਰਸਤੇ ਕੰਢੇ ਇਕ ਕਾਫ਼ੀ ਪੁਰਾਣਾ ਵੱਡਾ ਰੁੱਖ ਟੇਢਾ ਹੋਇਆ ਪਿਆ ਹੈ, ਜਿਸ ਕਾਰਨ ਇਥੇ ਬਿਜਲੀ ਬਿੱਲ ਜਮ੍ਹਾਂ ਕਰਵਾਉਣ ਵਾਲੇ ਖਪਤਕਾਰਾਂ ਨੂੰ ਕਾਫ਼ੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਟੇਢੇ ਰੁੱਖ ਬਾਰੇ ਕਈ ਵਾਰ ਅਖ਼ਬਾਰਾਂ ਵਿਚ ਖ਼ਬਰਾਂ ਵਿਚ ਪ੍ਰਕਾਸ਼ਿਤ ਹੋ ਚੁਕੀਆਂ ਅਤੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਸੂਚਿਤ ਕੀਤਾ ਜਾ ਚੁੱਕਾ ਹੈ ਪਰ ਪਰ ਫ਼ਿਰ ਵਿਚ ਵਿਭਾਗ ਇਸ ਰੁੱਖ ਨੂੰ ਕੱਟਣ ਲਈ ਕੋਈ ਕਾਰਵਾਈ ਨਹੀਂ ਕਰ ਰਿਹਾ ਜਿਸ ਤੋਂ ਇੰਝ ਜਾਪਦਾ ਹੈ ਕਿ ਵਿਭਾਗ ਕਿਸੇ ਵੱਡੇ ਹਾਦਸੇ ਵਿਚ ਉਡੀਕ ਕਰ ਰਿਹਾ ਹੈ। ਇਹ ਰੁੱਖ ਕਲਾ ਕੇਂਦਰ ਤੋਂ ਜੀ.ਟੀ. ਰੋਡ ਪੁਰਾਣੀ ਤਹਿਸੀਲ ਨੂੰ ਜਾਂਦੀ ਛੋਟੀ ਜਿਹੀ ਲਿੰਕ ਸੜਕ ਕੰਢੇ ਬਿਜਲੀ ਦਫ਼ਤਰ ਦੇ ਪਿਛਲੇ ਪਾਸੇ ਲੱਗਾ ਹੋਇਆ ਹੈ। ਇਹ ਰੁੱਖ ਕਾਫ਼ੀ ਹੇਠਾਂ ਨੂੰ ਝੁਕਿਆ ਹੋਇਆ ਹੈ ਜਿਸ ਕਾਰਨ ਸਕੂਟਰ, ਮੋਟਰਸਾਈਕਲ 'ਤੇ ਲੰਘਣਾ ਖ਼ਤਰੇ ਤੋਂ ਖਾਲੀ ਨਹੀਂ ਹੈ। ਇਹ ਰਸਤਾ ਬਾਜ਼ਾਰ ਤੋਂ ਜੀ.ਟੀ ਰੋਡ ਸਥਿਤ ਸਰਕਾਰੀ ਸਕੂਲ ਮੁੰਡੇ ਅਤੇ ਸਰਕਾਰੀ ਸਕੂਲ ਕੁੜੀਆਂ, ਪੁਰਾਣਾ ਤਹਿਸੀਲ ਕੰਪਲੈਕਸ ਨੂੰ ਜਾਂਦਾ ਹੈ ਜਿਸ ਕਰਕੇ ਇਸ ਰਸਤੇ ਵਿਚ ਟਰੈਫ਼ਿਕ ਦਾ ਕਾਫ਼ੀ ਜ਼ੋਰ ਰਹਿੰਦਾ ਹੈ। ਜਦੋਂ ਕੋਈ ਵਾਹਨ ਚਾਲਕ ਆਪਣੇ ਧਿਆਨ ਨਾਲ



ਤੇਜ਼ ਗਤੀ ਵਿਚ ਜਾ ਰਿਹਾ ਹੁੰਦਾ ਹੈ ਕਿ ਇਸ ਰਸਤੇ ਵਿਚ ਝੁਕੇ ਰੁੱਖ ਨਾਲ ਸਿਰ ਟਕਰਾਉਣ ਕਾਰਨ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਨੇ ਨਗਰ ਕੌਂਸਲ ਅਤੇ ਵਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਇਸ ਰੁੱਖ ਨੂੰ ਰਸਤੇ ਵਿਚੋਂ ਹਟਾਇਆ ਜਾਵੇ ਤਾਂ ਜੋ ਕੋਈ ਵੀ ਦੁਰਘਟਨਾ ਨਾ ਵਾਪਰ ਸਕੇ।

# ਸਾਂਝਾ ਰੋਗ

24 ਅਗਸਤ ਨੂੰ ਮਹਾਰਾਸ਼ਟਰ ਦੇ ਅਮਰਾਵਤੀ ਸ਼ਹਿਰ 'ਚ ਸਰਕਾਰੀ ਹਸਪਤਾਲ ਦੇ ਨਵਜੰਮੇ ਬੱਚਿਆਂ ਦੇ ਇੰਟੈਂਸਿਵ ਕੇਅਰ ਯੂਨਿਟ (ਐੱਨ ਆਈ ਸੀ ਯੂ) ਵਿੱਚ ਅੱਗ ਲੱਗਣ ਕਾਰਨ ਤਿੰਨ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਦੋ ਦਿਨ ਬਾਅਦ 26 ਅਗਸਤ ਨੂੰ ਇਸਲਾਮਾਬਾਦ ਦੇ ਪਾਕਿਸਤਾਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਪਿਮਸ) ਦੇ ਜੱਚਾ-ਬੱਚਾ ਯੂਨਿਟ ਵਿੱਚ ਅੱਗ ਲੱਗਣ ਕਾਰਨ 14 ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਅੱਗ ਲੱਗਣ ਦੇ ਦੱਸੇ ਗਏ ਕਾਰਨ ਵੱਖ-ਵੱਖ ਹਨ-ਅਮਰਾਵਤੀ ਵਿੱਚ ਨੁਕਸਦਾਰ ਵੈਂਟੀਲੇਟਰ ਅਤੇ ਇਸਲਾਮਾਬਾਦ ਵਿੱਚ ਏਅਰ ਕੰਡੀਸ਼ਨਰ ਦਾ ਫਟਣਾ, ਪਰ ਸਰਹੱਦ ਦੇ ਦੋਵੇਂ ਪਾਸੇ ਮਾਪਿਆਂ ਦੀਆਂ ਹੌਲਨਾਕ ਕਹਾਣੀਆਂ ਇੱਕੋ ਜਿਹੀਆਂ ਹਨ।

ਅਮਰਾਵਤੀ ਵਿੱਚ ਇੱਕ ਪਿਤਾ ਅਜੇ ਵੀ ਜਨਮ ਦਾ ਜਸ਼ਨ ਮਨਾਉਣ ਲਈ ਮਠਿਆਈਆਂ ਵੰਡ ਰਿਹਾ ਸੀ; ਉਸ ਨੇ ਅਜੇ ਤੱਕ ਬੱਚੇ ਦਾ ਚਿਹਰਾ ਵੀ ਨਹੀਂ ਸੀ ਦੇਖਿਆ। ਇਸਲਾਮਾਬਾਦ ਵਿੱਚ ਇੱਕ ਪਰਵਾਰ ਵਰ੍ਹਿਆਂ ਬਾਅਦ ਪੈਦਾ ਹੋਏ ਪਹਿਲੇ ਬੱਚੇ ਦਾ ਜਸ਼ਨ ਮਨਾ ਰਿਹਾ ਸੀ। ਹਾਲਾਤ ਵੱਖਰੇ ਹਨ, ਪਰ ਸੰਸਥਾਗਤ ਅਸਫਲਤਾਵਾਂ ਅਤੇ ਅਧਿਕਾਰਤ ਪ੍ਰਤੀਕਿਰਿਆ ਇੱਕ ਜਾਣੇ-ਪਛਾਣੇ ਪੈਟਰਨ ਮੁਤਾਬਕ ਹਨ। ਬਚਾਅ ਟੀਮਾਂ ਦੇਰ ਨਾਲ ਪਹੁੰਚੀਆਂ, ਜਦੋਂ ਕਿ ਬੁਨਿਆਦੀ ਅੱਗ-ਸੁਰੱਖਿਆ ਅਸਫਲਤਾਵਾਂ ਕਾਰਨ ਐਮਰਜੈਂਸੀ ਨਿਕਾਸੀ ਵਿੱਚ ਰੁਕਾਵਟ ਆਈ। ਸਿਆਸਤਦਾਨਾਂ ਨੇ ਦੁੱਖ ਪ੍ਰਗਟਾਉਂਦਿਆਂ ਮੁਆਵਜ਼ੇ ਅਤੇ ਅੱਗ ਸੁਰੱਖਿਆ ਆਡਿਟ ਦੇ ਨਾਲ-ਨਾਲ ਉੱਚ-ਪੱਧਰੀ ਪੜਤਾਲਾਂ ਦਾ ਐਲਾਨ ਕਰ ਦਿੱਤਾ। ਜਿਵੇਂ-ਜਿਵੇਂ ਧੂੜ ਬੈਠਦੀ ਜਾਂਦੀ ਹੈ, ਦੋਵੇਂ ਦੁਖਾਂਤ ਇੱਕੋ ਜਿਹੀ ਤਲਖ-ਹਕੀਕਤ ਨੂੰ ਉਜਾਗਰ ਕਰਦੇ ਹਨ : ਗਰੀਬਾਂ ਦੀ ਜ਼ਿੰਦਗੀ ਕੁਰਬਾਨ ਹੀ ਹੁੰਦੀ ਹੈ।

ਦੋਵੇਂ ਦੇਸ਼ ਕ੍ਰਿਕਟ, ਫੌਜੀ ਦਿਖਾਵੇ ਅਤੇ ਕੂਟਨੀਤਕ ਬਿਆਨਬਾਜ਼ੀ ਵਿੱਚ ਵਿਰੋਧੀ ਹਨ, ਪਰ ਜਦੋਂ ਆਮ ਨਾਗਰਿਕਾਂ ਦੀ ਜ਼ਿੰਦਗੀ ਦੀ ਗੱਲ ਆਉਂਦੀ ਹੈ ਤਾਂ ਇਸ ਨੂੰ ਤੁੱਛ ਸਮਝਣ ਵਿੱਚ ਇੱਕਜੁੱਟ ਹਨ।

ਭਾਰਤ ਵਿੱਚ 2011 ਵਿੱਚ ਏ ਐੱਮ ਆਰ ਆਈ ਹਸਪਤਾਲ ਵਿੱਚ ਲੱਗੀ ਅੱਗ ਵਿੱਚ 89 ਅਤੇ 2016 ਵਿੱਚ ਭੁਵਨੇਸ਼ਵਰ ਦੇ ਐੱਸ ਯੂ ਐੱਮ ਹਸਪਤਾਲ 'ਚ ਅੱਗ ਨਾਲ 24 ਲੋਕ ਮਾਰੇ ਗਏ ਸਨ, ਪਰ ਇੱਕ ਵੀ ਵਿਅਕਤੀ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ। ਪਾਕਿਸਤਾਨ ਵਿੱਚ ਵੀ 2012 ਵਿੱਚ ਲਾਹੌਰ ਦੇ ਸਰਵਿਸਿਜ਼ ਹਸਪਤਾਲ ਵਿੱਚ ਅੱਗ ਲੱਗਣ ਕਾਰਨ 10 ਨਵਜੰਮੇ ਬੱਚਿਆਂ ਦੀ ਮੌਤ ਹੋ ਗਈ ਸੀ ਅਤੇ 2024 ਵਿੱਚ ਸਾਹੀਵਾਲ ਟੀਚਿੰਗ ਹਸਪਤਾਲ ਵਿੱਚ 11 ਹੋਰ ਬੱਚਿਆਂ ਦੀ ਮੌਤ ਹੋ ਗਈ ਸੀ। ਸਾਲ-ਦਰ-ਸਾਲ ਦੋਵੇਂ ਕੌਮਾਂ ਉਦਾਸੀਨ ਦੇਵਤਿਆਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਵਿੱਚ ਮੱਧਯੁਗੀ ਸਮਾਜਾਂ ਵਾਂਗ ਆਪਣੇ ਨਾਗਰਿਕਾਂ ਨੂੰ ਅੱਗ ਵਿੱਚ ਝੋਕ ਦਿੰਦੀਆਂ ਹਨ। ਭਾਰਤ ਅਤੇ ਪਾਕਿਸਤਾਨ ਗਰੀਬ ਜਾਂ ਯੁੱਧਗ੍ਰਸਤ ਦੇਸ਼ ਨਹੀਂ ਹਨ, ਜਿਨ੍ਹਾਂ ਕੋਲ ਗਿਆਨ ਜਾਂ ਦੌਲਤ ਨਹੀਂ ਹੁੰਦੀ। ਕੋਈ ਵੀ ਅਰਥਪੂਰਨ ਸੁਧਾਰ ਕਰਨ ਤੋਂ ਇਨਕਾਰ ਕਰਨਾ ਇੱਕ ਰਾਜਨੀਤਕ ਚੋਣ ਹੈ। ਦੋਨੋਂ ਦੇਸ਼ਾਂ ਨੇ ਆਪਣੇ ਨਾਗਰਿਕਾਂ ਨੂੰ ਇਹ ਯਕੀਨ ਦਿਵਾਉਣ ਵਿੱਚ ਦਹਾਕੇ ਬਿਤਾ ਦਿੱਤੇ ਹਨ ਕਿ ਸੁਰੱਖਿਆ ਦਾ ਸਭ ਤੋਂ ਉੱਚਾ ਰੂਪ ਇੱਕ-ਦੂਜੇ ਤੋਂ ਸੁਰੱਖਿਆ ਹੈ। ਸਚਾਈ ਇਹ ਹੈ ਕਿ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਲਈ ਸਭ ਤੋਂ ਵੱਡਾ ਸਾਂਝਾ ਰੋਗ ਇਨ੍ਹਾਂ ਦੀਆਂ ਲਾਪਰਵਾਹ ਸਰਕਾਰਾਂ ਹਨ। ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਕਮਜ਼ੋਰਾਂ, ਬਿਮਾਰਾਂ ਜਾਂ ਗਰੀਬਾਂ ਦੀ ਪਰਵਾਹ ਨਹੀਂ।

ਇਸ ਮਹੀਨੇ ਦੇ ਸ਼ੁਰੂ ਵਿੱਚ ਦੋਵਾਂ ਦੇਸ਼ਾਂ ਨੇ ਆਜ਼ਾਦੀ ਦੇ 79 ਸਾਲ ਮਨਾਏ। ਦੋਵਾਂ ਨੇ 79 ਸਾਲਾਂ ਤੋਂ ਇੱਕ-ਦੂਜੇ ਨੂੰ ਆਪਣੇ ਗੁੰਝਲਦਾਰ ਇਤਿਹਾਸ ਅਤੇ ਆਪਣੇ ਕਾਲਪਨਿਕ ਸੱਭਿਆਚਾਰਾਂ, ਭਾਸ਼ਾਵਾਂ ਅਤੇ ਪਕਵਾਨਾਂ ਵਿੱਚ ਮਾਣ ਦੀ ਯਾਦ ਦਿਵਾਈ। ਫਿਰ ਵੀ ਸਰਹੱਦ ਦੇ ਦੋਵੇਂ ਪਾਸੇ ਲਾਪਰਵਾਹੀ ਨਾਲ ਸ਼ਾਸਨ ਕੀਤਾ ਜਾਂਦਾ ਹੈ। ਦੋਹਾਂ ਦੇਸ਼ਾਂ ਦੇ ਹਾਕਮ ਆਪਣੇ ਦੇਸ਼ ਦੀ ਸੇਵਾ ਵਿੱਚ-ਦੌਲਤ, ਪਰਵਾਰਕ ਮੈਂਬਰ, ਇੱਜ਼ਤ-ਸਭ ਕੁਝ ਕੁਰਬਾਨ ਕਰਨ ਦਾ ਪਾਠ ਪੜ੍ਹਾਉਂਦੇ ਹਨ, ਪਰ ਸਰਕਾਰਾਂ ਤੋਂ ਕੁਝ ਵੀ ਉਮੀਦ ਕੀਤੇ ਬਿਨਾਂ ਆਪਣੀ ਸੁਰੱਖਿਆ ਲਈ ਖੁਦ ਹੀ ਚਾਰਾ ਕਰਨਾ ਪੈਂਦਾ ਹੈ। ਅਮਰਾਵਤੀ ਤੇ ਇਸਲਾਮਾਬਾਦ ਦੇ ਹਸਪਤਾਲਾਂ ਵਿੱਚ ਜਿਨ੍ਹਾਂ ਔਰਤਾਂ ਨੇ ਬੱਚਿਆਂ ਨੂੰ ਹੁਣੇ-ਹੁਣੇ ਜਨਮ ਦਿੱਤਾ ਸੀ, ਉਨ੍ਹਾਂ ਨੂੰ ਬਚਣ ਲਈ ਕਈ ਪੌੜੀਆਂ ਤੋਂ ਹੇਠਾਂ ਭੱਜਣਾ ਪਿਆ ਅਤੇ ਖਿੜਕੀਆਂ ਤੇ ਪੌੜੀਆਂ ਤੋਂ ਹੇਠਾਂ ਉਤਰਨਾ ਪਿਆ।

ਲੀਡਰਾਂ ਦੀ ਰਾਸ਼ਟਰੀ ਸੁਰੱਖਿਆ ਦੀ ਬਿਆਨਬਾਜ਼ੀ ਦਾ ਕੀ ਫਾਇਦਾ ਜੇ ਇੱਕ ਨਵਜੰਮਿਆ ਬੱਚਾ ਉਸ ਇਮਾਰਤ ਵਿੱਚ ਨਹੀਂ ਬਚ ਸਕਦਾ, ਜਿਸ ਵਿੱਚ ਉਹ ਪੈਦਾ ਹੋਇਆ ਸੀ ? ਜਾਂ ਕੀ ਸੁਰੱਖਿਆ ਦਾ ਮਤਲਬ ਸਿਰਫ ਦੇਸ਼ ਦੀ ਕਿਸੇ ਹੋਰ ਦੇਸ਼ ਤੋਂ ਆਪਣੇ-ਆਪ ਨੂੰ ਬਚਾਉਣ ਦੀ ਯੋਗਤਾ ਹੈ-ਜਦੋਂ ਕਿ ਇਸ ਦੇ ਨਾਗਰਿਕ ਅਣਪਛਾਤੇ ਤਰੀਕਿਆਂ ਨਾਲ ਕੀੜੇ-ਮਕੌੜਿਆਂ ਵਾਂਗ ਮਰਦੇ ਹਨ। ਅਮਰਾਵਤੀ ਅਤੇ ਇਸਲਾਮਾਬਾਦ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਰੱਖਿਆ ਲਈ ਪ੍ਰਮਾਣੂ ਹਥਿਆਰਾਂ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਫਾਇਰ ਅਲਾਰਮ ਅਤੇ ਐਮਰਜੈਂਸੀ ਨਿਕਾਸ ਦੇ ਰਸਤੇ ਖੁੱਲ੍ਹੇ ਚਾਹੀਦੇ ਸਨ। ਜੋ ਕੌਮਾਂ ਅਜਿਹੀ ਬੁਨਿਆਦੀ ਸਹੂਲਤ ਦੀ ਗਰੰਟੀ ਨਹੀਂ ਦੇ ਸਕਦੀਆਂ, ਉਨ੍ਹਾਂ ਨੂੰ ਰਾਸ਼ਟਰੀ ਮਾਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ।

## ਰੈਫਰੀ ਐ ਕਮਲ ?

ਲੋਕ-ਹਿੱਤੂ ਪੰਜਾਬ ਲਈ ਲੜਨ ਵਾਲਾ, ਖ਼ਾਸਾ ਆਪਣਾ ਗਏ ਐ ਭੁੱਲ ਮੀਆਂ,
ਹੋਇਆ ਹੁਕਮ ਸੀ ਸਾਰੇ 'ਸਮੇਟਣੇ' ਦਾ, ਅੱਗੇ ਨਾਲੋਂ ਵੀ ਵਧ ਗਏ ਚੁੱਲ੍ਹ ਮੀਆਂ।
ਆਪੋ ਆਪਣੇ 'ਵਿਹੜੇ' ਨੂੰ ਕਹਿਣ ਵੱਡਾ, ਇੱਥੇ ਖਿੜੂ ਗੱਠਜੋੜ ਦਾ ਗ਼ੁਲ ਮੀਆਂ,
ਇੱਕ-ਦੂਜੇ ਤੋਂ ਵਧ ਵਧ ਕੇ ਪੈਣ ਕਾਹਲੇ, ਝੋਲੀ ਡੇਗਣ ਲਈ ਉਠ ਦਾ ਬੁੱਲ੍ਹ ਮੀਆਂ।
ਦਿਸਦੇ ਸਾਹਮਣੇ ਕਿਸੇ ਦੇ ਗੁਪਤ ਜਾਣੋ, ਭੇਤ ਅੰਦਰਲੇ ਸਕੇ ਨਹੀਂ 'ਖੁੱਲ੍ਹ' ਮੀਆਂ,
'ਬਾਂਦਰ-ਵੰਡ' ਜੇ ਵੋਟਾਂ ਦੀ ਹੋਈ ਏਦਾਂ, ਕੋਈ ਲਾ ਜਊ 'ਸੁਲੱਖਣਾ' ਟੁੱਲ ਮੀਆਂ।
ਹੱਥ ਮਾਰ ਕੇ ਮੱਥੇ ਪਛਤਾਉਣਗੇ ਫਿਰ, ਜਦੋਂ ਗਏ 'ਸਤਾਈ' ਵਿੱਚ ਰੁਲ ਮੀਆਂ,
ਉਹਦੇ ਦਿਸ਼ਾ-ਨਿਰਦੇਸ਼ਾਂ ਵਿੱਚ ਖੇਡਦੇ ਨੇ, ਬਣਿਆ 'ਰੈਫਰੀ' ਕਮਲ ਦਾ ਫੁੱਲ ਮੀਆਂ!

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਵਿਧਾਨ ਸਭਾ, ਲੋਕ ਸਭਾ, ਖੌਰੂ ਸਭਾ


ਜਗਦੇਵ ਸ਼ਰਮਾ ਬੁਗਰਾ

1947 ਵਿੱਚ ਅਜ਼ਾਦੀ ਆਈ, ਪ੍ਰੰਤੂ ਆਪਣੇ ਨਾਲ ਬਰਬਾਦੀ ਲੈ ਕੇ ਆਈ । ਲੱਖਾਂ ਲੋਕਾਂ ਦੀ ਜਾਨ ਲੈ ਕੇ ਦੇਸ਼ ਤਿੰਨ ਭਾਗਾਂ ਵਿੱਚ ਵੰਡਿਆ ਗਿਆ । ਜਿੰਨਾਂ ਹੱਥਾਂ ਦੇ ਵਿੱਚ ਅੰਗਰੇਜ਼ਾਂ ਨੇ ਦੇਸ਼ ਦੀ ਵਾਗਡੋਰ ਸੰਭਾਲੀ, ਉਹਨਾਂ ਸਾਹਮਣੇ ਪ੍ਰਮੁੱਖ ਚੁਣੌਤੀਆਂ ਸਨ , ਗਰੀਬੀ, ਅਨਪੜ੍ਹਤਾ, ਭੁੱਖਮਰੀ ਅਤੇ ਦੇਸ਼ ਦੀ ਡਾਵਾਂਡੋਲ ਆਰਥਿਕਤਾ । ਆਰਥਿਕਤਾ ਨੂੰ ਪੈਰਾਂ ਸਿਰ ਕਰਨ ਲਈ ਪੰਜ ਸਾਲਾ ਯੋਜਨਾਬੰਦੀ ਉਲੀਕੀ ਗਈ । ਭੁੱਖਮਰੀ ਨੂੰ ਕਾਬੂ ਕੀਤਾ ਗਿਆ, ਹਰੀ ਕ੍ਰਾਂਤੀ ਨੂੰ ਉਤਸ਼ਾਹਿਤ ਕਰਕੇ ਅਤੇ ਆਈ ਆਈ ਟੀ , ਆਈ ਆਈ ਐੱਮ ਵਰਗੇ ਅਦਾਰਿਆਂ ਨਾਲ ਅਨਪੜ੍ਹਤਾ ਘਟਾਉਣ ਦੇ ਯਤਨ ਕੀਤੇ ਗਏ ।

ਅਜਿਹੇ ਹਾਲਾਤ ਵਿਚ ਸਭ ਤੋਂ ਵੱਡੀ ਚੁਣੌਤੀ ਸੀ ਦੇਸ਼ ਲਈ ਕਿਹੋ ਕਿਹਾ ਰਾਜਨੀਤਕ ਸਿਸਟਮ ਅਪਣਾਇਆ ਜਾਏ । ਦੇਸ਼ ਦੇ ਚੋਣਵੇਂ ਬੁੱਧੀਜੀਵੀਆਂ, ਸਿਆਸਤਦਾਨਾਂ, ਵਕੀਲਾਂ, ਡਾਕਟਰਾਂ ਇੰਜੀਨੀਅਰਾਂ ਨੇ ਸਿਰ ਜੋੜ ਕੇ ਵਿਚਾਰਾਂ ਕੀਤੀਆਂ । ਅੰਗਰੇਜ਼ਾਂ ਦੇ ਆਗਮਨ ਤੋਂ ਪਹਿਲਾਂ ਦੇਸ਼ ਵਿਚ ਰਜਵਾੜਾਸ਼ਾਹੀ ਦਾ ਬੋਲਬਾਲਾ ਸੀ। ਸਾਰੇ ਹੀ ਭਾਰਤੀ ਰਾਜਿਆਂ ਦੇ ਰਾਜ ਤੋਂ ਪੀੜਤ ਰਹੇ ਸਨ ਅਤੇ ਅਜਿਹੇ ਸਿਸਟਮ ਦੇ ਔਗੁਣਾਂ ਤੋਂ ਭਲੀ-ਭਾਂਤ ਜਾਣੂ ਸਨ । ਦੇਸ਼ ਕਾਫੀ ਲੰਮੇ ਸਮੇਂ ਤੱਕ ਅੰਗਰੇਜ਼ਾਂ ਦੇ ਅਧੀਨ ਰਿਹਾ ਸੀ, ਇਸ ਵਜ੍ਹਾ ਕਰਕੇ ਬ੍ਰਿਟਿਸ਼ ਸ਼ਾਸਨ ਦੀ ਛਾਪ ਉਸ ਵੇਲੇ ਦੇ ਨੇਤਾਵਾਂ ਦੀ ਸੋਚ ਉੱਪਰ ਭਾਰੂ ਰਹੀ । ਕਾਫੀ ਸੋਚ-ਵਿਚਾਰ ਤੋਂ ਬਾਅਦ ਸਾਰੇ ਤੰਤਰਾਂ ਵਿੱਚੋਂ ਵਧੀਆ ਪ੍ਰਣਾਲੀ ਯਾਨੀ ਕਿ, ਲੋਕਤੰਤਰ ਸਾਡੇ ਰਾਜਨੀਤਕ ਸਿਸਟਮ ਦਾ ਅਧਾਰ ਬਣਾਉਣ ਬਾਰੇ ਸੋਚਿਆ ਗਿਆ । ਇੰਗਲੈਂਡ ਦੀ ਤਰਜ਼ 'ਤੇ ਹੀ ਸੰਸਦੀ ਪ੍ਰਣਾਲੀ ਨੂੰ ਤਰਜੀਹ ਦਿੱਤੀ ਗਈ, ਕਿਉਂਕਿ ਭਾਰਤ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਾਰ ਦਾ ਗੁਲਦਸਤਾ ਹੈ , ਇਸ ਲਈ ਸਾਰੇ ਦੇਸ਼ ਨੂੰ ਇੱਕੋ ਰੱਸੇ ਨਹੀਂ ਸੀ ਬੰਨ੍ਹਿਆ ਜਾ ਸਕਦਾ । ਇਸ ਦਾ ਹੱਲ ਦੇਸ਼ ਵਿੱਚ ਇੱਕੋ ਸਮੇਂ ਏਕਾਤਮਿਕ ਅਤੇ ਸੰਘਾਤਮਿਕ ਪ੍ਰਣਾਲੀ ਅਪਣਾਈ ਗਈ । ਕੇਂਦਰ ਵਿੱਚ ਸਾਰੇ ਦੇਸ਼ ਲਈ ਇੱਕ ਮਜ਼ਬੂਤ ਸਰਕਾਰ ਅਤੇ ਰਾਜਾਂ ਦੀਆਂ ਵੱਖਰੀਆਂ ਵਿਧਾਨ ਸਭਾਵਾਂ ਅਤੇ ਆਜ਼ਾਦ ਸਰਕਾਰਾਂ ਦਾ ਪ੍ਰਸਤਾਵ ਆਇਆ । ਸਾਡੇ ਦੇਸ਼ ਵਿੱਚ ਵਿਚਾਰਧਾਰਕ ਵਖਰੇਵਾਂ ਵੀ ਸਿਖਰਾਂ 'ਤੇ ਸੀ । ਕੁੱਝ ਲੋਕ ਸਮਾਜਵਾਦ ਦੇ ਹੱਕ ਵਿੱਚ ਸਨ/ਹਨ, ਕੁੱਝ ਧਰਮ ਨੂੰ ਰਾਜਨੀਤੀ ਨਾਲ ਜੋੜ ਕੇ ਚਲਦੇ ਹਨ, ਕੁੱਝ ਲੋਕ ਧਾਰਮਿਕ ਨਿਰਪੱਖਤਾ ਦਾ ਪੱਖ ਪੂਰਦੇ ਹਨ ।ਜਨਤਾ ਦਾ ਇੱਕ ਹਿੱਸਾ ਮਾਰਕਸਵਾਦੀ ਵਿਚਾਰਧਾਰਾ ਨੂੰ ਵੀ ਪ੍ਰਣਾਇਆ ਹੋਇਆ ਹੈ । ਸਾਰੀਆਂ ਵਿਚਾਰਧਾਰਾਵਾਂ ਦਾ ਸਤਿਕਾਰ ਕਰਦੇ ਹੋਏ ਬਹੁ-ਪਾਰਟੀ ਸਿਸਟਮ ਲਿਆਂਦਾ ਗਿਆ ।ਦੇਸ਼ ਦਾ ਆਪਣਾ ਸੰਵਿਧਾਨ ਬਣਾਉਣ ਲਈ ਡਾਕਟਰ ਅੰਬੇਡਕਰ ਦੀ ਪ੍ਰਧਾਨਗੀ ਹੇਠ ਸੰਵਿਧਾਨ ਘੜਨੀ ਸਭਾ ਬਣਾਈ ਗਈ ।

ਅੱਜ ਇਸ ਰਾਜਨੀਤਕ ਸਿਸਟਮ ਦਾ ਸਭ ਤੋਂ ਵੱਡਾ ਭੈੜ ਹੈ, ਲੋਕਤੰਤਰ ਵਿੱਚ ਪਰਿਵਾਰਵਾਦ ਦੀ ਘੁਸਪੈਠ ।ਗਿਣਤੀ ਦੇ ਪਰਵਾਰਾਂ ਦੀ ਚੌਥੀ, ਪੰਜਵੀਂ ਪੀਹੜੀ ਸੱਤਾ ਉਪਰ ਕਾਬਜ਼ ਹੈ ਜਾਂ ਸੱਤਾ ਪ੍ਰਾਪਤੀ ਲਈ ਤਿਲਮਿਲਾ ਰਹੀ ਹੈ । ਅਜਿਹਾ ਉਹ ਇਸ ਲਈ ਕਰ ਰਹੇ ਹਨ ਕਿਉਂ ਕਿ ਉਹਨਾਂ ਸੱਤਾ ਨੂੰ ਸੇਵਾ ਨਹੀਂ , ਸਗੋਂ ਸੁੱਖ ਦਾ ਸਾਧਨ ਬਣਾ ਲਿਆ ਹੈ । ਉਹਨਾਂ ਵਿੱਚ ਅਰਬਪਤੀ ਹੀ ਨਹੀਂ , ਖਰਬਪਤੀ ਵੀ ਹਨ ।ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰੀਫਾਰਮਜ਼ ਅਨੁਸਾਰ ਵਰਤਮਾਨ ਲੋਕ ਸਭਾ ਅਤੇ ਰਾਜ ਸਭਾ ਦੇ ਕੋਈ 50 ਤੋਂ ਉਪਰ ਮੈਂਬਰ 100 ਕਰੋੜ ਤੋਂ ਵੱਧ ਦੀ ਸੰਪਤੀ ਵਾਲੇ ਹਨ । ਤੇਲੰਗਾਨਾ ਤੋਂ ਰਾਜ ਸਭਾ ਮੈਂਬਰ ਸ੍ਰੀ ਪਾਰਥਾ ਸਾਰਥੀ ਰੈਡੀ 39200 ਕਰੋੜ ਰੁਪਏ ਦੀ ਸੰਪਤੀ ਨਾਲ ਸਭ ਤੋਂ ਵੱਧ ਅਮੀਰ ਐੱਮ ਪੀ ਹਨ । ਦੇਸ਼ ਦੀਆਂ ਵੱਖ-ਵੱਖ ਵਿਧਾਨ ਸਭਾਵਾਂ ਦੇ 119 ਐੱਮ ਐੱਲ ਏ 100 ਕਰੋੜੀ ਜਾਂ ਵੱਧ ਸੰਪਤੀ ਵਾਲੇ ਹਨ । ਇਹ ਸੂਚਨਾ ਸਿਆਸਤਦਾਨਾਂ ਦੁਆਰਾ ਚੋਣ ਕਮਿਸ਼ਨ ਕੋਲ ਦਿੱਤੇ ਗਏ ਉਹਨਾਂ ਦੇ ਸਵੈ-ਘੋਸ਼ਣਾ ਪੱਤਰਾਂ ਤੋਂ ਇਕੱਤਰ ਕੀਤੀ ਗਈ ਹੈ ।

ਸੱਤਾ ਦਾ ਸੁੱਖ ਭੋਗ ਰਹੇ ਰਾਜਨੀਤਕ ਲੋਕਾਂ ਦੀ ਅੱਖਾਂ ਚੁੰਧਿਆ ਦੇਣ ਵਾਲੀ ਜ਼ਿੰਦਗੀ ਤੋਂ ਪ੍ਰਭਾਵਿਤ ਹੋ ਕੇ ਕੁਝ ਗੈਰ ਸਮਾਜੀ ਤੱਤਾਂ ਨੇ ਰਾਜਨੀਤੀ ਵਿੱਚ ਘੁਸਪੈਠ ਕਰਨੀ ਸ਼ੁਰੂ ਕਰ ਦਿੱਤੀ ਹੈ । ਬਾਹੂਬਲੀ ਲੋਕ , ਗੁੰਡਾਗਰਦੀ ਅਤੇ ਹੋਰ ਸਾਰੇ ਨੈਤਿਕ-ਅਨੈਤਿਕ ਹਰਬੇ ਵਰਤ ਕੇ ਜਨਤਾ ਤੋਂ ਵੋਟਾਂ ਹਾਸਲ ਕਰਕੇ ਸਰਕਾਰਾਂ ਵਿੱਚ ਮੰਤਰੀ ਸੰਤਰੀ ਬਣਨ ਲੱਗੇ ਹਨ । ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰੀਫਾਰਮਜ ਦੀ ਇੱਕ ਰਿਪੋਰਟ ਅਨੁਸਾਰ ਲੋਕ ਸਭਾ ਦੇ 543 ਵਿੱਚੋਂ 251 ( 46 %) ਮੈਂਬਰਾਂ ਉੱਪਰ ਕ੍ਰਿਮੀਨਲ ਕੇਸ ਦਰਜ ਹਨ । ਉਹਨਾਂ ਵਿੱਚੋਂ 170 ਉੱਪਰ ਸੰਗੀਨ ਜੁਰਮਾਂ, ਜਿਵੇਂ ਕਿ ਕਤਲ, ਰੇਪ, ਅਪਹਰਣ ਜਿਹੇ ਅਪਰਾਧਾਂ ਦੇ ਕੇਸ ਹਨ । ਰਾਜ ਸਭਾ ਦੇ 32 ਫੀਸਦੀ ਮੈਂਬਰਾਂ ਉੱਤੇ ਅਪਰਾਧਿਕ ਧਾਰਾਵਾਂ ਅਤੇ 16 ਫੀਸਦੀ ਉਪਰ ਸੰਗੀਨ ਧਾਰਾਵਾਂ ਦੇ ਕੇਸ ਹਨ । ਇਹਨਾ ਤੋਂ ਇਲਾਵਾ 14 ਰਾਜਾਂ ਦੇ ਮੁੱਖ ਮੰਤਰੀਆਂ ਖਿਲਾਫ ਸੰਗੀਨ ਧਾਰਾਵਾਂ ਤਹਿਤ ਅਪਰਾਧਿਕ ਮਾਮਲੇ ਦਰਜ ਹਨ ।

ਦੇਸ਼ ਦੀ ਲੋਕ ਸਭਾ, ਰਾਜ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇਸ਼ ਦੇ ਲੋਕਾਂ ਦੀ ਭਲਾਈ ਅਤੇ ਬਿਹਤਰੀ ਲਈ ਸੁਹਿਰਦ ਵਿਚਾਰ-ਵਟਾਂਦਰੇ ਉਪਰੰਤ ਕਾਨੂੰਨ ਬਣਾਉਣ ਲਈ ਹੋਂਦ ਵਿਚ ਲਿਆਂਦੀਆਂ ਗਈਆਂ ਸਨ, ਪ੍ਰੰਤੂ ਜਦੋਂ ਤੋਂ ਜਰਾਇਮ ਪੇਸ਼ਾ ਲੋਕ ਰਾਜਨੀਤੀ ਵਿੱਚ ਆਏ ਹਨ, ਓਦੋਂ ਤੋਂ ਇਹ ਪਵਿੱਤਰ ਸਦਨ ਜੰਗ ਦਾ ਅਖਾੜਾ ਬਣਨ ਲੱਗ ਪਏ ਹਨ । ਦਸਤਾਵੇਜ਼ ਪਾੜ ਕੇ ਸਪੀਕਰ ਦੀ ਕੁਰਸੀ ਵੱਲ ਸੁੱਟਣਾ ਅਤੇ ਨਾਅਰੇਬਾਜ਼ੀ ਤਾਂ ਆਮ ਹੀ ਹੁੰਦੇ ਰਹਿੰਦੇ ਹਨ, ਸਪੀਕਰ ਪੁੱਟ ਦਿੱਤੇ ਜਾਂਦੇ ਹਨ, ਇੱਕ-ਦੂਜੇ ਉੱਪਰ ਕੁਰਸੀਆਂ ਸੁੱਟੀਆਂ ਜਾਂਦੀਆਂ ਹਨ । ਧੱਕਾ-ਮੁੱਕੀ ਵੀ ਕੀਤੀ ਜਾਂਦੀ ਹੈ ਅਤੇ ਕੱਪੜੇ ਵੀ ਪਾੜੇ ਜਾਂਦੇ ਹਨ । ਕਾਨੂੰਨ ਘੜਨੀਆਂ ਸਭਾਵਾਂ ਖੌਰੂ ਸਭਾਵਾਂ ਬਣ ਕੇ ਰਹਿ ਜਾਂਦੀਆਂ ਹਨ ।

ਨਮੂਨੇ ਲਈ ਆਉ 20 ਜੁਲਾਈ 2026 ਤੋਂ 13 ਅਗਸਤ 2026 ਤੱਕ ਚੱਲੇ ਦੇਸ਼ ਦੀ ਸੰਸਦ ਦੀ ਕਾਰਗੁਜ਼ਾਰੀ 'ਤੇ ਸੰਖੇਪ ਨਜ਼ਰ ਮਾਰੀਏ । ਗੰਭੀਰ ਅੜਚਨਾਂ ਪੈਦਾ ਕਰਨ ਕਾਰਨ ਲੋਕ ਸਭਾ ਨੇ ਅਪਣੇ ਨਿਰਧਾਰਤ ਸਮੇਂ ਦੀ 15% ਤੋਂ 19% ਅਤੇ ਰਾਜ ਸਭਾ ਨੇ 33% ਤੋਂ 39 % ਤੱਕ ਦੀ ਹੀ ਵਰਤੋਂ ਕੀਤੀ ਹੈ। 19 ਬੈਠਕਾਂ ਵਿੱਚ ਇੱਕ ਮੋਟੇ ਅੰਦਾਜ਼ੇ ਅਨੁਸਾਰ ਲੋਕ ਸਭਾ ਨੇ 17.5 ਘੰਟੇ ਅਤੇ ਰਾਜ ਸਭਾ ਨੇ 37 ਘੰਟੇ ਹੀ ਕੰਮ ਕੀਤਾ । ਦੋਵਾਂ ਸਭਾਵਾਂ ਦਾ ਪ੍ਰਸ਼ਨ ਕਾਲ ਤਾਂ ਪੂਰੇ ਦਾ ਪੂਰਾ ਰੌਲੇ-ਰੱਪੇ ਦੀ ਭੇਟ ਹੀ ਚੜ੍ਹ ਗਿਆ । ਇਸ ਤਰਾਂ ਸੰਸਦੀ ਸਮੇਂ ਦੇ 7023 ਮਿੰਟ ਰੌਲੇ-ਰੱਪੇ ਦੇ ਲੇਖੇ ਲੱਗ ਗਏ । ਮੇਰੇ ਪਿਆਰੇ ਦੇਸ਼ ਵਾਸੀਓ, ਤੁਹਾਨੂੰ ਸੰਸਦ ਦਾ ਇੱਕ ਮਿੰਟ 2.5 ਲੱਖ ਰੁਪਏ ਵਿੱਚ ਪੈਂਦਾ ਹੈ ਅਤੇ ਇਸ ਇੱਕੋ ਮਾਨਸੂਨ ਸੈਸ਼ਨ ਜ਼ਰੀਏ ਤੁਹਾਡੀ ਗਾੜ੍ਹੇ ਪਸੀਨੇ ਦੀ ਕਮਾਈ ਦੇ 175.6 ਕਰੋੜ ਰੁਪਏ ਸਾਨੂੰ ਅਗਵਾਈ ਦੇਣ ਵਾਲ਼ਿਆਂ ਨੇ ਫੂਕ ਦਿੱਤੇ ਅਤੇ ਦੇਸ਼ ਵਾਸੀਆਂ ਨੇ ਖੱਟਿਆ ਬਾਬਾ ਜੀ ਕਾ ਠੁੱਲੂ । ਦੇਸ਼ ਵਿੱਚ ਸੰਵਿਧਾਨਿਕ ਅਦਾਰਿਆਂ ਅਤੇ ਅਹੁਦਿਆਂ ਪ੍ਰਤੀ ਬੇਇਤਬਾਰੀ ਅਤੇ ਬੇਯਕੀਨੀ ਦਾ ਮਾਹੌਲ ਬਣ ਗਿਆ ਹੈ । ਇਸ ਬੇ -ਯਕੀਨੀ ਵਿੱਚੋਂ ਹੀ ਜੈਨ ਜ਼ੀ ਪੈਦਾ ਹੁੰਦੀਆਂ ਹਨ ।

ਉਪਰੋਕਤ ਤੋਂ ਇਲਾਵਾ ਦਲ ਬਦਲਣ ਦੀ ਪ੍ਰਕਿਰਿਆ ਕਾਰਨ ਵੀ ਸਾਡੀ ਰਾਜਨੀਤੀ ਗਰਕਣ ਕਿਨਾਰੇ ਹੈ । ਨੈਤਿਕਤਾ ਅਤੇ ਵਿਚਾਰਧਾਰਾ ਗਾਇਬ ਹੈ । ਕੋਈ ਵੀ ਪਾਰਟੀ ਦਲਬਦਲੀ ਨੂੰ ਪੱਕੇ ਤਰੀਕੇ ਰੋਕਣ ਲਈ ਕਾਨੂੰਨ ਲਿਆਉਣ ਨੂੰ ਤਿਆਰ ਨਹੀਂ, ਕਿਉਂਕਿ ਸੱਤਾ ਸੰਭਾਲਦਿਆਂ ਹੀ ਹਰੇਕ ਪਾਰਟੀ ਇਸੇ ਵਪਾਰ ਦੇ ਜ਼ਰੀਏ ਦੂਜੀ ਪਾਰਟੀ ਦੇ ਰਾਜ ਨੂੰ ਪਲਟਾ ਕੇ ਆਪਣੀ ਪਾਰਟੀ ਦਾ ਰਾਜ ਸਥਾਪਤ ਕਰਨਾ ਚਾਹੁੰਦੀ ਹੈ ।

ਮਾਹੌਲ ਨੂੰ ਸਾਜ਼ਗਾਰ ਅਤੇ ਆਗੂਆਂ ਨੂੰ ਦੇਸ਼ ਪ੍ਰਤੀ ਉਹਨਾਂ ਦੀ ਜ਼ੁੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਵਿਆਪਕ ਸੁਧਾਰਾਂ ਦੀ ਲੋੜ ਹੈ ।ਸਭ ਤੋਂ ਪਹਿਲਾਂ, ਦਲ-ਬਦਲੀ ਕਾਨੂੰਨ ਨੂੰ ਸਖ਼ਤ ਬਣਾਇਆ ਜਾਵੇ ।ਜਿੱਤੇ ਹੋਏ ਮੈਂਬਰ ਦੇ ਪਾਰਟੀ ਬਦਲਣ ਦੀ ਸੂਰਤ ਵਿੱਚ ਉਸ ਦੀ ਮੈਂਬਰੀ ਰੱਦ ਕਰਨ ਤੋਂ ਇਲਾਵਾ ਉਸ ਦੇ ਇੱਕ ਟਰਮ ਲਈ ਚੋਣ ਲੜਨ 'ਤੇ ਪਾਬੰਦੀ ਲਾਈ ਜਾਵੇ । ਜਿਹੜੇ ਮੈਂਬਰ ਦੀ ਕਾਰਗੁਜ਼ਾਰੀ ਉਸ ਦੇ ਵੋਟਰਾਂ ਦੀਆਂ ਆਸ਼ਾਵਾਂ 'ਤੇ ਖਰੀ ਨਾ ਉਤਰਦੀ ਹੋਵੇ, ਉਸ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਉਸ ਦੇ ਹਲਕੇ ਦੇ ਵੋਟਰਾਂ ਕੋਲ ਹੋਵੇ ।

ਦੂਜੇ ਅਪਰਾਧਿਕ ਬਿਰਤੀ ਦੇ ਲੋਕਾਂ, ਜਿਨ੍ਹਾਂ ਉੱਪਰ ਕਤਲ , ਇਰਾਦਾ ਕਤਲ, ਰੇਪ, ਅਪਹਰਣ, ਧੋਖਾਧੜੀ ਜਾਂ ਹੋਰ ਸੰਗੀਨ ਅਪਰਾਧਾਂ ਤਹਿਤ ਮੁਕੱਦਮਾ ਦਰਜ ਹੋਵੇ, ਉਹਨਾਂ ਦੇ ਚੋਣ ਲੜਨ ਉੱਤੇ ਰੋਕ ਆਇਦ ਕੀਤੀ ਜਾਵੇ ।

ਚੋਣ ਮਨੋਰਥ ਪੱਤਰ ਹੁਣ ਤੱਕ ਵਾਅਦਿਆਂ ਦੀ ਪੰਡ ਹੀ ਸਾਬਤ ਹੋਏ ਹਨ । ਚੋਣ ਮਨੋਰਥ ਪੱਤਰ ਨੂੰ ਸਾਰਥਿਕ ਬਣਾਉਣ ਲਈ ਕਾਨੂੰਨ ਵਿੱਚ ਸੋਧ ਕੀਤੀ ਜਾਵੇ । ਹਰੇਕ ਸਰਕਾਰ ਆਪਣੇ ਕਾਰਜ ਕਾਲ ਦੇ 5 ਸਾਲਾਂ ਦੌਰਾਨ ਇਹਨਾਂ ਵਾਅਦਿਆਂ ਦੀ ਘੱਟੋ-ਘੱਟ 75 ਫੀਸਦੀ ਪੂਰਤੀ ਯਕੀਨੀ ਬਣਾਵੇ ।

ਮੈਂ ਤਾਂ ਮੁਫ਼ਤ ਦੀਆਂ ਰਿਓੜੀਆਂ ਵੰਡਣ ਨੂੰ ਵੋਟ ਬਟੋਰਨ ਲਈ ਰਿਸ਼ਵਤ ਦੇ ਸਮਾਨ ਮੰਨਦਾ ਹਾਂ ।ਸਾਡੀ ਰਾਜਨੀਤੀ ਵਿੱਚ ਇਹ ਚਲਨ ਘਟਣ ਦੀ ਥਾਂ ਰੋਜ਼ਾਨਾ ਵਧ ਰਿਹਾ ਹੈ । ਇਸ ਪੈਸੇ ਨੂੰ ਸਾਰਥਿਕ ਕੰਮਾਂ ਲਈ ਵਰਤ ਕੇ ਘਰ-ਘਰ ਰੋਜ਼ਗਾਰ ਯਕੀਨੀ ਬਣਾਇਆ ਜਾਵੇ , ਸਨਅਤੀਕਰਨ ਕੀਤਾ ਜਾਵੇ ।

ਇੰਗਲੈਂਡ ਦੀ ਤਰਜ਼ 'ਤੇ 'ਵੰਸ ਏ ਸਪੀਕਰ , ਆਲਵੇਜ਼ ਏ ਸਪੀਕਰ' ਅਪਣਾਇਆ ਜਾਵੇ । ਇੰਗਲੈਂਡ ਵਿੱਚ ਆਮ ਚੋਣਾਂ ਵਕਤ ਸਪੀਕਰ ਦੇ ਖਿਲਾਫ ਕੋਈ ਵੀ ਪਾਰਟੀ ਆਪਣਾ ਉਮੀਦਵਾਰ ਖੜ੍ਹਾ ਨਹੀਂ ਕਰਦੀ ਅਤੇ ਇਸ ਤਰ੍ਹਾਂ ਉਹ ਨਿਰਵਿਰੋਧ ਚੁਣਿਆ ਜਾਂਦਾ ਹੈ । ਅਜਿਹਾ ਪ੍ਰਾਵਧਾਨ ਭਾਰਤ ਵਿੱਚ ਜੇਕਰ ਹੋ ਜਾਂਦਾ ਹੈ ਤਾਂ ਸਪੀਕਰ ਸਭ ਦਾ ਸਾਂਝਾ ਹੋਵੇਗਾ, ਕਿਸੇ ਇੱਕ ਪਾਰਟੀ ਦਾ ਨਹੀਂ । ਇਸ ਤਰਾਂ ਸਭਾ ਦਾ ਕਾਫੀ ਹੱਦ ਤੱਕ ਨਿਰਵਿਘਨ ਚੱਲਣਾ ਸੰਭਵ ਹੋ ਸਕੇਗਾ ।

ਰਾਜਨੀਤੀ ਵਿੱਚੋਂ ਪਰਵਾਰਵਾਦ ਦੇ ਕੋਹੜ ਨੂੰ ਵੀ ਖਤਮ ਕਰਨ ਦੀ ਲੋੜ ਹੈ, ਤਾਂ ਕਿ ਰਾਜਨੀਤੀ ਪਿਤਾ ਪੁਰਖੀ ਧੰਦੇ ਦੇ ਤੌਰ 'ਤੇ ਨਾ ਅਪਣਾਈ ਜਾਵੇ । ਕਾਨੂੰਨੀ ਮਾਹਰਾਂ ਦੀ ਸਲਾਹ ਲੈ ਕੇ ਸੰਵਿਧਾਨਕ ਸੋਧ ਕਰਨ ਬਾਰੇ ਵੀ ਸੋਚਿਆ ਜਾ ਸਕਦਾ ਹੈ ।

ਰਾਜਨੀਤੀ ਦੇ ਸ਼ੁੱਧੀਕਰਨ ਲਈ ਸਭ ਤੋਂ ਅਖੀਰ ਭ੍ਰਿਸ਼ਟ ਤਰੀਕਿਆਂ ਨਾਲ ਦੌਲਤ ਇੱਕਠੀ ਕਰਨ ਵਾਲੇ ਸਿਆਸਤਦਾਨਾਂ ਦੀ ਅਜਿਹੀ ਦੌਲਤ ਜ਼ਬਤ ਕਰਨ ਤੋਂ ਇਲਾਵਾ ਲੰਮੇ ਸਮੇਂ ਲਈ ਜੇਲ੍ਹ ਦੀ ਸਜ਼ਾ ਦਾ ਪ੍ਰਾਵਧਾਨ ਵੀ ਕੀਤਾ ਜਾਵੇ ।

ਉਪਰੋਕਤ ਸੁਝਾਵਾਂ ਤੋਂ ਇਲਾਵਾ ਹੋਰ ਸੁਝਾਅ ਵੀ ਹੋ ਸਕਦੇ ਹਨ । ਲੋਕਤੰਤਰ ਦੀ ਖ਼ੂਬਸੂਰਤੀ ਨੂੰ ਬਰਕਰਾਰ ਰੱਖਣ ਲਈ ਇਹਨਾਂ ਸੁਝਾਵਾਂ ਅਤੇ ਬੁੱਧੀਜੀਵੀਆਂ ਤੋਂ ਆਏ ਹੋਰ ਸੁਝਾਵਾਂ ਨੂੰ ਅਮਲ ਵਿੱਚ ਲਿਆਂਦਾ ਜਾਵੇ।

# ਸੰਪਰਕ : 98727-87243

ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ

ਡਾ. ਗੋਪਾਲ ਸਿੰਘ ਬੁੱਟਰ

ਭਾਈ ਕਰਮ ਸਿੰਘ ਦੌਲਤਪੁਰ ਕੈਨੇਡਾ ਦੇ ਉੱਘੇ ਗ਼ਦਰੀ ਦੇਸ਼ ਭਗਤ ਸਨ, ਜਿਹੜੇ ਦੂਸਰੇ ਗ਼ਦਰੀ ਬਾਬਿਆਂ ਵਾਂਗ ਵਿਕਸਤ ਦੇਸ਼ ਦੇ ਖੁਸ਼ਹਾਲ ਜੀਵਨ,ਜਿਸ ਵਿੱਚ ਘਰ-ਬਾਹਰ ਜ਼ਮੀਨ-ਜਾਇਦਾਦ ਸ਼ਾਮਿਲ ਸਨ, ਦਾ ਮੋਹ ਤਿਆਗ ਕੇ 1914 ਨੂੰ ਦੇਸ਼ ਨੂੰ ਬਰਤਾਨਵੀ ਸਾਮਰਾਜ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਆਪਣੇ ਵਤਨ ਵਾਪਸ ਆ ਕੇ ਹਥਿਆਰਬੰਦ ਇਨਕਲਾਬ ਦੇ ਸੰਘਰਸ਼ ਵਿੱਚ ਕੁੱਦ ਪਏ ਸਨ ।

ਕਰਮ ਸਿੰਘ ਦੌਲਤਪੁਰ ਦਾ ਜਨਮ 1880 ਨੂੰ ਦੋਆਬੇ ਦੇ ਨਵਾਂਸ਼ਹਿਰ ਦੇ ਨਜ਼ਦੀਕ ਪਿੰਡ ਦੌਲਤਪੁਰ ਵਿਖੇ ਨੱਥਾ ਸਿੰਘ ਥਾਂਦੀ ਦੇ ਘਰ ਮਾਤਾ ਦੁੱਲੀ ਦੀ ਕੁੱਖੋਂ ਹੋਇਆ । ਉਨ੍ਹਾ ਅੱਠ ਸਾਲ ਦੇ ਕਰੀਬ ਫੌਜ ਵਿੱਚ ਨੌਕਰੀ ਕਰਨ ਉਪਰੰਤ ਪਿੰਡ ਆ ਕੇ ਖੇਤੀਬਾੜੀ ਦਾ ਕੰਮ ਸੰਭਾਲ ਲਿਆ। ਫੌਜ ਦੀ ਨੌਕਰੀ ਦੌਰਾਨ ਮਿਲੇ ਬਾਬਾ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਦੇ ਪ੍ਰਭਾਵ ਸਦਕਾ ਉਹ ਪਿੰਡ ਵਿੱਚ ਹੀ ਭੋਰਾ ਪੁੱਟ ਕੇ ਪ੍ਰਭੂ ਭਗਤੀ ਵਿੱਚ ਲੀਨ ਰਹਿਣ ਲੱਗ ਪਏ। ਉਨ੍ਹਾਂ ਦੀ ਇਸ ਰੁਚੀ ਬਾਰੇ ਜਾਣ ਕੇ ਉਨ੍ਹਾਂ ਨੂੰ ਦੁਨੀਆਦਾਰੀ ਨਾਲ ਜੋੜੀ ਰੱਖਣ ਦੇ ਉਦੇਸ਼ ਨਾਲ ਉਨ੍ਹਾ ਦੇ ਕੈਨੇਡਾ ਰਹਿੰਦੇ ਚਾਚਾ ਵਰਿਆਮ ਸਿੰਘ ਤੇ ਭਰਾ ਹਰੀ ਸਿੰਘ ਨੇ ਆਪਣੇ ਕੋਲ ਵੈਨਕੂਵਰ ਦੇ ਨਜ਼ਦੀਕ ਐਬਟਸਫੋਰਡ ਵਿਖੇ ਬੁਲਾ ਲਿਆ । ਏਥੇ ਉਹ ਸੰਤ ਤੇਜਾ ਸਿੰਘ ਦੀ ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਵਿੱਚ ਹਿੱਸੇਦਾਰ ਸਨ। ਕੈਨੇਡਾ ਵਿੱਚ ਭਾਈ ਕਰਮ ਸਿੰਘ ਨੇ ਇੱਥੇ ਚਲਦੇ ਨਸਲੀ ਵਿਤਕਰਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਭਾਰਤੀਆਂ ਨਾਲ ਜੁੜ ਗਏ। ਜਦੋਂ 1913 ਗ਼ਦਰ ਪਾਰਟੀ ਦਾ ਗਠਨ ਹੋਇਆ ਤਾਂ ਭਾਈ ਕਰਮ ਸਿੰਘ ਦੌਲਤਪੁਰ ਨੇ ਵੀ ਵੈਨਕੂਵਰ ਦੇ ਖ਼ਾਲਸਾ ਦੀਵਾਨ ਸੁਸਾਇਟੀ ਦੇ ਆਗੂਆਂ ਨਾਲ ਇਸ ਦਾ ਹਿੱਸਾ ਬਣ ਕੇ ਸਰਗਰਮੀ ਨਾਲ ਕੰਮ ਕਰਨਾ ਆਰੰਭ ਕਰ ਦਿੱਤਾ। ਉਹ ਗ਼ਦਰ ਕਰਨ ਦੇ ਉਦੇਸ਼ ਨਾਲ 1914 ਵਿੱਚ ਦੂਸਰੇ ਗ਼ਦਰੀ ਆਗੂਆਂ ਸਮੇਤ ਭਾਰਤ ਪਰਤ ਆਏ। ਖ਼ੁਫ਼ੀਆ ਰਿਪੋਰਟ ਦੇ ਆਧਾਰ ਤੇ ਸਰਕਾਰ ਨੇ ਉਨ੍ਹਾਂ ਨੂੰ ਪਿੰਡ ਦੌਲਤਪੁਰ ਵਿੱਚ 1918 ਤਕ ਜੂਹਬੰਦ ਕਰੀ ਰੱਖਿਆ।

ਜੂਹਬੰਦੀ ਖਤਮ ਹੋਣ ਉਪਰੰਤ ਉਹ ਆਪਣੇ ਸਾਥੀਆਂ ਸਮੇਤ ਨਨਕਾਣਾ ਸਾਹਿਬ ਗਏ, ਜਿੱਥੇ ਸਰਕਾਰ ਦੀ ਸ਼ਹਿ 'ਤੇ ਮਹੰਤ ਨਾਰਾਇਣ ਦਾਸ ਨੇ ਸ਼ਰਧਾਲੂ ਸੰਗਤਾਂ ਅਤੇ ਸਿੱਖ ਆਗੂ ਭਾਈ ਲਛਮਣ ਸਿੰਘ ਨੂੰ ਘੇਰ ਕੇ ਬੜੀ ਕਰੂਰਤਾ ਨਾਲ ਕਤਲ ਕਰ ਦਿੱਤਾ ਸੀ, ਜਿਸ ਭਿਅੰਕਰ ਘਟਨਾ ਨੂੰ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਜੋਂ ਯਾਦ ਕੀਤਾ ਜਾਂਦਾ ਹੈ। ਇੱਥੇ ਭਾਈ ਸਾਹਿਬ ਨੇ ਅੰਮ੍ਰਿਤ ਛਕ ਕੇ ਆਪਣਾ ਨਾਂਅ ਨਰੈਣ ਸਿੰਘ ਤੋਂ ਕਰਮ ਸਿੰਘ ਰੱਖ ਲਿਆ ਅਤੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਕੁੱਦਣ ਦਾ ਫੈਸਲਾ ਕਰ ਲਿਆ ।

ਗੁਰੂ ਕੇ ਬਾਗ ਵਿੱਚ ਸ਼ਾਂਤਮਈ ਅਕਾਲੀ ਅੰਦੋਲਨ ਉੱਤੇ ਹੋਏ ਸਰਕਾਰੀ ਜ਼ੁਲਮ ਨੂੰ ਦੇਖ ਕੇ ਉਨ੍ਹਾਂ ਹਥਿਆਰਬੰਦ ਸੰਘਰਸ਼ ਕਰਨ ਦਾ ਰਸਤਾ ਅਖ਼ਤਿਆਰ ਕੀਤਾ । ਉਸ ਸਮੇਂ ਮਾਸਟਰ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਵਿੱਚ ਇਨਕਲਾਬੀ ਦੇਸ਼ ਭਗਤਾਂ ਨੇ ਚੱਕਰਵਰਤੀ ਜਥਾ ਬਣਾ ਕੇ ਜਲੰਧਰ ਦੇ ਇਲਾਕੇ ਵਿੱਚ ਬਰਤਾਨਵੀ ਸਰਕਾਰ ਅਤੇ ਉਸ ਦੇ ਹੱਥਠੋਕੇ ਸਰਕਾਰ ਪ੍ਰਸਤਾਂ ਵਿਰੁੱਧ ਸੰਘਰਸ਼ ਆਰੰਭ ਕੀਤਾ ਹੋਇਆ ਸੀ ।

ਭਾਈ ਕਰਮ ਸਿੰਘ ਦੌਲਤਪੁਰ ਨੇ ਆਪਣੇ ਕੈਨੇਡਾ ਤੋਂ ਆਏ ਆਸਾ ਸਿੰਘ ਭੁਕੜੂਦੀ, ਹਰੀ ਸਿੰਘ ਸੂੰਢ ਤੇ ਕਰਮ ਸਿੰਘ ਝਿੰਗੜ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਇਹੀ ਸੰਘਰਸ਼ ਬੰਗਾ, ਨਵਾਂ ਸ਼ਹਿਰ ਅਤੇ ਮਾਹਿਲਪੁਰ ਦੇ ਇਲਾਕਿਆਂ ਵਿੱਚ ਵਿੱਢਿਆ ਹੋਇਆ ਸੀ। ਭਾਈ ਕਰਮ ਸਿੰਘ ਦੌਲਤਪੁਰ ਨੇ ਆਪਣੇ ਸੰਘਰਸ਼ ਦੇ ਪ੍ਰਚਾਰ ਲਈ ਗ਼ਦਰ ਪਾਰਟੀ ਦੇ ਪਰਚੇ 'ਗ਼ਦਰ' ਦੀ ਤਰਜ਼ 'ਤੇ ਇੱਕ ਅਖ਼ਬਾਰ 'ਬੱਬਰ ਅਕਾਲੀ ਦੁਆਬਾ' ਪ੍ਰਕਾਸ਼ਤ ਕਰਨਾ ਆਰੰਭ ਕੀਤਾ, ਜਿਸ ਨੂੰ ਉਹ ਪਹਿਲਾਂ ਸਫ਼ਰੀ ਅਤੇ ਬਾਅਦ ਵਿੱਚ ਉਡਾਰੂ ਪ੍ਰੈੱਸ ਨਾਂਅ ਤਹਿਤ ਛਾਪਦੇ ਰਹੇ । ਭਾਈ ਕਰਮ ਸਿੰਘ ਦੌਲਤਪੁਰ ਨੇ ਬੱਬਰ ਅਕਾਲੀ ਦੁਆਬਾ ਪਰਚੇ ਦੇ ਪ੍ਰਕਾਸ਼ਨ ਲਈ ਪਿੰਡ ਬਛੌੜੀ ਦੇ ਨੰਬਰਦਾਰ ਰਾਮਦਿੱਤਾ ਤੋਂ ਸਰਕਾਰੀ ਮਾਲੀਏ ਦੇ ਪੈਸੇ ਖੋਹ ਕੇ ਸਾਈਕਲੋਸਟਾਈਲ ਮਸ਼ੀਨ ਖਰੀਦ ਕੇ 22 ਅਗਸਤ 1922 ਨੂੰ ਪਹਿਲਾ ਅੰਕ ਪ੍ਰਕਾਸ਼ਤ ਕਰਕੇ ਦੇਸ਼ ਭਗਤਾਂ ਦੀ ਮੁਖ਼ਬਰੀ ਕਰਨ ਵਾਲੇ ਝੋਲ਼ੀ ਚੁੱਕਾਂ ਵਰਜਦਿਆਂ ਲਿਖਿਆ ਕਿ ਅੱਗੇ ਤੋਂ ਇਸ ਕੁਕਰਮ ਦੀ ਸਜ਼ਾ ਮੌਤ ਹੋਵੇਗੀ । ਇਸ ਉਪਰੰਤ ਪਰਚੇ ਦੇ ਮਈ 1923 ਤੱਕ 15 ਅੰਕ ਪ੍ਰਕਾਸ਼ਤ ਹੋਏ । ਭਾਈ ਸਾਹਿਬ ਦੇ ਇਸ ਸ਼ਕਤੀਸ਼ਾਲੀ ਪ੍ਰਚਾਰ ਮਾਧਿਅਮ ਤੋਂ ਪ੍ਰਭਾਵਤ ਹੋ ਕੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਨੂੰ ਮਿਲ ਕੇ ਸਾਂਝੇ ਸੰਘਰਸ਼ ਦੀ ਵਿਓਂਤਬੰਦੀ ਕਰਨ ਦਾ ਮਨ ਬਣਾਇਆ।ਭਾਈ ਸਾਹਿਬ ਦੇ ਸਾਥੀ ਆਸਾ ਸਿੰਘ ਭੁਕੜੂਦੀ ਨੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਇਸ ਇੱਛਾ'ਤੇ ਉਨ੍ਹਾਂ ਨੂੰ ਭਾਈ ਕਰਮ ਸਿੰਘ ਦੌਲਤਪੁਰ ਨਾਲ ਮਿਲਵਾਇਆ। ਇਸ ਮਿਲਣੀ ਉਪਰੰਤ ਚਕਰਵਰਤੀ ਜੱਥਾ ਭਾਈ ਦੌਲਤਪੁਰ ਦੀ ਲਹਿਰ ਵਿੱਚ ਮਿਲਾ ਕੇ ਇਸ ਦਾ ਨਾਂਅ ਬੱਬਰ ਅਕਾਲੀ ਜਥਾ ਰੱਖ ਲਿਆ। ਜਥੇਦਾਰ ਗੜਗੱਜ ਨੇ ਸਾਥੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਅੱਗੇ ਤੋਂ ਭਾਈ ਸਾਹਿਬ ਨੂੰ 'ਬੱਬਰ ਸਾਹਿਬ' ਕਿਹਾ ਕਰਨਗੇ ਅਤੇ 'ਬੱਬਰ ਅਕਾਲੀ ਦੁਆਬਾ' ਦੇ ਐਡੀਟਰ ਵੀ ਭਾਈ ਕਰਮ ਸਿੰਘ ਦੌਲਤਪੁਰ ਹੀ ਰਹਿਣਗੇ।



ਬੱਬਰ ਅਕਾਲੀ ਲਹਿਰ ਦੀਆਂ ਸਰਕਾਰ ਪ੍ਰਸਤਾਂ ਤੇ ਮੁਖ਼ਬਰਾਂ ਨੂੰ ਸੋਧਣ ਦੀਆਂ ਕਾਰਵਾਈਆਂ ਦੇ ਆਤੰਕ ਨੇ ਸਰਕਾਰ ਨੂੰ ਫਿਕਰਾਂ ਵਿੱਚ ਪਾ ਦਿੱਤਾ । ਸਰਕਾਰ ਨੇ ਆਪਣੇ ਦਮਨ-ਚੱਕਰ ਨੂੰ ਤੇਜ਼ ਕਰਨ ਹਿਤ ਬੱਬਰਾਂ ਨੂੰ ਗ੍ਰਿਫਤਾਰ ਕਰਵਾਉਣ ਵਾਲਿਆਂ ਨੂੰ ਵੱਡੇ-ਵੱਡੇ ਲਾਲਚਾਂ ਦੀ ਪੇਸ਼ਕਸ਼ ਦਿੱਤੀ । ਭਾਈ ਕਰਮ ਸਿੰਘ ਦੌਲਤਪੁਰ ਦਾ ਧਰਮ-ਪੁੱਤਰ ਬਣਿਆ ਸਾਥੀ ਅਨੂਪ ਸਿੰਘ ਇਸ ਲੋਭ-ਚੱਕਰ ਵਿੱਚ ਫਸ ਗਿਆ । ਉਸ ਨੇ 31 ਅਗਸਤ ਅਤੇ 1 ਸਤੰਬਰ 1923 ਵਿਚਲੀ ਰਾਤ ਨੂੰ ਭਾਈ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟ ਤੇ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਦੀ ਖ਼ਬਰ ਪੁਲਸ ਨੂੰ ਪਹੁੰਚਾ ਕੇ ਉਨ੍ਹਾਂ ਨੂੰ ਘੇਰਾ ਪਵਾ ਦਿੱਤਾ । ਇਸ ਤੋਂ ਪਹਿਲਾਂ ਅਨੂਪ ਸਿੰਘ ਇਨ੍ਹਾਂ ਦੇ ਹਥਿਆਰ ਨਕਾਰਾ ਕਰ ਕੇ ਆਪ ਪੇਟ ਦੀ ਖ਼ਰਾਬੀ ਦਾ ਬਹਾਨਾ ਬਣਾ ਕੇ ਉੱਥੋਂ ਚਲਾ ਗਿਆ । ਪਹਲੀ ਸਤੰਬਰ ਨੂੰ ਸਵੇਰੇ ਤੜਕੇ ਪਏ ਪੁਲਸ ਦੇ ਘੇਰੇ ਦੌਰਾਨ ਇਹ ਚਾਰੇ ਦੇਸ਼ ਭਗਤ ਮੁਕਾਬਲਾ ਕਰਦੇ ਹੋਏ ਫਗਵਾੜੇ ਕੋਲ ਬੰਬੇਲੀ ਪਿੰਡ ਵਿੱਚ ਸ਼ਹਾਦਤ ਦਾ ਪੀ ਗਏ।

ਇਨ੍ਹਾਂ ਮਹਾਨ ਇਨਕਲਾਬੀ ਸੂਰਬੀਰਾਂ ਦਾ ਸ਼ਹੀਦੀ ਦਿਵਸ ਪਿੰਡ ਦੌਲਤਪੁਰ (ਭਾਰਤ), ਸ਼ਹੀਦੀ ਸਥਾਨ 'ਤੇ ਬਣੀ ਯਾਦਗਾਰ ਉੱਤੇ ਬੰਬੇਲੀ ਨਜ਼ਦੀਕ ਫਗਵਾੜਾ ਅਤੇ ਹੈਰੀਟੇਜ ਗੁਰਦੁਆਰਾ ਐਬਟਸਫੋਰਡ (ਬੀ ਸੀ ਕੈਨੇਡਾ) ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ, ਜਿੱਥੇ ਇਨ੍ਹਾਂ ਦੀਆਂ ਯਾਦਗਾਰਾਂ ਸਥਾਪਤ ਕੀਤੀਆਂ ਗਈਆਂ ਹਨ ।

# ਸੰਪਰਕ: 9199150-05814

# ਕੈਨੇਡਾ ਨਾਲ ਟਰੰਪ ਦੀ ਵਪਾਰਕ ਜੰਗ ਧਮਕੀਆਂ ਤੋਂ ਟੈਰਿਫ਼ਾਂ ਤੱਕ ਪਹੁੰਚੀ


ਸੁਰਜੀਤ ਸਿੰਘ ਫਲੋਰਾ

ਵਾਸ਼ਿੰਗਟਨ ਅਤੇ ਓਟਵਾ ਹੁਣ ਇਕ-ਦੂਜੇ 'ਤੇ ਟੈਰਿਫ਼, ਚੇਤਾਵਨੀਆਂ ਅਤੇ ਸਿਆਸੀ ਤਨਜ਼ ਸੁੱਟ ਰਹੇ ਹਨ। ਇਸ ਟਕਰਾਅ ਦਾ ਆਰਥਿਕ ਨੁਕਸਾਨ ਸ਼ਾਇਦ ਬਿਆਨਾਂ ਜਿੰਨਾ ਨਾਟਕੀ ਨਾ ਹੋਵੇ, ਪਰ ਇਸ ਦੇ ਪ੍ਰਭਾਵ ਲੰਮੇ ਸਮੇਂ ਤੱਕ ਰਹਿ ਸਕਦੇ ਹਨ।ਵਪਾਰਕ ਗੱਲਬਾਤ ਨਾਕਾਮ ਹੋਣ ਤੋਂ ਬਾਅਦ ਡੋਨਾਲਡ ਟਰੰਪ ਨੇ ਕਿਹਾ ਕਿ ਹੁਣ ਕੈਨੇਡਾ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ ਹੈ। ਇਸ ਤੋਂ ਕੁਝ ਦਿਨ ਪਹਿਲਾਂ ਉਹ ਕਹਿ ਚੁੱਕੇ ਸਨ ਕਿ ਸਮਝੌਤਾ ਲਗਭਗ ਤੈਅ ਹੈ, ਪਰ ਇਸ ਦੀ ਥਾਂ ਵਾਸ਼ਿੰਗਟਨ ਨੇ ਨਵੇਂ ਟੈਰਿਫ਼ ਲਗਾ ਦਿੱਤੇ, ਓਟਵਾ ਨੇ ਜਵਾਬੀ ਕਾਰਵਾਈ ਦੀ ਧਮਕੀ ਦਿੱਤੀ ਅਤੇ ਦੋਵਾਂ ਦੇਸ਼ਾਂ ਵਿਚਕਾਰ ਤਿੱਖਾ ਵਿਵਾਦ ਖੜ੍ਹਾ ਹੋ ਗਿਆ।

ਅਮਰੀਕਾ ਦੇ ਨਵੇਂ ਟੈਰਿਫ਼ 22 ਅਗਸਤ ਨੂੰ ਲਾਗੂ ਹੋਏ। ਇਨ੍ਹਾਂ ਤਹਿਤ ਕੈਨੇਡਾ ਤੋਂ ਆਉਣ ਵਾਲੀਆਂ 27.6 ਬਿਲੀਅਨ ਕੈਨੇਡੀਅਨ ਡਾਲਰ ਜਾਂ 20 ਬਿਲੀਅਨ ਅਮਰੀਕੀ ਡਾਲਰ ਦੀਆਂ ਵਸਤਾਂ 'ਤੇ 50 ਫ਼ੀਸਦੀ ਤੱਕ ਡਿਊਟੀ ਲਗਾਈ ਗਈ ਹੈ। ਊਰਜਾ, ਪੋਟਾਸ਼, ਮੱਛੀ, ਕੁਝ ਮਹੱਤਵਪੂਰਨ ਖਣਿਜ ਅਤੇ ਸੈਕਸ਼ਨ 232 ਤਹਿਤ ਪਹਿਲਾਂ ਹੀ ਟੈਰਿਫ਼ ਦੇ ਘੇਰੇ ਵਿੱਚ ਆਉਣ ਵਾਲੇ ਉਤਪਾਦਾਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ । ਫਿਰ ਵੀ ਇਸ ਪੈਕੇਜ ਨਾਲ ਸਰਹੱਦ ਪਾਰ ਵਪਾਰ ਦਾ ਵੱਡਾ ਹਿੱਸਾ ਪ੍ਰਭਵਿਤ ਹੋਵੇਗਾ।ਟੈਰਿਫ਼ ਸੂਚੀ ਵਿੱਚ ਸਟੀਲ ਉਤਪਾਦ, ਸੀਮੈਂਟ, ਵਾਈਨ, ਹਾਕੀ ਸਟਿਕਾਂ ਅਤੇ ਲੱਕੜ ਸ਼ਾਮਲ ਹਨ। ਇਹ ਕਦਮ ਸਟੀਲ, ਐਲੂਮੀਨੀਅਮ, ਤਾਂਬੇ, ਵਾਹਨਾਂ, ਆਟੋ ਪਾਰਟਸ ਅਤੇ ਕੈਨੇਡੀਅਨ ਲੱਕੜ 'ਤੇ ਲੱਗੀਆਂ ਮੌਜੂਦਾ ਅਮਰੀਕੀ ਡਿਊਟੀਆਂ ਨਾਲ ਜੁੜ ਗਿਆ ਹੈ । ਟਰੰਪ ਨੇ ਕੈਨੇਡੀਅਨ ਵਾਹਨਾਂ, ਆਟੋ ਪਾਰਟਸ ਅਤੇ ਸਟੀਲ 'ਤੇ 50 ਫ਼ੀਸਦੀ ਟੈਰਿਫ਼ ਲਗਾਉਣ ਦੀ ਧਮਕੀ ਵੀ ਦਿੱਤੀ ਹੈ, ਪਰ ਅਗਸਤ ਦੇ ਅਖੀਰ ਤੱਕ ਇਸ ਬਾਰੇ ਕੋਈ ਸਰਕਾਰੀ ਹੁਕਮ ਜਾਰੀ ਨਹੀਂ ਕੀਤਾ ਗਿਆ ।

ਟਰੰਪ ਦਾ ਕਹਿਣਾ ਹੈ ਕਿ ਕੈਨੇਡਾ ਅਮਰੀਕਾ ਨੂੰ ਅਜਿਹੀ ਕੋਈ ਚੀਜ਼ ਨਹੀਂ ਦਿੰਦਾ, ਜਿਸ ਦੀ ਉਸ ਨੂੰ ਬਿਲਕੁਲ ਲੋੜ ਹੋਵੇ। ਇਹ ਸਿਆਸੀ ਦਾਅਵਾ ਹੈ, ਉੱਤਰੀ ਅਮਰੀਕੀ ਉਦਯੋਗ ਦੀ ਸਹੀ ਤਸਵੀਰ ਨਹੀਂ। ਕੈਨੇਡੀਅਨ ਊਰਜਾ, ਖਣਿਜ, ਬਿਜਲੀ, ਖੇਤੀਬਾੜੀ ਉਤਪਾਦ ਅਤੇ ਤਿਆਰ ਕੀਤੇ ਪੁਰਜ਼ੇ ਅਮਰੀਕੀ ਸਪਲਾਈ ਚੇਨਾਂ ਵਿੱਚ ਗੁੱਥੇ ਹੋਏ ਹਨ। ਰਾਸ਼ਟਰਪਤੀ ਦੇ ਇਕ ਐਲਾਨ ਨਾਲ ਇਹ ਸੰਬੰਧ ਬਦਲੇ ਨਹੀਂ ਜਾ ਸਕਦੇ।ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਅਮਰੀਕਾ ਨੇ ਆਖ਼ਰੀ ਪਲ ਅਨਿਆਂਇਕ ਮੰਗਾਂ ਰੱਖੀਆਂ । ਟਰੰਪ ਪ੍ਰਸ਼ਾਸਨ ਨੇ ਇਸ ਦੇ ਉਲਟ ਦਾਅਵਾ ਕੀਤਾ ਕਿ ਕੈਨੇਡਾ ਨੇ ਉਸ ਦੀ ਲਾਭਦਾਇਕ ਪੇਸ਼ਕਸ਼ ਠੁਕਰਾ ਦਿੱਤੀ। ਦੋਵਾਂ ਧਿਰਾਂ ਦੇ ਬਿਆਨਾਂ ਨੇ ਸਮਝੌਤੇ ਦੀ ਗੁੰਜਾਇਸ਼ ਹੋਰ ਘਟਾ ਦਿੱਤੀ ਹੈ। ਇਸ ਦੌਰਾਨ ਕੈਨੇਡੀਅਨ ਵਾਰਤਾਕਾਰਾਂ ਬਾਰੇ ਟਰੰਪ ਦੀ ਤਨਜ਼ ਭਰੀ ਭਾਸ਼ਾ ਅਤੇ 'ਝੀਲ ਓਨਟਾਰੀਓ' ਦਾ ਨਾਂਅ 'ਲੇਕ ਅਮਰੀਕਾ' ਰੱਖਣ ਦੀ ਤਜਵੀਜ਼ ਨੇ ਗੰਭੀਰ ਵਪਾਰਕ ਵਿਵਾਦ ਨੂੰ ਸਿਆਸੀ ਤਮਾਸ਼ੇ ਦਾ ਰੂਪ ਦੇ ਦਿੱਤਾ ਹੈ।ਕੈਨੇਡਾ ਦੀ ਜਵਾਬੀ ਕਾਰਵਾਈ 8 ਸਤੰਬਰ ਤੋਂ ਸ਼ੁਰੂ ਹੋਵੇਗੀ। ਓਟਵਾ ਨੇ ਲਗਭਗ 27.6 ਬਿਲੀਅਨ ਕੈਨੇਡੀਅਨ ਡਾਲਰ ਦੀਆਂ ਅਮਰੀਕੀ ਦਰਾਮਦਾਂ 'ਤੇ 15, 25 ਅਤੇ 50 ਫ਼ੀਸਦੀ ਡਿਊਟੀ ਲਗਾਉਣ ਦੀ ਯੋਜਨਾ ਬਣਾਈ ਹੈ। ਇਹ ਕਦਮ ਵਾਸ਼ਿੰਗਟਨ ਦੀ ਕਾਰਵਾਈ ਦਾ ਉਤਪਾਦ-ਦਰ-ਉਤਪਾਦ ਜਵਾਬ ਹੋਵੇਗਾ। ਇਸ ਸੂਚੀ ਵਿੱਚ ਸਟੀਲ, ਡੇਅਰੀ ਉਤਪਾਦ, ਘਰੇਲੂ ਸਾਜ਼ੋ-ਸਾਮਾਨ, ਖੇਤੀਬਾੜੀ ਮਸ਼ੀਨਰੀ, ਕਾਗਜ਼ ਅਤੇ ਲੱਕੜ, ਪਲਾਸਟਿਕ, ਇਲੈਕਟ੍ਰਾਨਿਕ ਸਮਾਨ, ਫਰਨੀਚਰ, ਕੱਪੜੇ, ਤਿਆਰ ਖਾਣੇ ਅਤੇ ਨਿੱਜੀ ਸਫ਼ਾਈ ਦੀਆਂ ਵਸਤਾਂ ਸ਼ਾਮਲ ਹਨ।

ਜਵਾਬੀ ਟੈਰਿਫ਼ ਦਬਾਅ ਬਣਾਉਣ ਲਈ ਲਗਾਏ ਜਾਂਦੇ ਹਨ, ਪਰ ਉਨ੍ਹਾਂ ਦੀ ਕੀਮਤ ਵੀ ਹੁੰਦੀ ਹੈ। ਦਰਾਮਦਕਾਰ ਪਹਿਲਾਂ ਡਿਊਟੀ ਭਰਦੇ ਹਨ ਅਤੇ ਫਿਰ ਇਸ ਦਾ ਕੁਝ ਹਿੱਸਾ ਰਿਟੇਲਰਾਂ, ਨਿਰਮਾਤਾਵਾਂ ਅਤੇ ਖਪਤਕਾਰਾਂ ਤੱਕ ਪਹੁੰਚਾ ਦਿੰਦੇ ਹਨ । ਕੁਝ ਕੰਪਨੀਆਂ ਘੱਟ ਮੁਨਾਫ਼ਾ ਕਬੂਲ ਕਰਦੀਆਂ ਹਨ । ਇਸ ਦਾ ਬੋਝ ਸਾਰਿਆਂ 'ਤੇ ਇਕਸਾਰ ਨਹੀਂ ਪੈਂਦਾ।

ਟਾਇਲਟ ਪੇਪਰ ਇਸ ਦੀ ਸਾਫ਼ ਮਿਸਾਲ ਹੈ। ਕੈਨੇਡਾ ਨੇ ਅਮਰੀਕੀ ਟਿਸ਼ੂ ਉਤਪਾਦਾਂ ਨੂੰ ਜਵਾਬੀ ਡਿਊਟੀ ਦੇ ਘੇਰੇ ਵਿੱਚ ਰੱਖਿਆ ਹੈ, ਜਦਕਿ ਅਮਰੀਕੀ ਨਿਰਮਾਤਾ ਲੱਕੜ ਅਤੇ ਹੋਰ ਕੱਚੇ ਮਾਲ ਲਈ ਕੈਨੇਡਾ 'ਤੇ ਨਿਰਭਰ ਹਨ । ਭਾਵੇਂ ਤਿਆਰ ਉਤਪਾਦ ਅਮਰੀਕਾ ਵਿੱਚ ਹੀ ਬਣੇ, ਵਪਾਰਕ ਟਕਰਾਅ ਦੀ ਲਾਗਤ ਵਧ ਸਕਦੀ ਹੈ। ਵਾਹਨਾਂ 'ਤੇ ਟੈਰਿਫ਼ ਹੋਰ ਵੀ ਗੰਭੀਰ ਪ੍ਰਭਾਵ ਪਾ ਸਕਦੇ ਹਨ, ਕਿਉਂਕਿ ਕਾਰ ਦੇ ਡੀਲਰ ਤੱਕ ਪਹੁੰਚਣ ਤੋਂ ਪਹਿਲਾਂ ਉਸ ਦੇ ਪੁਰਜ਼ੇ ਕਈ ਵਾਰ ਸਰਹੱਦ ਪਾਰ ਕਰ ਸਕਦੇ ਹਨ।

ਇਸ ਟਕਰਾਅ ਵਿੱਚ ਕੈਨੇਡਾ ਦੀ ਨਿਰਭਰਤਾ ਵੱਧ ਹੈ। 2025 ਵਿੱਚ ਕੈਨੇਡਾ ਦੀਆਂ ਵਸਤੂ ਨਿਰਯਾਤਾਂ ਵਿੱਚੋਂ 71.7 ਫ਼ੀਸਦੀ ਅਮਰੀਕਾ ਨੂੰ ਗਈਆਂ, ਜਦਕਿ ਇਕ ਸਾਲ ਪਹਿਲਾਂ ਇਹ ਹਿੱਸਾ 75.9 ਫ਼ੀਸਦੀ ਸੀ। ਫਿਰ ਵੀ ਅਮਰੀਕਾ ਕੈਨੇਡੀਅਨ ਊਰਜਾ, ਪੋਟਾਸ਼, ਐਲੂਮੀਨੀਅਮ, ਨਿਕਲ, ਯੂਰੇਨੀਅਮ, ਬਿਜਲੀ ਅਤੇ ਉਦਯੋਗਿਕ ਪੁਰਜ਼ਿਆਂ ਦੀ ਥਾਂ ਜਲਦੀ ਨਹੀਂ ਭਰ ਸਕਦਾ। ਨਵੀਆਂ ਖਾਣਾਂ, ਪਾਈਪ ਲਾਈਨਾਂ, ਰੇਲ ਮਾਰਗਾਂ, ਕਰਾਰਾਂ ਅਤੇ ਪ੍ਰੋਸੈਸਿੰਗ ਕੇਂਦਰਾਂ ਲਈ ਕਈ ਸਾਲ ਲੱਗਦੇ ਹਨ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਹੈ ਕਿ ਬਿਜਲੀ ਅਤੇ ਮਹੱਤਵਪੂਰਨ ਖਣਿਜਾਂ ਦੇ ਮਾਮਲੇ ਵਿੱਚ ਹਰ ਵਿਕਲਪ ਖੁੱਲ੍ਹਾ ਹੈ । ਉਨ੍ਹਾਂ ਦੇ ਮੁਤਾਬਕ ਓਨਟਾਰੀਓ ਦੀ ਬਿਜਲੀ ਮਿਸ਼ੀਗਨ, ਮਿਨੇਸੋਟਾ ਅਤੇ ਨਿਊਯਾਰਕ ਵਿੱਚ ਲਗਭਗ 1.5 ਮਿਲੀਅਨ ਘਰਾਂ ਅਤੇ ਕਾਰੋਬਾਰਾਂ ਦੀਆਂ ਲੋੜਾਂ ਪੂਰੀ ਕਰਦੀ ਹੈ। ਓਨਟਾਰੀਓ ਨੇ ਵਿਆਪਕ ਬਿਜਲੀ ਕੱਟ ਦਾ ਹੁਕਮ ਨਹੀਂ ਦਿੱਤਾ, ਪਰ ਫੋਰਡ ਕੈਨੇਡੀਅਨ ਵਸਤਾਂ ਅਤੇ ਸੇਵਾਵਾਂ ਦੀ ਹਰ ਨਿਰਯਾਤ ਨੂੰ ਰੋਕ ਵੀ ਨਹੀਂ ਸਕਦੇ। ਬਿਜਲੀ ਦਾ ਵਪਾਰ ਸੂਬਾਈ ਰੈਗੂਲੇਟਰਾਂ, ਬਿਜਲੀ ਕੰਪਨੀਆਂ, ਸੰਘੀ ਕਾਨੂੰਨਾਂ ਅਤੇ ਸਰਹੱਦ ਪਾਰ ਬਿਜਲੀ ਗਰਿੱਡ ਸਮਝੌਤਿਆਂ ਰਾਹੀਂ ਚੱਲਦਾ ਹੈ।

ਓਨਟਾਰੀਓ ਤੋਂ ਬਿਜਲੀ ਦੀ ਸਪਲਾਈ ਘਟਣ ਨਾਲ ਖੇਤਰੀ ਕੀਮਤਾਂ ਵਧ ਸਕਦੀਆਂ ਹਨ ਅਤੇ ਵੱਧ ਮੰਗ ਵਾਲੇ ਸਮੇਂ ਵਿੱਚ ਭਰੋਸੇਯੋਗਤਾ 'ਤੇ ਦਬਾਅ ਪੈ ਸਕਦਾ ਹੈ । ਇਸ ਨਾਲ ਅਮਰੀਕਾ ਦੀ ਬਿਜਲੀ ਪ੍ਰਣਾਲੀ ਬੰਦ ਨਹੀਂ ਹੋਵੇਗੀ, ਪਰ ਓਨਟਾਰੀਓ ਦੀ ਆਮਦਨ ਘਟੇਗੀ ਅਤੇ ਲੰਮੇ ਸਮੇਂ ਤੋਂ ਚੱਲ ਰਹੇ ਗਾਹਕਾਂ ਦੇ ਭਰੋਸੇ 'ਤੇ ਅਸਰ ਪਵੇਗਾ। ਨਿਕਲ ਜਾਂ ਯੂਰੇਨੀਅਮ ਦੀ ਸਪਲਾਈ ਰੋਕਣ ਨਾਲ ਕੈਨੇਡੀਅਨ ਉਤਪਾਦਕਾਂ ਨੂੰ ਵੀ ਨੁਕਸਾਨ ਹੋਵੇਗਾ, ਕਿਉਂਕਿ ਉਨ੍ਹਾਂ ਨੂੰ ਅਮਰੀਕੀ ਖਰੀਦਦਾਰਾਂ ਦੀ ਓਨੀ ਹੀ ਲੋੜ ਹੈ, ਜਿੰਨੀ ਅਮਰੀਕੀ ਨਿਰਮਾਤਾਵਾਂ ਨੂੰ ਨੇੜਲੀ ਸਪਲਾਈ ਦੀ।

ਇਹੀ ਇਸ ਵਪਾਰਕ ਜੰਗ ਦੀ ਮੁੱਖ ਕਮਜ਼ੋਰੀ ਹੈ। ਦੋਵੇਂ ਸਰਕਾਰਾਂ ਇਕ-ਦੂਜੇ ਨੂੰ ਆਰਥਿਕ ਨੁਕਸਾਨ ਪਹੁੰਚਾ ਸਕਦੀਆਂ ਹਨ, ਪਰ ਘਰੇਲੂ ਨੁਕਸਾਨ ਤੋਂ ਬਚ ਨਹੀਂ ਸਕਦੀਆਂ ।ਤੁਰੰਤ ਅਗਲੀ ਤਰੀਕ 8 ਸਤੰਬਰ ਹੈ, ਜਦੋਂ ਕੈਨੇਡਾ ਦੀ ਜਵਾਬੀ ਕਾਰਵਾਈ ਸ਼ੁਰੂ ਹੋਵੇਗੀ। ਇਸ ਤੋਂ ਵੱਡਾ ਖ਼ਤਰਾ ਟਰੰਪ ਵੱਲੋਂ ਧਮਕਾਏ ਗਏ ਵਾਹਨਾਂ, ਆਟੋ ਪਾਰਟਸ ਅਤੇ ਸਟੀਲ ਦੇ ਟੈਰਿਫ਼ ਹਨ, ਭਾਵੇਂ ਉਨ੍ਹਾਂ ਲਈ ਅਜੇ ਸਰਕਾਰੀ ਹੁਕਮ ਜਾਰੀ ਨਹੀਂ ਹੋਇਆ । ਅਮਰੀਕੀ ਕਾਰ ਨਿਰਮਾਤਾ, ਕਿਸਾਨ, ਉਦਯੋਗ ਅਤੇ ਸਰਹੱਦੀ ਸੂਬਿਆਂ ਦੇ ਅਧਿਕਾਰੀ ਵਾਸ਼ਿੰਗਟਨ 'ਤੇ ਦਬਾਅ ਪਾਉਣਗੇ । ਇਸੇ ਤਰ੍ਹਾਂ ਕੈਨੇਡੀਅਨ ਨਿਰਯਾਤਕਾਰ, ਰਿਟੇਲਰ ਅਤੇ ਖਪਤਕਾਰ ਕਾਰਨੀ ਸਰਕਾਰ ਤੋਂ ਜਵਾਬ ਮੰਗਣਗੇ।

ਸਮੇਂ ਦੇ ਨਾਲ ਅਮਰੀਕਾ ਅਤੇ ਕੈਨੇਡਾ ਇਕ-ਦੂਜੇ 'ਤੇ ਆਪਣੀ ਨਿਰਭਰਤਾ ਘਟਾ ਸਕਦੇ ਹਨ, ਪਰ ਨੇੜ ਭਵਿੱਖ ਵਿੱਚ ਪੂਰੀ ਵੱਖਰੀਕਰਨ ਦੀ ਸੰਭਾਵਨਾ ਨਹੀਂ। ਦੋਵਾਂ ਦੇਸ਼ਾਂ ਦੀਆਂ ਫੈਕਟਰੀਆਂ, ਖੇਤ, ਬਿਜਲੀ ਪ੍ਰਣਾਲੀਆਂ ਅਤੇ ਆਵਾਜਾਈ ਮਾਰਗ ਬਹੁਤ ਨੇੜੇ ਜੁੜੇ ਹੋਏ ਹਨ।

ਇਸ ਵਿਵਾਦ ਦਾ ਨਤੀਜਾ ਝੀਲਾਂ ਬਾਰੇ ਕੀਤੀਆਂ ਤਨਜ਼ੀ ਟਿੱਪਣੀਆਂ ਨਾਲ ਨਹੀਂ, ਸਗੋਂ ਇਸ ਗੱਲ ਨਾਲ ਤੈਅ ਹੋਵੇਗਾ ਕਿ ਗੱਲਬਾਤ ਮੁੜ ਸ਼ੁਰੂ ਕਰਨ ਤੋਂ ਪਹਿਲਾਂ ਵਾਸ਼ਿੰਗਟਨ ਅਤੇ ਓਟਵਾ ਆਪਣੇ-ਆਪਣੇ ਦੇਸ਼ਾਂ ਵਿੱਚ ਕਿੰਨਾ ਆਰਥਿਕ ਨੁਕਸਾਨ ਸਹਿਣ ਲਈ ਤਿਆਰ ਹਨ।

# ਭਾਕਿਯੂ ਏਕਤਾ ਉਗਰਾਹਾਂ ਵੱਲੋਂ ਡੀ ਸੀ ਦਫ਼ਤਰਾਂ ਅੱਗੇ ਅਣਮਿੱਥੇ ਸਮੇਂ ਲਈ ਪੱਕਾ ਮੋਰਚਾ ਜਾਰੀ





ਬਠਿੰਡਾ (ਪਰਵਿੰਦਰ ਜੀਤ ਸਿੰਘ)
ਕਿਸਾਨਾਂ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਡੀ ਸੀ ਦਫਤਰਾਂ ਅੱਗੇ ਲਾਏ ਪੱਕੇ ਮੋਰਚੇ ਦੇ ਅੱਜ ਦੂਜੇ ਦਿਨ ਵੀ ਕਿਸਾਨਾਂ ਮਜ਼ਦੂਰਾਂ ਖਾਸ ਕਰਕੇ ਔਰਤ ਭੈਣਾਂ ਦੇ ਕਾਫਲੇ ਜੋਸ਼ੋ ਖਰੋਸ਼ ਨਾਲ ਨਾਅਰੇ ਲਾਉਂਦੇ ਮੋਰਚੇ ਵਿੱਚ ਸ਼ਾਮਲ ਹੋਏ।ਅੱਜ ਦੇ ਇਕੱਠਾਂ ਵਿੱਚ ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਜ਼ੋਰ ਦੇ ਕੇ ਮੰਗ ਕੀਤੀ ਕਿ ਜੋ ਥਾਂ ਥਾਂ 'ਤੇ ਡਰੋਨਾ ਰਾਹੀਂ ਜਾਂ ਹੋਰ ਸਾਧਨਾ ਰਾਹੀਂ ਜ਼ਮੀਨਾਂ ਦੇ ਸਰਵੇ ਕਰਵਾਏ ਜਾ ਰਹੇ ਹਨ, ਜਿਹੜੇ ਕਿ ਲੋਕਾਂ ਦੀ ਨੀਂਦ ਹਰਾਮ ਕਰ ਰਹੇ ਹਨ।ਲੋਕ ਬਹੁਤ ਫਿਕਰਾਂ 'ਚ ਹਨ ਤੇ ਚਿੰਤਾ 'ਚ ਹਨ, ਇਸ ਮਸਲੇ 'ਤੇ ਸਰਕਾਰ ਆਪ ਦਾ ਕੋਈ ਨੀਤੀ ਬਿਆਨ ਜਾਰੀ ਕਰੇ।ਵਰਨਾ ਜਿਹੜੇ ਇਸ ਤਰ੍ਹਾਂ ਸਾਡੇ ਖੇਤਾਂ ਦੇ ਵਿੱਚ ਸਰਵੇ ਕਰਨ ਜਾਣਗੇ ਤਾਂ ਉਨ੍ਹਾਂ ਦੇ ਥਾਂ ਥਾਂ 'ਤੇ ਘਿਰਾਓ ਕੀਤੇ ਜਾਣਗੇ।

ਭਾਰਤ-ਅਮਰੀਕਾ ਵਪਾਰ ਸਮਝੌਤਾ, ਲੈਂਡ ਪੂਲਿੰਗ ਨੀਤੀ, ਕਰਜ਼ਾ ਮੁਕਤੀ, ਜ਼ਮੀਨਾਂ ਦੇ ਮਾਲਕੀ ਹੱਕ, ਹੜ੍ਹ ਪੀੜਤਾਂ ਲਈ ਮੁਆਵਜ਼ਾ ਤੇ ਪੁਲਸ ਜਬਰ, ਖੇਤੀ ਫਸਲਾਂ 'ਤੇ ਐੱਮ ਐੱਸ ਪੀ, ਦਰਿਆਈ ਪਾਣੀ ਦੇ ਵੰਡ ਤੇ ਸਾਂਭ ਸੰਭਾਲ ਵਰਗੇ ਮੁੱਦਿਆਂ ਖਿਲਾਫ ਜਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ, ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ, ਔਰਤ ਜਥੇਬੰਦੀ ਦੀ ਸੂਬਾ ਆਗੂ ਹਰਿੰਦਰ ਬਿੰਦੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੁਨੀਆਂ ਦੀਆਂ ਸਾਮਰਾਜੀ ਰਾਸ਼ਟਰੀ ਬਹੁਰਾਸ਼ਟਰੀ ਕੰਪਨੀਆਂ ਵੱਲੋਂ ਭਾਰਤ ਵਿੱਚ ਵੱਡੇ ਕਾਰੋਬਾਰਾਂ ਰਾਹੀਂ ਦੇਸ਼ ਦੇ ਕਿਰਤੀ ਲੋਕਾਂ ਦੀ ਅੰਨ੍ਹੀਂ ਲੁੱਟ ਕੀਤੀ ਜਾ ਰਹੀ ਹੈ ਤੇ ਇਸ ਲੁੱਟ ਨੂੰ ਜਾਰੀ ਰੱਖਣ ਲਈ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਖੁੱਲ੍ਹੀਆਂ ਛੋਟਾਂ ਦਿੱਤੀਆਂ ਹੋਈਆਂ ਹਨ।ਬੁਲਾਰਿਆਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਭਾਰਤ ਅਮਰੀਕਾ ਟੈਕਸ ਮੁਕਤ ਵਪਾਰ ਸਮਝੌਤਾ ਰੱਦ ਹੋਵੇ, ਲੈਂਡਪੂਲਿੰਗ ਨੀਤੀ ਪੰਜਾਬ ਸਰਕਾਰ ਵਾਪਸ ਲਵੇ ਕਾਸ਼ਤਕਾਰਾਂ ਮੁਜ਼ਾਰਿਆਂ ਤੇ ਅਬਾਦਕਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ ਤੇ ਮਜ਼ਦੂਰਾਂ ਦਾ ਉਜਾੜਾ ਬੰਦ ਕੀਤਾ ਜਾਵੇ।ਪਿਛਲੇ ਦਿਨੀਂ ਪਾਸ਼ ਹੰਸ ਰਾਜ ਤਲਵੰਡੀ ਸਲੇਮ ਵਿਖੇ ਬਣੀ ਹੋਈ ਯਾਦਗਾਰ 'ਤੇ ਪਿੰਡ ਦੇ ਸਰਪੰਚ ਵੱਲੋਂ ਸਰਕਾਰ ਦੀ ਸ਼ਹਿ 'ਤੇ ਕੋਝੇ ਹੱਥਕੰਡੇ ਵਰਤਦਿਆਂ ਯਾਦਗਾਰ 'ਤੇ ਕਬਜ਼ਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਉਸ ਯਤਨਾਂ ਖਿਲਾਫ ਸਾਰੇ ਜ਼ਿਲ੍ਹਿਆਂ ਵਿੱਚ ਵੱਡੇ ਇਕੱਠਾਂ ਨੇ ਮਤੇ ਪਾ ਕੇ ਸਰਕਾਰ ਤੋਂ ਮੰਗ ਕੀਤੀ ਕਿ ਤਲਵੰਡੀ ਸਲੇਮ ਵਿਖੇ ਪਾਸ਼ ਹੰਸਰਾਜ ਦੀ ਬਣੀ ਯਾਦਗਰ ਨੂੰ ਸਰਕਾਰ ਸ਼ਹੀਦੀ ਯਾਦਗਾਰੀ ਦਾ ਦਰਜਾ ਦੇਵੇ।ਲੋਕ ਪੱਖੀ ਇਨਕਲਾਬੀ ਕਵੀ ਪਾਸ਼ ਦੇ ਜਨਮ ਦਿਹਾੜੇ 'ਤੇ 9 ਸਤੰਬਰ ਨੂੰ ਜੋ ਵੱਡਾ ਇਕੱਠ ਕੀਤਾ ਜਾ ਰਿਹਾ ਹੈ, ਉਸ ਇਕੱਠ ਵਿੱਚ ਭਾਰੀ ਉਤਸ਼ਾਹ ਦੇ ਨਾਲ ਪੂਰੇ ਜ਼ੋਰ ਦੇ ਨਾਲ ਸ਼ਾਮਲ ਹੋਣ ਦਾ ਐਲਾਨ ਵੀ ਕੀਤਾ ਗਿਆ।ਬੁਲਾਰਿਆਂ ਨੇ ਸਾਫ ਕੀਤਾ ਵੀ ਇਹ ਅਣਮਿਥੇ ਸਮੇਂ ਲਈ ਲਾਏ ਪੱਕੇ ਮੋਰਚੇ ਜਾਰੀ ਰਹਿਣਗੇ।ਅੱਜ ਦੇ ਇਕੱਠ ਨੂੰ ਜਗਦੇਵ ਸਿੰਘ ਜੋਗੇਵਾਲਾ, ਅਮਰੀਕ ਸਿੰਘ ਸਿਵੀਆਂ, ਰਾਜਵਿੰਦਰ ਸਿੰਘ ਰਾਮ ਨਗਰ ਅਤੇ ਅਵਤਾਰ ਸਿੰਘ ਭਗਤਾ ਨੇ ਵੀ ਸੰਬੋਧਨ ਕੀਤਾ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ) : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸੂਬਾ ਕਮੇਟੀ ਦੇ ਸੱਦੇ 'ਤੇ ਜ਼ਿਲ੍ਹਾ ਹੈੱਡਕੁਆਰਟਰਾਂ ਸ੍ਰੀ ਮੁਕਤਸਰ ਸਾਹਿਬ ਵਿਖੇ ਅਣਮਿੱਥੇ ਸਮੇਂ ਲਈ ਦਿਨ ਰਾਤ ਪੱਕਾ ਮੋਰਚਾ ਜਾਰੀ ਹੈ।ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਸੀਨੀਅਰ ਮੀਤ ਪ੍ਰਧਾਨ ਗੁਰਪਾਸ ਸਿੰਘ ਸਿੰਘੇਵਾਲਾ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ, ਮੁਕਤਸਰ ਬਲਾਕ ਦੇ ਸੀਨੀਅਰ ਮੀਤ ਪ੍ਰਧਾਨ ਹਰਫੂਲ ਸਿੰਘ, ਭਾਗਸਰ ਲੰਬੀ ਬਲਾਕ ਦੇ ਵਿੱਤ ਸਕੱਤਰ ਮਨੋਹਰ ਸਿੰਘ ਸਿੱਖਵਾਲਾ ਨੇ ਪੰਜਾਬ ਤੇ ਕੇਂਦਰ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨਾਂ ਦੇ ਖੇਤਾਂ ਵਿੱਚ ਕੰਪਨੀਆਂ ਰਾਹੀਂ ਮੈਪ ਪੈਮਾਇਸ਼ ਲਈ ਡਰੋਨ ਚਲਾਏ ਜਾ ਰਹੇ ਹਨ। ਉਨ੍ਹਾਂ ਮੰਗ ਕੀਤੀ ਹਰ ਤਰ੍ਹਾਂ ਦੇ ਕਾਲੇ ਕਾਨੂੰਨਾਂ ਨਿੱਜੀਕਰਨ ਉਦਾਰੀਕਰਨ ਸੰਸਾਰੀਕਰਨ ਨੀਤੀਆਂ ਨੂੰ ਰੱਦ ਕੀਤਾ ਜਾਵੇ।ਜ਼ਮੀਨਾਂ ਤੇ ਡਰੋਨ ਚਲਾਉਣ ਦੀ ਨੀਤੀ ਰੱਦ ਕਰਨ ਫਸਲਾਂ ਦੇ ਭਾਅ ਡਾ ਸੁਆਮੀ ਨਾਥਨ ਦੀ ਰੀਪੋਰਟ ਸੀਟੂ +50% ਨਾਲ ਭਾਅ ਗਰੰਟੀ ਕਾਨੂੰਨ ਲਾਗੂ ਕੀਤਾ ਜਾਵੇ ਕਾਸਤਕਾਰਾਂ ਕਿਸਾਨਾਂ ਮਜ਼ਦੂਰਾਂ ਨੂੰ ਜ਼ਮੀਨੀ ਮਾਲਕੀ ਹੱਕ ਦਿੱਤੇ ਜਾਣ ਖੁਦਕੁਸ਼ੀ ਪੀੜਤ ਪਰਵਾਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।ਇਸ ਮੌਕੇ ਗਿੱਦੜਬਾਹਾ ਬਲਾਕ ਦੇ ਸੀਨੀਅਰ ਮੀਤ ਪ੍ਰਧਾਨ ਅਜੈਬ ਸਿੰਘ ਮੱਲਣ, ਹਰਪਾਲ ਸਿੰਘ ਚੀਮਾ, ਧੂਲਕੋਟ ਲੰਬੀ ਬਲਾਕ ਦੇ ਗੁਰਤੇਜ ਸਿੰਘ ਖੁੱਡੀਆਂ, ਗੁਰਸੇਵਕ ਸਿੰਘ ਲੰਬੀ, ਮਾ ਕੁਲਵੀਰ ਸਿੰਘ ਭਾਗਸਰ, ਜਸਵੀਰ ਸਿੰਘ ਗੰਧੜ, ਦਰਸ਼ਨ ਸਿੰਘ ਲੱਖੇਵਾਲੀ, ਖੁਸ਼ਹਾਲ ਸਿੰਘ ਵੰਗਲ, ਬੋਹੜ ਸਿੰਘ ਮਲੋਟ, ਮਾ ਰਾਮ ਸਵਰਨ ਸਿੰਘ ਲੱਖੇਵਾਲੀ, ਲੋਕ ਮੋਰਚਾ ਪੰਜਾਬ ਦੇ ਜ਼ਿਲ੍ਹਾ ਆਗੂ ਪਿਆਰਾ ਲਾਲ ਪਿੰਡਾਂ ਦੇ ਪ੍ਰਧਾਨ ਸਕੱਤਰ ਸਰਗਰਮ ਵਰਕਰ ਆਦਿ ਵੱਡੀ ਗਿਣਤੀ ਕਿਸਾਨ ਮਜ਼ਦੂਰ ਹਾਜ਼ਰ ਸਨ।

ਮਾਨਸਾ (ਆਤਮਾ ਸਿੰਘ ਪਮਾਰ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਸ਼ੁਰੂ ਹੋਇਆ ਰੋਸ ਧਰਨਾ ਅੱਜ ਦੂਸਰੇ ਦਿਨ ਵੀ ਜਾਰੀ ਰਿਹਾ।ਦਿਨ ਰਾਤ ਦੇ ਇਸ ਪੱਕੇ ਮੋਰਚੇ 'ਚ ਅੱਜ ਜ਼ਿਲ੍ਹੇ ਭਰ ਚੋਂ ਹਜ਼ਾਰਾਂ ਕਿਸਾਨ ਮਰਦ ਔਰਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਰੋਹ 'ਚ ਆਏ ਕਿਸਾਨਾਂ ਵੱਲੋਂ ਦਿਨ ਭਰ ਪੰਜਾਬ ਤੇ ਕੇਂਦਰ ਸਰਕਾਰ ਦੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਵੱਖ ਵੱਖ ਬੁਲਾਰਿਆਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰਾਂ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਆਪਣੀ ਚੁੱਪ ਤੋੜਨ ਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਵੀ ਕਰਨ।ਪੰਜਾਬ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਜਬਰੀ ਜ਼ਮੀਨਾਂ ਹੜੱਪਣ ਵਾਲੀ ਨੀਤੀ ਤੁਰੰਤ ਰੱਦ ਕਰੇ, ਕਿਸਾਨਾਂ ਮਜ਼ਦੂਰਾ ਸਿਰ ਚੜ੍ਹੇ ਕਰਜ਼ੇ 'ਤੇ ਲਕੀਰ ਮਾਰੀ ਜਾਵੇ, ਖੇਤੀ ਲਈ ਨਹਿਰੀ ਪਾਣੀ ਦਾ ਪ੍ਰਬੰਧ ਕਰੇ, ਫਸਲਾਂ ਦੇ ਭਾਅ ਸਵਾਮੀ ਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਤੈਅ ਕਰਨਾ ਯਕੀਨੀ ਬਣਾਇਆ ਜਾਵੇ। ਧਰਨੇ ਨੂੰ ਉੱਤਮ ਸਿੰਘ, ਪਰਮਜੀਤ ਕੌਰ ਸੀਰਾ ਸਿੰਘ, ਹਰਪਾਲ ਸਿੰਘ, ਭੋਲਾ ਸਿੰਘ ਮਾਖਾ ਤੇ ਜੁਗਰਾਜ ਸਿੰਘ ਮਾਨਸਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਸੀ ਪੀ ਆਈ ਦੀ 'ਦਿੱਲੀ ਚੱਲੋ ਬਦਲਾਅ ਜ਼ਰੂਰੀ ਹੈ' ਰੈਲੀ ਸਿਰਜੇਗੀ ਇਤਿਹਾਸ : ਚੌਹਾਨ/ਵੇਦ ਪ੍ਰਕਾਸ਼

### ਜ਼ਿਲ੍ਹਾ ਮਾਨਸਾ ਤੋਂ ਸੈਂਕੜੇ ਲੋਕਾਂ ਦਾ ਕਾਫ਼ਲਾ ਦਿੱਲੀ ਲਈ ਰਵਾਨਾ



ਮਾਨਸਾ (ਆਤਮਾ ਸਿੰਘ ਪਮਾਰ)-ਵਧ ਰਹੀ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਨਸ਼ੇ ਆਦਿ ਖ਼ਿਲਾਫ਼ ਤੋਂ ਇਲਾਵਾ ਪੁਰਾਣੇ ਕਿਰਤ ਕਾਨੂੰਨਾਂ, ਰੁਜ਼ਗਾਰ ਗਰੰਟੀ ਕਾਨੂੰਨ ਦੀ ਸਥਾਪਨਾ, ਮਨਰੇਗਾ ਦੀ ਬਹਾਲੀ, ਸਮੁੱਚੇ ਕਰਜ਼ ਮੁਆਫ਼ੀ, ਸੰਵਿਧਾਨ ਤੇ ਦੇਸ਼ ਨੂੰ ਬਚਾਉਣ ਲਈ ਸੀ ਪੀ ਆਈ ਵੱਲੋਂ ਇੱਕ ਸਤੰਬਰ ਨੂੰ 'ਦਿੱਲੀ ਚੱਲੋ ਬਦਲਾਅ ਜ਼ਰੂਰੀ ਹੈ' ਰੈਲੀ 'ਚ ਸ਼ਮੂਲੀਅਤ ਕਰਨ ਲਈ ਜ਼ਿਲ੍ਹਾ ਮਾਨਸਾ, ਜੋਗਾ, ਬੁਢਲਾਡਾ, ਬਰੇਟਾ, ਬੋਹਾ, ਭੀਖੀ, ਸਰਦੂਲਗੜ੍ਹ ਆਦਿ ਪਿੰਡਾਂ 'ਚੋਂ ਰੂਪ ਸਿੰਘ ਢਿੱਲੋਂ, ਰਤਨ ਭੋਲਾ, ਸੀਤਾਰਾਮ ਗੋਬਿੰਦਪੁਰਾ, ਜਗਸੀਰ ਸਿੰਘ ਰਾਏਕੇ, ਗੁਰਮੀਤ ਸਿੰਘ ਜੋਗਾ, ਕਰਨੈਲ ਸਿੰਘ ਭੀਖੀ, ਕੇਵਲ ਸਿੰਘ ਸਮਾਓਂ, ਮਲਕੀਤ ਸਿੰਘ ਮੰਦਰਾਂ, ਬੂਟਾ ਸਿੰਘ ਬਾਜੇ ਵਾਲਾ ਆਦਿ ਆਗੂਆਂ ਦੀ ਅਗਵਾਈ ਹੇਠ ਸੈਂਕੜੇ ਵਰਕਰ ਤੇ ਆਗੂ ਦਿੱਲੀ ਨੂੰ ਰਵਾਨਾ ਹੋਏ ਕਾਫ਼ਲਿਆਂ ਸਮੇਤ ਦਿੱਲੀ ਰੈਲੀ 'ਚ ਸ਼ਮੂਲੀਅਤ ਕਰਨ ਲਈ ਰਵਾਨਾ ਹੋਏ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਤੇ ਜ਼ਿਲ੍ਹਾ ਸਹਾਇਕ ਸਕੱਤਰ ਵੇਦ ਪ੍ਰਕਾਸ਼ ਬੁਢਲਾਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੀ ਪੀ ਆਈ ਦੀ 'ਦਿੱਲੀ ਚੱਲੋ ਬਦਲਾਅ ਜ਼ਰੂਰੀ ਹੈ' ਰੈਲੀ ਨਵਾਂ ਇਤਿਹਾਸ ਸਿਰਜੇਗੀ, ਕਿਉਂਕਿ ਅੱਜ ਦੇਸ਼ ਹਰ ਪੱਖੋਂ ਕਮਜ਼ੋਰ, ਨਿਰਾਸ਼ ਤੇ ਨਰਾਜ਼ ਵਿਖਾਈ ਦੇ ਰਿਹਾ ਹੈ।ਸੀ ਪੀ ਆਈ ਦੇਸ਼ 'ਚ ਹਰ ਵਰਗ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰੇਗੀ।ਮੋਦੀ ਸਰਕਾਰ ਦੀ [illegible], ਸੰਵਿਧਾਨ ਤੇ ਦੇਸ਼ ਵਿਰੋਧੀ ਨੀਤੀ ਨੂੰ ਜਨਤਕ ਕਰੇਗੀ, ਕਿਉਂਕਿ ਮੋਦੀ ਸਰਕਾਰ ਦੀ ਨੀਤੀ ਖ਼ਿਲਾਫ਼ ਕਿਸਾਨ, ਮਜ਼ਦੂਰ, ਨੌਜਵਾਨ ਵਿਦਿਆਰਥੀਆਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਸਮੁੱਚੇ ਕਿਰਤੀਆਂ ਵੱਲੋਂ ਮੋਰਚਾ ਖੋਲ੍ਹਿਆ ਹੋਇਆ। ਇਸ ਮੌਕੇ ਬਲਵੰਤ ਸਿੰਘ ਫੱਕਰ, ਸੁਖਰਾਜ ਸਿੰਘ ਜੋਗਾ, ਬੂਟਾ ਸਿੰਘ ਬਰਨਾਲਾ, ਗੁਰਦਿਆਲ ਸਿੰਘ, ਹਰਮੀਤ ਸਿੰਘ ਬੋੜਾਵਾਲ, ਚਿਮਨ ਲਾਲ ਕਾਕਾ, ਗੋਰਾ ਟਾਹਲੀਆਂ, ਮਲਕੀਤ ਸਿੰਘ ਬਖ਼ਸ਼ੀਵਾਲਾ, ਬੰਬੂ ਸਿੰਘ, ਭੁਪਿੰਦਰ ਸਿੰਘ ਗੁਰਨੇ ਆਦਿ ਆਗੂਆਂ ਸਮੇਤ ਵੱਖ ਵੱਖ ਆਗੂ ਤੇ ਵਰਕਰ ਵੀ ਵੱਡੀ ਗਿਣਤੀ 'ਚ ਸ਼ਾਮਲ ਸਨ।

## ਕਾਤਰਾਂ

### ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੇ ਬਰਸੀ ਸਮਾਗਮ 3 ਤੋਂ



ਬੱਧਨੀ ਕਲਾਂ (ਨਛੱਤਰ ਸੰਧੂ)-ਧੰਨ ਧੰਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ ਸਲਾਨਾ ਬਰਸੀ ਨੂੰ ਲੈ ਕੇ ਖੂਹੀ ਸਾਹਿਬ ਠਾਠ ਨਹਿਰ ਵਾਲੀ ਬੱਧਨੀ ਕਲਾਂ ਵਿਖੇ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀਆਂ ਹਨ।ਇਸ ਪ੍ਰੋਗਰਾਮ ਨੂੰ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਜਗਦੇਵ ਸਿੰਘ ਨੇ ਦੱਸਿਆ ਕਿ ਇਹ ਬਰਸੀ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 3 ਸਤੰਬਰ ਤੋਂ 5 ਸਤੰਬਰ ਤੱਕ ਮਨਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ 3 ਸਤੰਬਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ ਭੋਗ 5 ਸਤੰਬਰ ਨੂੰ ਪਾਏ ਜਾਣਗੇ।ਭੋਗ ਤੋਂ ਉਪਰੰਤ ਉੱਘੇ ਰਾਗੀ ਢਾਡੀ ਤੇ ਕਥਾ ਵਾਚਕ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ।

### ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਢੇਗਾ ਨਸ਼ਿਆਂ ਖ਼ਿਲਾਫ਼ ਮੁਹਿੰਮ : ਰੱਖੜਾ-ਮਾਵੀ

ਸਮਾਣਾ (ਗੁਰਪਿਆਰ ਸਿੰਘ ਬੱਲ)-ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪਟਿਆਲਾ ਜ਼ਿਲ੍ਹਾ ਜਥੇਦਾਰ ਰਣਧੀਰ ਸਿੰਘ ਰੱਖੜਾ ਤੇ ਹਲਕਾ ਸਮਾਣਾ ਤੋਂ ਚਰਨਜੀਤ ਸਿੰਘ ਮਾਵੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕੇ ਦੇ ਸਾਰੇ ਪਿੰਡਾਂ ਵਿੱਚ ਨਸ਼ਾ ਮੁਕਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।ਇਸ ਮੁਹਿੰਮ ਤਹਿਤ ਪਿੰਡ-ਪਿੰਡ ਜਾ ਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਜਾਗਰੂਕ ਤੇ ਸਹਾਇਤਾ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਨਸ਼ਾ ਸਾਡੇ ਨੌਜਵਾਨਾਂ, ਪਰਿਵਾਰਾਂ ਤੇ ਸਮਾਜ ਲਈ ਇੱਕ ਗੰਭੀਰ ਚੁਣੌਤੀ ਬਣ ਚੁੱਕਾ ਹੈ।ਇਸ ਲਈ ਨਸ਼ਾ ਵੇਚਣ ਵਾਲਿਆਂ ਤੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਣ ਵਾਲੇ ਤੱਤਾਂ ਖ਼ਿਲਾਫ਼ ਸਖ਼ਤ ਰਵੱਈਆ ਅਪਣਾਇਆ ਜਾਵੇਗਾ।ਇਸ ਦੇ ਨਾਲ ਹੀ ਨੌਜਵਾਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨ ਤੇ ਸਿੱਖੀ ਦੀ ਜੀਵਨ-ਜਾਚ ਨਾਲ ਜੋੜਨ ਲਈ ਅੰਮ੍ਰਿਤ ਸੰਚਾਰ ਕਰਵਾਉਣ ਦਾ ਵੀ ਉਪਰਾਲਾ ਕੀਤਾ ਜਾਵੇਗਾ।ਇਸ ਮੁਹਿੰਮ ਦੀ ਰਸਮੀ ਸ਼ੁਰੂਆਤ ਪਿੰਡ ਫਤਿਹਗੜ੍ਹ ਛੰਨਾ ਤੋਂ ਕੀਤੀ ਜਾਵੇਗੀ।ਆਗੂਆਂ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਉਨ੍ਹਾਂ ਨੂੰ ਸਿਹਤਮੰਦ, ਚੜ੍ਹਦੀ ਕਲਾ ਵਾਲੀ ਤੇ ਸਿੱਖੀ ਨਾਲ ਜੁੜੀ ਜ਼ਿੰਦਗੀ ਵੱਲ ਪ੍ਰੇਰਿਤ ਕਰਨਾ ਹੈ।

### ਖ਼ੂਨਦਾਨ ਕੈਂਪ 6 ਨੂੰ

ਹਠੂਰ/ਜਗਰਾਉਂ (ਨਛੱਤਰ ਸੰਧੂ)-ਸਮਾਜਸੇਵੀ ਆਗੂਆਂ ਵੱਲੋਂ 6 ਸਤੰਬਰ ਨੂੰ ਬੱਸੀਆਂ ਰੋਡ ਰਾਏਕੋਟ ਸਾਹਮਣੇ ਇੰਡੀਅਨ ਪਟਰੋਲ ਪੰਪ ਗਿੱਲ ਬਰੋਸ ਕਾਰ ਵਰਕਸ਼ਾਪ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਨਿਸ਼ਾਨ ਸਿੰਘ ਗਿੱਲ, ਸਰਪੰਚ ਜਸਵੀਰ ਸਿੰਘ ਦੇਹੜਕਾਂ, ਤੇਜਿੰਦਰ ਸਿੰਘ ਨੇ ਦੱਸਿਆ ਕਿ ਇਸ ਖ਼ੂਨਦਾਨ ਕੈਂਪ ਵਿੱਚ ਵੱਖ ਵੱਖ ਕਲੱਬਾਂ, ਪੰਚਾਇਤਾਂ ਤੇ ਹੋਰ ਧਾਰਮਿਕ, ਸਮਾਜਿਕ ਜਥੇਬੰਦੀਆਂ ਦੇ ਆਗੂ ਹਾਜ਼ਰ ਹੋਣਗੇ। ਨੌਜਵਾਨਾਂ ਵੱਲੋਂ ਭਾਰੀ ਉਤਸ਼ਾਹ ਨਾਲ ਖ਼ੂਨਦਾਨ ਕੈਂਪ ਵਿੱਚ ਪਹੁੰਚ ਕੇ ਖ਼ੂਨਦਾਨ ਕੀਤਾ ਜਾਵੇਗਾ।ਇਸ ਮੌਕੇ ਨਿਸ਼ਾਨ ਸਿੰਘ ਗਿੱਲ, ਸੁਰਜੀਤ ਸਿੰਘ ਲੱਖਾ, ਤੇਜਿੰਦਰ ਸਿੰਘ ਰਾਏਕੋਟ, ਅਮਰੀਕ ਸਿੰਘ ਲੁਧਿਆਣਾ, ਜੋਬਨ ਲੱਖਾ, ਤਰਨਵੀਰ ਸਿੰਘ, ਚਮਕੌਰ ਸਿੰਘ, ਧਰਮ ਸਿੰਘ, ਸਲੇਮ ਖਾਨ, ਹਰਮਨ ਸਿੰਘ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।

## ਗੁਰੂ ਅਰਜਨ ਦੇਵ ਕਲੋਨੀ ਦੀਆਂ ਖਸਤਾ ਹਾਲ ਸੜਕਾਂ ਤੋਂ ਭੜਕੇ ਲੋਕ, ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)
ਗੁਰੂ ਅਰਜਨ ਦੇਵ ਕਲੋਨੀ ਸੁਨਾਮ ਦੇ ਵਸਨੀਕਾਂ ਨੇ ਗਲੀਆਂ-ਨਾਲੀਆਂ ਤੇ ਸੜਕਾਂ ਦਾ ਕੰਮ ਲੰਬੇ ਸਮੇਂ ਤੋਂ ਅਧੂਰਾ ਪਿਆ ਹੋਣ ਦੇ ਰੋਸ ਵਜੋਂ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਵਸਨੀਕਾਂ ਨੇ ਕਿਹਾ ਕਿ ਕਲੋਨੀ ਦੀਆਂ ਸੜਕਾਂ ਦੀ ਹਾਲਤ ਬਹੁਤ ਖ਼ਰਾਬ ਹੋ ਚੁੱਕੀ ਹੈ ਤੇ ਬਰਸਾਤ ਦੇ ਦਿਨਾਂ ਦੌਰਾਨ ਉਨ੍ਹਾਂ ਨੂੰ ਹੋਰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਮੌਕੇ ਵਸਨੀਕਾਂ ਨੇ ਦੱਸਿਆ ਕਿ ਲਗਭਗ ਢਾਈ ਸਾਲ ਤੋਂ ਸੜਕਾਂ ਦੀ ਸਮੱਸਿਆ ਬਣੀ ਹੋਈ ਹੈ।ਲੋਕਾਂ ਨੇ ਕਿਹਾ ਕਿ ਕਈ ਵਾਰ ਅਸੀਂ ਈਓ ਸਾਹਿਬ ਤੇ ਮੰਤਰੀ ਸਾਹਿਬ ਨੂੰ ਵੀ ਮਿਲ ਕੇ ਗੱਲਬਾਤ ਕੀਤੀ, ਜਦਕਿ ਇਹ ਮੰਤਰੀ ਸਾਹਿਬ ਦਾ ਹੀ ਵਾਰਡ ਹੈ, ਪਰ ਹਾਲੇ ਤੱਕ ਕੋਈ ਵੀ ਹੱਲ ਨਹੀਂ ਨਿਕਲਿਆ ਸੀਵਰੇਜ ਤੇ ਪਾਣੀ ਦੀਆਂ ਪਾਈਪਾਂ ਪਾਉਣ ਲਈ ਵਾਰ-ਵਾਰ ਸੜਕਾਂ ਪੁੱਟੀਆਂ ਗਈਆਂ, ਪਰ ਕੰਮ ਪੂਰਾ ਹੋਣ ਦੇ ਬਾਵਜੂਦ ਸੜਕਾਂ ਦੀ ਮੁਰੰਮਤ ਨਹੀਂ ਕੀਤੀ ਗਈ।ਉਨ੍ਹਾਂ ਕਿਹਾ ਕਿ ਕਈ ਘਰਾਂ ਦੇ ਵਸਨੀਕਾਂ ਨੂੰ ਆਪਣੇ ਪੱਧਰ 'ਤੇ ਹਜ਼ਾਰਾਂ ਰੁਪਏ ਖਰਚ ਕਰਕੇ ਪਾਣੀ ਦੇ ਕੁਨੈਕਸ਼ਨ ਕਰਵਾਉਣੇ ਪਏ, ਪਰ ਸਮੱਸਿਆ ਦਾ ਪੱਕਾ ਹੱਲ ਨਹੀਂ ਹੋਇਆ।ਵਸਨੀਕਾਂ ਨੇ ਦੋਸ਼ ਲਗਾਇਆ ਕਿ ਸੜਕਾਂ ਵਾਰ-ਵਾਰ ਪੁੱਟੇ ਜਾਣ ਕਾਰਨ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਤੇ ਲੋਕਾਂ ਨੂੰ ਰੋਜ਼ਾਨਾ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ।ਉਨ੍ਹਾਂ ਕਿਹਾ ਕਿ ਐਮਰਜੈਂਸੀ ਸਮੇਂ ਵਾਹਨਾਂ ਦਾ ਕਲੋਨੀ ਵਿੱਚ ਆਉਣਾ ਵੀ ਮੁਸ਼ਕਲ ਹੋ ਜਾਂਦਾ ਹੈ।ਰਾਤ ਸਮੇਂ ਬਿਮਾਰ ਵਿਅਕਤੀਆਂ ਨੂੰ ਲਿਜਾਣ ਵਿੱਚ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਮੌਕੇ ਜਦੋਂ ਵਾਰਡ ਦੇ ਐੱਮ ਸੀ ਮੈਡਮ ਆਸ਼ਾ ਬਜਾਜ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬਰਸਾਤੀ ਪਾਣੀ ਦੀ ਨਿਕਾਸੀ ਲਈ ਡਰੇਨ ਪਾਈਪਾਂ ਪਾਉਣ ਦਾ ਕੰਮ ਲੋਕਾਂ ਦੀ ਨਿੱਜੀ ਬੇਨਤੀ 'ਤੇ ਕਰਵਾਇਆ ਗਿਆ ਸੀ, ਤਾਂ ਜੋ ਪੱਕੀ ਸੜਕ ਨੂੰ ਬਰਸਾਤੀ ਪਾਣੀ ਕਾਰਨ ਨੁਕਸਾਨ ਤੋਂ ਬਚਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ ਕੁਝ ਪਾਈਪਾਂ ਪਾਉਣ ਦਾ ਕੰਮ ਬਾਕੀ ਹੈ ਤੇ ਮਜ਼ਦੂਰਾਂ ਦੀ ਗੈਰ-ਹਾਜ਼ਰੀ ਕਾਰਨ ਕੰਮ ਦੀ ਰਫ਼ਤਾਰ ਹੌਲੀ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਬਾਕੀ ਕੰਮ ਕੁਝ ਦਿਨਾਂ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ ਤੇ ਇਸ ਤੋਂ ਬਾਅਦ ਸੜਕ ਦਾ ਕੰਮ ਵੀ ਕਰਵਾਉਣ ਲਈ ਯਤਨ ਕੀਤੇ ਜਾਣਗੇ। ਵਸਨੀਕਾਂ ਨੇ ਮੰਗ ਕੀਤੀ ਕਿ ਗਲੀਆਂ-ਨਾਲੀਆਂ, ਡਰੇਨੇਜ ਤੇ ਸੜਕਾਂ ਦਾ ਬਾਕੀ ਰਹਿੰਦਾ ਕੰਮ ਤੁਰੰਤ ਮੁਕੰਮਲ ਕਰਵਾਇਆ ਜਾਵੇ, ਤਾਂ ਜੋ ਉਨ੍ਹਾਂ ਨੂੰ ਰੋਜ਼ਾਨਾ ਦੀਆਂ ਮੁਸ਼ਕਲਾਂ ਤੋਂ ਰਾਹਤ ਮਿਲ ਸਕੇ। ਇਸ ਦੌਰਾਨ ਵਸਨੀਕਾਂ ਵੱਲੋਂ ਪ੍ਰਸ਼ਾਸਨ ਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

## ਮੁੱਖ ਮੰਤਰੀ ਬੇਅੰਤ ਸਿੰਘ ਨੂੰ ਕਾਂਗਰਸ ਨੇ ਕੀਤਾ ਯਾਦ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਅਮਰ ਸ਼ਹੀਦ ਸਰਦਾਰ ਬੇਅੰਤ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਬਲੀਦਾਨ ਦਿਵਸ ਮੌਕੇ ਉਨ੍ਹਾਂ ਦੇ ਸਮਾਰਕ ਵਿਖੇ ਉਨ੍ਹਾਂ ਨੂੰ ਫੁੱਲ ਮਾਲਾ ਭੇਟ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਰੇਸ਼ ਕੁਮਾਰ ਦੁੱਗਲ, ਬਲਾਕ ਪ੍ਰਧਾਨ ਰਾਜੇਸ਼ ਮੰਡੋਰਾ, ਕੁਲਵੰਤ ਸਿੰਘ, ਮਦਨ ਲਾਲ ਭਾਰਦਵਾਜ, ਸ. ਸੰਤੋਖ ਸਿੰਘ, ਰੇਖਾ ਅਗਰਵਾਲ, ਅਸ਼ੋਕ ਸ਼ਰਮਾ, ਮਹਿੰਦਰ ਸਿੰਘ ਬਡੂੰਗਰ, ਵਿਨੋਦ ਕੁਮਾਰ ਨੀਲੂ, ਰਾਜੇਸ਼ ਬੱਗਾ, ਸੰਜੀਵ ਸ਼ਰਮਾ ਰਾਏਪੁਰ, ਪਾਵਨ ਜੈਨ, ਅਨਿਲ ਵਰਮਾ, ਵਿਕਾਸ ਗਿੱਲ, ਰਜਨੀ ਬਿਡਲਾਨ, ਹਰਬੰਸ ਕੌਰ, ਕਿਰਪਾਲ ਕੌਰ, ਕਰਮ ਸਿੰਘ, ਪਾਵਨ ਕੁਮਾਰ ਗੁਪਤਾ, ਨਰਿੰਦਰ ਕਪੂਰ, ਸ਼ਰਨਜੀਤ ਰਾਂਝਾ, ਬਲਦੇਵ ਬੱਤਾ, ਸੁਮੀਤ ਠਾਕੁਰ, ਸਿਤਾਰ ਮੁਹੰਮਦ ਰੰਗਲਾ, ਰਾਮ ਚੰਦਰ ਤੋਂ ਇਲਾਵਾ ਕਾਂਗਰਸ ਦੇ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਇਸ ਮੌਕੇ ਹਾਜ਼ਰ ਸਨ।

## ਸੈਂਕੜੇ ਕਿਸਾਨਾਂ, ਮਜ਼ਦੂਰਾਂ ਡੀ ਸੀ ਨੂੰ ਸੌਂਪਿਆ ਮੰਗ ਪੱਤਰ

### 14 ਤੋਂ 18 ਸਤੰਬਰ ਤੱਕ ਪੰਜਾਬ ਦੇ ਮੰਤਰੀਆਂ ਦੇ ਘਰਾਂ ਅੱਗੇ ਦਿੱਤੇ ਜਾਣਗੇ ਧਰਨੇ : ਪੰਨੂ, ਕੰਗ, ਬਹਿਰਾਮ



ਮੋਗਾ (ਇਕਬਾਲ ਸਿੰਘ ਖਹਿਰਾ)-ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ ਜ਼ਿਲ੍ਹਾ ਮੋਗਾ ਦੀ ਦਾਣਾ ਮੰਡੀ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਬੀਕੇਯੂ ਏਕਤਾ ਆਜ਼ਾਦ, ਬੀਕੇਯੂ ਕ੍ਰਾਂਤੀਕਾਰੀ, ਬੀਕੇਯੂ ਬਹਿਰਾਮ ਕੇ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਦਾ ਵਿਸ਼ਾਲ ਇਕੱਠ ਕਰਕੇ ਪੰਜਾਬ ਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਕਾਫਲੇ ਦੇ ਰੂਪ ਵਿੱਚ ਡੀ ਸੀ ਸਾਗਰ ਸੇਤੀਆ ਨੂੰ ਮੰਗ ਪੱਤਰ ਸੌਂਪਿਆ।

ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਮਜ਼ਦੂਰ ਜਥੇਬੰਦੀ ਦੇ ਸੂਬਾ ਆਗੂ ਸਤਨਾਮ ਸਿੰਘ ਪੰਨੂ, ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਮੋਗਾ, ਬੀਕੇਯੂ ਏਕਤਾ ਆਜ਼ਾਦ ਦੇ ਸੂਬਾ ਆਗੂ ਲਖਵੀਰ ਸਿੰਘ ਦੌਧਰ, ਬੀਕੇਯੂ ਕ੍ਰਾਂਤੀਕਾਰੀ ਦੇ ਸੂਬਾ ਆਗੂ ਜਗਮੋਹਨ ਸਿੰਘ ਕੰਗ ਤੇ ਬੀਕੇਯੂ ਬਹਿਰਾਮ ਕੇ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮ ਕੇ ਨੇ ਕਿਹਾ ਕਿ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰ ਰਹੀ ਕੇਂਦਰ ਤੇ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ 14 ਤੋਂ 18 ਸਤੰਬਰ ਤੱਕ ਮੰਤਰੀਆਂ ਦੇ ਘਰਾਂ ਅੱਗੇ 5 ਰੋਜ਼ਾ ਧਰਨੇ ਦਿੱਤੇ ਜਾਣਗੇ, ਜੇ ਕਿਸੇ ਵੀ ਮਸਲੇ ਦਾ ਹੱਲ ਨਾ ਹੋਇਆ ਤਾਂ ਇਸ ਤੋਂ ਅੱਗੇ ਰੇਲਾਂ ਰੋਕਣ ਦਾ ਐਲਾਨ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਬਾਸਮਤੀ, ਮੱਕੀ, ਮੂੰਗੀ, ਸਰੋਂ ਤੇ ਆਲੂ ਦੀ ਫ਼ਸਲ ਉਤੇ ਐੱਮ ਐੱਸ ਪੀ ਦੀ ਖਰੀਦ ਯਕੀਨੀ ਬਣਾਏ, ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖ਼ਤਮ ਕੀਤਾ ਜਾਵੇ, ਦਰਿਆਈ ਪਾਣੀਆਂ ਦੀ ਵੰਡ ਰਿਪੇਰੀਅਨ ਸਿਧਾਂਤ ਅਨੁਸਾਰ ਕੀਤੀ ਜਾਵੇ, ਸ਼ੰਭੂ, ਖਨੌਰੀ ਬਾਰਡਰਾਂ ਤੋਂ ਚੁੱਕੇ ਸਾਮਾਨ ਦੀ ਭਰਪਾਈ ਪੰਜਾਬ ਸਰਕਾਰ ਤਰੁੰਤ ਕਰੇ ਤੇ ਅੰਦੋਲਨ ਦੇ ਸ਼ਹੀਦਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਵਪਾਰਕ ਡੀਲ, ਬੀਜ ਐਕਟ ਤੇ ਬਿਜਲੀ ਸੋਧ ਬਿਲ ਰੱਦ ਕੀਤਾ ਜਾਵੇ, ਅਬਾਦਕਾਰ ਕਿਸਾਨਾਂ, ਮਜ਼ਦੂਰਾਂ ਨੂੰ ਕਾਸ਼ਤ ਕੀਤੀ ਜ਼ਮੀਨ ਦਾ ਮਾਲਕੀ ਹੱਕ ਦਿੱਤਾ ਜਾਵੇ, ਹੜ੍ਹਾਂ ਦਾ ਪਿਛਲਾ ਮੁਆਵਜ਼ਾ ਦਿੱਤਾ ਜਾਵੇ, ਸਿੱਖਿਆ ਨੀਤੀ 2020 ਰੱਦ ਕੀਤੀ ਜਾਵੇ ਆਦਿ ਮੰਗਾਂ ਸਬੰਧੀ ਧਰਨਾ ਦੇ ਕੇ ਡੀ ਸੀ ਨੂੰ ਮੰਗ ਪੱਤਰ ਦਿੱਤਾ।

ਇਕੱਠ ਨੂੰ ਜ਼ਿਲ੍ਹਾ ਸਕੱਤਰ ਅਵਤਾਰ ਸਿੰਘ ਧਰਮ ਸਿੰਘ ਵਾਲਾ, ਸੋਹਣ ਸਿੰਘ ਰਾਮੂਵਾਲਾ, ਹਰਮੰਦਰ ਸਿੰਘ ਡੇਮਰੂ, ਜਗਰੂਪ ਸਿੰਘ ਦੌਧਰ ਖੁਰਦ, ਬਲਜਿੰਦਰ ਸਿੰਘ ਕਿਸ਼ਨਪੁਰਾ, ਰਾਜੂ ਪੱਤੋ ਬੀਕੇਯੂ ਏਕਤਾ ਆਜ਼ਾਦ, ਜਗਰੂਪ ਸਿੰਘ, ਤੋਤਾ ਸਿੰਘ, ਗੁਰਮੇਲ ਸਿੰਘ ਗਿੱਲ, ਟਹਿਲ ਸਿੰਘ, ਗੁਰਮੇਲ ਸਿੰਘ ਸੈਦੋਕੇ, ਕਿਰਪਾਲ ਸਿੰਘ ਜਲਾਲਾਬਾਦ ਬੀਕੇਯੂ ਕ੍ਰਾਂਤੀਕਾਰੀ, ਇੰਦਰਮੋਹਨ ਸਿੰਘ ਪੱਤੋ, ਹਰਬੰਸ ਸਿੰਘ ਸਾਹ ਵਾਲਾ, ਬਲਵੰਤ ਸਿੰਘ ਕਿਸ਼ਨਪੁਰਾ, ਨਛੱਤਰ ਸਿੰਘ ਹੇਰ ਆਦਿ ਆਗੂ ਸਾਹਿਬਾਨਾਂ ਨੇ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ।

## ਆਪ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਅੱਜ ਜਗਰਾਉਂ 'ਚ

### 194 ਬੂਥ ਇੰਚਾਰਜਾਂ ਤੇ ਅਹੁਦੇਦਾਰਾਂ ਨਾਲ ਕਰਨਗੇ ਮੀਟਿੰਗ

ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)-ਹਲਕਾ ਜਗਰਾਉਂ ਅਧੀਨ ਆਮ ਆਦਮੀ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਲਈ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ 1 ਸਤੰਬਰ ਨੂੰ ਜਗਰਾਉਂ ਵਿਖੇ ਪਹੁੰਚ ਰਹੇ ਹਨ ਤੇ ਉਹ ਸਥਾਨਕ ਪਹਿਲਵਾਨ ਢਾਬਾ ਵਿਖੇ ਜਗਰਾਉਂ ਹਲਕੇ ਦੇ 194 ਬੂਥ ਇੰਚਾਰਜਾਂ ਤੇ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਨਾਲ ਵਿਚਾਰ-ਚਰਚਾ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦੇ ਪਾਰਟੀ ਦੇ ਸੀਨੀਅਰ ਆਗੂ ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਜਵਜੀਤ ਕੌਰ ਮਾਣੂੰਕੇ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਤੇ ਵਲੰਟੀਅਰਾਂ ਵੱਲੋਂ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਦਾ ਨਿੱਘਾ ਸਵਾਗਤ ਕੀਤਾ ਜਾਵੇਗਾ। ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਹੋਰ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਬੀਬੀ ਸਰਵਜੀਤ ਕੌਰ ਮਾਣੂੰਕੇ ਦੀ ਲਗਾਈ ਗਈ ਡਿਊਟੀ ਤਹਿਤ 2027 ਵਿੱਚ ਹਲਕਾ ਜਗਰਾਉਂ ਦਾ ਕਿਲ੍ਹਾ ਮੁੜ ਫਤਹਿ ਕਰਨ ਲਈ ਸਮੂਹ ਬੂਥ ਇੰਚਾਰਜਾਂ, ਅਹੁਦੇਦਾਰਾਂ ਤੇ ਵਲੰਟੀਅਰ ਸਾਥੀਆਂ ਨਾਲ ਚੱਲ ਰਹੀਆਂ ਸਰਗਰਮੀਆਂ ਦੀ ਸਮੀਖਿਆ ਕੀਤੀ ਜਾਵੇਗੀ।

## ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੁਨਾਮ 'ਚ ਸਫਾਈ ਅਭਿਆਨ

- ਨਗਰ ਕੌਂਸਲ ਤੇ ਮਾਰਕੀਟ ਕਮੇਟੀ ਸੁਨਾਮ ਦਾ ਸਾਂਝਾ ਉਪਰਾਲਾ
- ਕੂੜੇ ਦੇ ਡੰਪਾਂ ਨੂੰ ਖ਼ਤਮ ਕਰਨ ਲਈ ਜੰਗੀ ਪੱਧਰ 'ਤੇ ਕੰਮ ਸ਼ੁਰੂ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)
ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਤੇ ਸੁੰਦਰ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮਿਸ਼ਨ ਕਲੀਨ ਪੰਜਾਬ ਮੁਹਿੰਮ ਤਹਿਤ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਕੌਂਸਲ ਸੁਨਾਮ ਤੇ ਮਾਰਕੀਟ ਕਮੇਟੀ ਸੁਨਾਮ ਦੇ ਸਾਂਝੇ ਉਪਰਾਲੇ ਨਾਲ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਵਿਸ਼ੇਸ਼ ਸਫ਼ਾਈ ਅਭਿਆਨ ਦਾ ਆਗਾਜ਼ ਕੀਤਾ ਗਿਆ।ਇਸ ਮੁਹਿੰਮ ਤਹਿਤ ਸੁਨਾਮ ਸ਼ਹਿਰ ਦੇ ਵੱਖ-ਵੱਖ ਵਾਰਡਾਂ, ਮੁੱਖ ਮਾਰਗਾਂ, ਬਾਜ਼ਾਰਾਂ, ਗਲੀਆਂ-ਮੁਹੱਲਿਆਂ ਤੇ ਹੋਰ ਜਨਤਕ ਥਾਵਾਂ 'ਤੇ ਸਫ਼ਾਈ ਕਾਰਜ ਜੰਗੀ ਪੱਧਰ 'ਤੇ ਸ਼ੁਰੂ ਕੀਤੇ ਗਏ ਹਨ।ਹਰੇਕ ਵਾਰਡ ਵਿੱਚ ਸਬੰਧਤ ਐੱਮ. ਸੀ. ਸਾਹਿਬਾਨ ਤੇ ਹੋਰ ਆਗੂਆਂ ਵੱਲੋਂ ਸਫ਼ਾਈ ਕਾਰਜਾਂ ਦੀ ਅਗਵਾਈ ਕੀਤੀ ਜਾ ਰਹੀ ਹੈ, ਜਦਕਿ ਨਗਰ ਕੌਂਸਲ ਦੀਆਂ ਟੀਮਾਂ ਤੇ ਸਫ਼ਾਈ ਸੇਵਕਾਂ ਵੱਲੋਂ ਕੂੜੇ ਦੇ ਆਰਜ਼ੀ ਡੰਪਾਂ ਤੇ ਢੇਰਾਂ ਨੂੰ ਹਟਾਉਣ ਦੇ ਨਾਲ-ਨਾਲ ਜਨਤਕ ਥਾਵਾਂ ਦੀ ਸਫ਼ਾਈ ਕੀਤੀ ਜਾ ਰਹੀ ਹੈ।ਇਸ ਮੌਕੇ ਨਗਰ ਕੌਂਸਲ ਸੁਨਾਮ ਦੇ ਪ੍ਰਧਾਨ ਮਨਪ੍ਰੀਤ ਬਾਂਸਲ ਨੇ ਕਿਹਾ ਕਿ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼ਹਿਰ ਦੀ ਸਫ਼ਾਈ ਵਿਵਸਥਾ ਨੂੰ ਹੋਰ ਮਜ਼ਬੂਤ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਵਿਸ਼ੇਸ਼ ਕਾਰਜ ਯੋਜਨਾ ਤਹਿਤ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਸਿਰਫ਼ ਕੁਝ ਦਿਨ ਸਫ਼ਾਈ ਕਰਨਾ ਨਹੀਂ, ਸਗੋਂ ਸ਼ਹਿਰ ਵਿੱਚ ਸਫ਼ਾਈ ਨੂੰ ਇੱਕ ਨਿਰੰਤਰ ਪ੍ਰਕਿਰਿਆ ਵਜੋਂ ਅਪਣਾ ਕੇ ਕੂੜੇ ਦੇ ਡੰਪਾਂ ਨੂੰ ਖ਼ਤਮ ਕਰਨਾ ਤੇ ਸੁਨਾਮ ਨੂੰ ਸਾਫ਼-ਸੁਥਰਾ, ਸੁੰਦਰ ਤੇ ਰਹਿਣਯੋਗ ਸ਼ਹਿਰ ਬਣਾਉਣਾ ਹੈ।ਉਨ੍ਹਾਂ ਦੱਸਿਆ ਕਿ ਸਫ਼ਾਈ ਟੀਮਾਂ ਨੂੰ ਵਾਰਡ ਪੱਧਰ 'ਤੇ ਤਾਇਨਾਤ ਕੀਤਾ ਗਿਆ ਹੈ ਤੇ ਸੜਕਾਂ 'ਤੇ ਹੋਰ ਜਨਤਕ ਥਾਵਾਂ 'ਤੇ ਬਣੇ ਕੂੜੇ ਦੇ ਢੇਰਾਂ ਨੂੰ ਚੁਕਵਾ ਕੇ ਨਿਰਧਾਰਤ ਥਾਵਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਇਸ ਦੇ ਨਾਲ ਹੀ ਸ਼ਹਿਰ ਦੀਆਂ ਮੁੱਖ ਸੜਕਾਂ, ਬਾਜ਼ਾਰਾਂ ਤੇ ਰਿਹਾਇਸ਼ੀ ਖੇਤਰਾਂ ਦੀ ਸਫ਼ਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮੁਕੇਸ਼ ਜੁਨੇਜਾ ਨੇ ਕਿਹਾ ਕਿ ਸਫ਼ਾਈ ਇਕ ਦਿਨ ਜਾਂ ਹਫ਼ਤੇ ਤੱਕ ਸੀਮਤ ਰਹਿਣ ਵਾਲਾ ਕੰਮ ਨਹੀਂ, ਸਗੋਂ ਇਹ ਇੱਕ ਨਿਰੰਤਰ ਪ੍ਰਕਿਰਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਸੋਚ ਅਨੁਸਾਰ ਸੁਨਾਮ ਵਿੱਚ ਵਿਕਾਸ ਕਾਰਜਾਂ ਦੇ ਨਾਲ-ਨਾਲ ਸਫ਼ਾਈ, ਸੁੰਦਰੀਕਰਨ ਤੇ ਲੋਕਾਂ ਨੂੰ ਬਿਹਤਰ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ।ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਯਾਦਵਿੰਦਰ ਸਿੰਘ ਨਿਰਮਾਣ ਨੇ ਕਿਹਾ ਕਿ ਪੰਜਾਬ ਸਰਕਾਰ ਦੇ 'ਕਲੀਨ ਪੰਜਾਬ, ਪ੍ਰਾਊਡ ਪੰਜਾਬ' ਸੰਕਲਪ ਨੂੰ ਸੁਨਾਮ ਵਿੱਚ ਪੂਰੀ ਤਨਦੇਹੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਪ੍ਰਸ਼ਾਸਨਕ ਉਪਰਾਲਿਆਂ ਦੇ ਨਾਲ-ਨਾਲ ਲੋਕਾਂ ਦੀ ਸਰਗਰਮ ਭਾਗੀਦਾਰੀ ਸਭ ਤੋਂ ਅਹਿਮ ਹੈ। ਇਸ ਸਫ਼ਾਈ ਮੁਹਿੰਮ ਦੌਰਾਨ ਈਓ ਸੁਨਾਮ, ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਓ.ਐੱਸ.ਡੀ. ਡਾ. ਅੰਮ੍ਰਿਤਪਾਲ ਸਿੰਘ ਸਿੱਧੂ, ਮੀਡੀਆ ਕੋਆਰਡੀਨੇਟਰ ਯਸ਼ਪਾਲ ਮੰਗਲਾ, ਬਲਾਕ ਪ੍ਰਧਾਨ ਸਾਹਿਬ ਸਿੰਘ, ਸੀਨੀਅਰ ਆਗੂ ਭਾਨੂੰ ਪ੍ਰਤਾਪ, ਨੀਟੂ ਸਕਸੈਨਾ, ਸਮੂਹ ਐੱਮ.ਸੀ. ਸਾਹਿਬਾਨ ਆਦਿ ਨੇ ਆਪਣੇ ਆਪਣੇ ਵਾਰਡਾਂ ਵਿੱਚ 'ਕਲੀਨ ਪੰਜਾਬ ਪਰਾਊਡ ਪੰਜਾਬ' ਸੰਕਲਪ ਤਹਿਤ ਸਫਾਈ ਮੁਹਿੰਮ ਵਿੱਚ ਭਾਗ ਲਿਆ।ਇਸ ਮੌਕੇ ਸਫ਼ਾਈ ਸੇਵਕ ਅਤੇ ਹੋਰ ਆਗੂ ਤੇ ਪਤਵੰਤੇ ਹਾਜ਼ਰ ਸਨ।

## ਹਰਚੰਦ ਬਰਸਟ ਵੱਲੋਂ ਸਮਾਣਾ 'ਚ ਸੜਕੀ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ

- ਸਰਕਾਰ ਸੂਬੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਚਨਬੱਧ : ਬਰਸਟ
- ਸੜਕੀ ਪ੍ਰੋਜੈਕਟਾਂ ਦੀ ਸ਼ੁਰੂਆਤ ਨਾਲ ਇਲਾਕਾ ਵਾਸੀਆਂ 'ਚ ਖ਼ੁਸ਼ੀ ਦੀ ਲਹਿਰ

ਸਮਾਣਾ (ਇਕਬਾਲ ਸਿੰਘ ਬੱਲ)-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕਾਰਜ ਕਰ ਰਹੀ ਹੈ।ਇਸੇ ਲੜੀ ਤਹਿਤ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਅਧੀਨ ਵੱਖ-ਵੱਖ ਲਿੰਕ ਸੜਕਾਂ ਦੇ ਨਿਰਮਾਣ ਅਤੇ ਨਵੀਨੀਕਰਣ ਦੇ ਕਾਰਜਾਂ ਦੀ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ ਗਈ।ਕਰੀਬ 1.13 ਕਰੋੜ ਰੁਪਏ ਦੀ ਲਾਗਤ ਵਾਲੇ ਇਨ੍ਹਾਂ ਸੜਕੀ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਨਾਲ ਇਲਾਕਾ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਵਿਕਾਸ ਕਾਰਜਾਂ ਦਾ ਵੇਰਵਾ ਦਿੰਦਿਆਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਹਲਕਾ ਸਮਾਣਾ ਦੇ ਪਿੰਡ ਵਜੀਦਪੁਰ ਵਿਖੇ ਢਕੜੱਬਾ ਤੋਂ ਵਜੀਦਪੁਰ ਤੱਕ ਦੀ ਸੜਕ ਦੇ ਨਵੀਨੀਕਰਣ ਦੇ ਕਾਰਜ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।ਇਸ 2.90 ਕਿਲੋਮੀਟਰ ਲੰਬੀ ਸੜਕ ਦੇ ਨਵੀਨੀਕਰਣ 'ਤੇ ਕਰੀਬ 79.15 ਲੱਖ ਰੁਪਏ ਦੀ ਲਾਗਤ ਆਵੇਗੀ।ਇਸ ਸੜਕ ਦੇ ਬਣਨ ਨਾਲ ਆਲੇ-ਦੁਆਲੇ ਦੇ ਦਰਜਨਾਂ ਪਿੰਡਾਂ ਦੇ ਵਸਨੀਕਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ।ਇਸੇ ਤਰ੍ਹਾਂ ਪਿੰਡ ਜਾਹਲਾਂ ਵਿਖੇ ਚੁਹੜਪੁਰ ਤੋਂ ਜਾਹਲਾਂ ਤੱਕ ਦੀ 1.21 ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਕਾਰਜ ਦੀ ਵੀ ਸ਼ੁਰੂਆਤ ਕੀਤੀ ਗਈ।ਇਸ ਪ੍ਰੋਜੈਕਟ 'ਤੇ ਕਰੀਬ 33.57 ਲੱਖ ਰੁਪਏ ਦੀ ਲਾਗਤ ਆਵੇਗੀ।ਇਨ੍ਹਾਂ ਦੋਵਾਂ ਸੜਕਾਂ ਦੇ ਨਿਰਮਾਣ ਸਥਾਨਕ ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀਆਂ ਤੱਕ ਪਹੁੰਚਾਉਣ ਦੇ ਨਾਲ-ਨਾਲ ਆਮ ਰਾਹਗੀਰਾਂ ਨੂੰ ਵੀ ਆਵਾਜਾਈ ਦੀਆਂ ਮੁਸ਼ਕਲਾਂ ਤੋਂ ਰਾਹਤ ਮਿਲੇਗੀ।ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰ. ਬਰਸਟ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਹਰ ਨਾਗਰਿਕ ਤੱਕ ਬਿਹਤਰ ਬੁਨਿਆਦੀ ਸਹੂਲਤਾਂ ਪਹੁੰਚਾਉਣਾ ਹੈ।ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਸੜਕਾਂ ਦੇ ਨਿਰਮਾਣ ਤੇ ਨਵੀਨੀਕਰਣ ਦੇ ਵੱਡੇ ਪੱਧਰ 'ਤੇ ਕੰਮ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਬਿਹਤਰ ਸੜਕੀ ਨੈੱਟਵਰਕ ਨਾਲ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਤੇ ਮੁੱਖ ਮਾਰਗਾਂ ਨਾਲ ਬਿਹਤਰ ਸੰਪਰਕ ਮਿਲੇਗਾ।ਇਸ ਦੇ ਨਾਲ ਹੀ ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀਆਂ ਤੱਕ ਲਿਜਾਣ ਵਿੱਚ ਵੀ ਸਹੂਲਤ ਹੋਵੇਗੀ।ਇਸ ਮੌਕੇ ਇਲਾਕੇ ਵਾਸੀਆਂ ਵੱਲੋਂ ਪੰਜਾਬ ਸਰਕਾਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਇਸ ਮੌਕੇ ਮਨਪ੍ਰੀਤ ਸਿੰਘ ਸਰਪੰਚ ਵਜੀਦਪੁਰ, ਅਮਰੀਕ ਸਿੰਘ ਸਰਪੰਚ ਕਕਰਾਲਾ, ਪ੍ਰਗਟ ਸਿੰਘ ਸਰਪੰਚ ਢਕੜੱਬਾ, ਰਾਮ ਸਿੰਘ ਸਰਪੰਚ ਫਤਿਹਪੁਰ, ਜਗਤਾਰ ਸਿੰਘ ਸਰਪੰਚ ਜਾਹਲਾਂ, ਅਮ੍ਰਿਤਪਾਲ ਸਿੰਘ ਕਾਰਜਕਾਰੀ ਇੰਜੀਨਿਅਰ, ਰਣਜੀਤ ਸਿੰਘ ਸਾਬਕਾ ਸਰਪੰਚ, ਜਰਨੈਲ ਸਿੰਘ, ਦਰਸ਼ਨ ਸਿੰਘ, ਕਿਰਪਾਲ ਸਿੰਘ, ਜਸਵੀਰ ਸਿੰਘ ਮੈਂਬਰ, ਸ਼ੌਕਤ ਅਲੀ, ਸੁਖਦੇਵ ਸਿੰਘ ਮੈਂਬਰ, ਸੁਰਜੀਤ ਸਿਘ ਮੈਂਬਰ ਸਮੇਤ ਪੰਜਾਬ ਮੰਡੀ ਬੋਰਡ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਰਹੇ।

## ਚੌਥਾ ਦਰਜਾ ਮੁਲਾਜ਼ਮਾਂ ਨੇ ਰੈਲੀ ਕਰਕੇ ਫੂਕੀ ਸਰਕਾਰ ਦੀ ਅਰਥੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਚੌਥਾ ਦਰਜਾ ਮੁਲਾਜ਼ਮਾਂ, ਪੈਨਸ਼ਨਰਾਂ ਨੇ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਵਿਰੋਧੀ ਜਾਰੀ ਪੱਤਰ ਦੀਆਂ ਕਾਪੀਆਂ ਦੀ ਅਰਥੀ ਸਾੜੀ।ਸਵੇਰੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਕੱਚੇ ਮੁਲਾਜ਼ਮਾਂ ਨੇ ਪਹਿਲਾਂ ਜ਼ਿਲ੍ਹਾ ਖਜ਼ਾਨਾ ਦਫਤਰ ਅੱਗੇ ਰੋਹ ਭਰਪੂਰ ਰੈਲੀ ਕੀਤੀ ਤੇ ਭਗਵੰਤ ਮਾਨ ਸਰਕਾਰ ਦੇ ਹਿਟਲਰ ਸ਼ਾਹੀ ਰਵੱਈਏ ਦਾ ਜ਼ੋਰਦਾਰ ਪਿੱਟ ਸਿਆਪਾ ਕੀਤਾ।ਉਪਰੰਤ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਪਹੁੰਚ ਕੇ ਜਾਰੀ ਮੁਲਾਜ਼ਮ ਵਿਰੋਧੀ ਪੱਤਰਾਂ ਨੂੰ ਅਰਥੀ 'ਤੇ ਚਿਣ ਕੇ ਅਗਨ ਭੇਟ ਕੀਤਾ ਗਿਆ।ਮੁਲਾਜ਼ਮਾਂ, ਪੈਨਸ਼ਨਰਾਂ ਤੇ ਕੱਚੇ/ਆਊਟ ਸੋਰਸ ਮੁਲਾਜ਼ਮਾਂ ਨੂੰ ਲਗਾਤਾਰ ਅੱਖੋਂ ਓਹਲੇ ਕਰਨ, ਜਿਸ ਵਿੱਚ ਪੁਰਾਣੀ ਪੈਨਸ਼ਨ ਬਹਾਲੀ, ਮਹਿੰਗਾਈ ਭੱਤਾ ਤੇ ਇਸ ਦਾ ਸਮੁੱਚਾ ਬਕਾਇਆ ਜਾਰੀ ਕਰਨ ਸਮੇਤ ਡੇਢ ਦਰਜਨ ਮੰਗਾਂ ਦੇ ਸਮਰਥਨ ਵਿੱਚ ਪ੍ਰਦਰਸ਼ਨ ਕੀਤਾ ਗਿਆ। ਚੌਥਾ ਦਰਜਾ ਮੁਲਾਜ਼ਮਾਂ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਇੱਕ ਅਹਿਮ ਖੁਲਾਸਾ ਕਰਦੇ ਹੋਏ ਕਿਹਾ ਕਿ ਮੁਲਾਜ਼ਮ-ਪੈਨਸ਼ਨਰ ਤੇ ਕੱਚੇ ਮੁਲਾਜ਼ਮਾਂ ਦੇ ਸੰਘਰਸ਼ ਤੋਂ ਘਬਰਾ ਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਇਨ੍ਹਾਂ ਨੂੰ ਐਂਟੀ ਸਟੇਟ ਕਹਿ ਰਹੇ ਹਨ।ਇਨ੍ਹਾਂ ਨੂੰ ਚੇਤੇ ਕਰਵਾਇਆ ਜਾਂਦਾ ਹੈ ਕਿ 1967-68 ਵਿੱਚ ਕਾ. ਸਵ: ਰਣਬੀਰ ਸਿੰਘ ਢਿੱਲੋਂ, ਕਾ. ਸੱਜਣ ਸਿੰਘ ਦੀ ਅਗਵਾਈ ਹੇਠ ਬੜੇ ਸੰਘਰਸ਼ਾਂ, ਉਸ ਵੇਲੇ ਦੇ ਤਤਕਾਲੀ ਮੁੱਖ ਮੰਤਰੀ ਲੱਛਮਣ ਸਿੰਘ ਗਿੱਲ ਫਰੰਟ ਸਰਕਾਰ ਨੇ ਪੰਜਾਬ ਮੁਲਾਜ਼ਮਾਂ-ਪੈਨਸ਼ਨਰਾਂ ਦਾ ਮਹਿੰਗਾਈ ਭੱਤਾ ਕੇਂਦਰ ਨਾਲ ਜੋੜਿਆ ਸੀ।ਇਸ ਤਰ੍ਹਾਂ 1992 ਵਿੱਚ ਕੇਂਦਰੀ ਤਨਖਾਹ ਕਮਿਸ਼ਨ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ 20 ਫੀਸਦੀ ਵਾਧਾ ਕੀਤਾ ਸੀ।ਉਸ ਵੇਲੇ ਦੇ ਕੇਂਦਰੀ ਮੁਲਾਜ਼ਮਾਂ ਦੀ ਮੰਗ ਨੂੰ ਸਵਿਕਾਰਦੇ ਹੋਏ ਨਰਸਿਮ੍ਹਾ ਰਾਓ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰੀ ਕਾ. ਇੰਦਰਜੀਤ ਗੁਪਤਾ, ਜੋ ਵੇਤਨ ਕਮਿਸ਼ਨ ਲਾਗੂ ਕਰਨ ਦੇ ਮੁਖੀ ਵੀ ਸਨ, ਨੇ 40 ਫੀਸਦੀ ਵਾਧਾ ਕੀਤਾ ਸੀ।

ਇਸੇ ਤਰ੍ਹਾਂ 1996 ਵਿੱਚ ਪੰਜਾਬ ਦੀ ਕਾਂਗਰਸ ਦੇ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਸਰਕਾਰ ਸਮੇਤ ਵਿੱਤ ਮੰਤਰੀ ਡਾ. ਕੇਵਲ ਕ੍ਰਿਸ਼ਨ ਵੱਲੋਂ ਮਹਿੰਗਾਈ ਭੱਤੇ ਦਾ ਡੀ-ਲਿੰਗ ਕਰਨ ਲਈ ਫੈਸਲਾ ਕੀਤਾ ਸੀ, ਜਿਸ ਵਿਰੁੱਧ ਸਵ: ਕਾ. ਸੱਜਣ ਸਿੰਘ ਨੇ ਮਰਨ ਵਰਤ ਰੱਖ ਕੇ ਇਹ ਫੈਸਲਾ ਵਾਪਸ ਕਰਵਾਇਆ ਤੇ ਇਸ ਫੈਸਲੇ ਦੀ ਵਾਪਸੀ ਤੇ ਮੁਲਾਜ਼ਮ ਮੰਗਾਂ ਦਾ ਐਲਾਨ ਪੰਜਾਬ ਵਿਧਾਨ ਸਭਾ ਵਿੱਚ ਕੀਤਾ ਗਿਆ ਸੀ।ਇਸ ਮੌਕੇ ਰਾਮ ਲਾਲ ਰਾਮਾ, ਸ਼ਿਵ ਚਰਨ, ਇੰਦਰਪਾਲ ਵਾਲਿਆ, ਧਰਮਿੰਦਰ, ਰਾਜੇਸ਼ ਕੁਮਾਰ, ਅਜੈ ਕੁਮਾਰ, ਰਾਜ ਕੁਮਾਰ ਰਾਜੂ, ਸੋਮ ਦੱਤ ਹਾਜ਼ਰ ਸਨ।

## ਗੁਰਦੁਆਰਾ ਫਤਿਹਗੜ੍ਹ ਸਾਹਿਬ ਤੋਂ ਮੀਰੀ ਪੀਰੀ ਖਾਲਸਾ ਮਾਰਚ ਰਵਾਨਾ

- ਨੌਜਵਾਨਾਂ ਨੂੰ ਨਸ਼ਿਆਂ ਵਾਲੇ ਪਾਸੇ ਧੱਕ ਕੇ ਨਸਲਕੁਸ਼ੀ ਦੇ ਰਾਹ ਪਈਆਂ ਸਰਕਾਰਾਂ : ਜਥੇਦਾਰ ਗੜਗੱਜ
- ਅਜੋਕੀ ਪੀੜ੍ਹੀ ਖ਼ਾਲਸਾ ਪੰਥ ਦੀ ਸ਼ਾਨਾਮੱਤੀ ਵਿਰਾਸਤ ਨਾਲ ਜੁੜੇ : ਐਡਵੋਕੇਟ ਧਾਮੀ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)
ਛੋਟੇ ਸਾਹਿਬਜ਼ਾਦਿਆਂ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਮੀਰੀ ਪੀਰੀ ਖਾਲਸਾ ਮਾਰਚ ਪੰਥਕ ਰਵਾਇਤਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜ ਪਿਆਰਿਆਂ, ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਵਿਚ ਅਗਲੇ ਪੜਾਅ ਵੱਲ ਰਵਾਨਾ ਹੋਇਆ। ਮੀਰੀ ਪੀਰੀ ਖਾਲਸਾ ਦੀ ਰਵਾਨਗੀ ਤੋਂ ਪਹਿਲਾਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਵੱਲੋਂ ਮੁੱਖਵਾਕ ਲੈਣ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਮਾਨਵਤਾ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਫੁੱਲਾਂ ਨਾਲ ਸਜੀ ਪਾਲਕੀ ਵਿਚ ਗੁਰੂ ਮਹਾਰਾਜ ਦੇ ਸਰੂਪ ਅਦਬ ਤੇ ਸਤਿਕਾਰ ਨਾਲ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸ਼ੁਸ਼ੋਭਿਤ ਕੀਤੇ ਤੇ ਝੌਰ ਸਾਹਿਬ ਦੀ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਖੁਦ ਆਪ ਕਰ ਰਹੇ ਸਨ।ਮੀਰੀ ਪੀਰੀ ਖਾਲਸਾ ਮਾਰਚ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਹਿਬਾਨਾਂ ਵਿੱਚ ਦਰਬਾਰਾ ਸਿੰਘ ਗੁਰੂ, ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ, ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨਾਂ ਵਿਚ ਜਥੇਦਾਰ ਅਵਤਾਰ ਸਿੰਘ ਰਿਆ, ਜਥੇਦਾਰ ਰਵਿੰਦਰ ਸਿੰਘ ਖਾਲਸਾ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਐਡਵੋਕੇਟ ਅਮਨਦੀਪ ਸਿੰਘ ਧਾਰਨੀ ਸਮੇਤ ਇਲਾਕੇ ਦੀਆਂ ਪੰਥਕ ਸਖਸ਼ੀਅਤਾਂ ਆਦਿ ਨੇ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਮੀਰੀ ਪੀਰੀ ਖਾਲਸਾ ਮਾਰਚ ਸਮੇਂ ਦੀ ਵੱਡ ਲੋੜ ਸੀ ਤਾਂ ਕਿ ਸੰਗਤਾਂ ਤੱਕ ਗੁਰੂ ਸਾਹਿਬ ਦਾ ਫਲਸਫਾ ਤੇ ਸਿੱਖੀ ਸਿਧਾਂਤ ਨੂੰ ਪਹੁੰਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਅੱਜ ਸਾਡੀ ਅਜੋਕੀ ਪੀੜ੍ਹੀ ਖਾਲਸਾ ਪੰਥ ਦੇ ਵੱਡਮੁੱਲੇ ਸਿਧਾਂਤ ਤੋਂ ਸੱਖਣੀ ਹੋਈ ਜਾਪਦੀ ਹੈ, ਇਸ ਕਰਕੇ ਨੌਜਵਾਨਾਂ ਨੂੰ ਬਾਣੀ ਤੇ ਬਾਣੇ ਦਾ ਧਾਰਨੀ ਬਣਨ ਲਈ ਪ੍ਰੇਰਿਆ ਜਾ ਰਿਹਾ।ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਸਰਕਾਰਾਂ ਦੇ ਆਪਣੇ ਨਿੱਜੀ ਹਿੱਤ ਵਿਖਾਈ ਦੇ ਰਹੇ ਹਨ, ਜੋ ਨੌਜਵਾਨਾਂ ਨੂੰ ਨਸ਼ਿਆਂ ਵਾਲੇ ਪਾਸੇ ਧੱਕਣ ਤੇ ਜਵਾਨੀ ਦੀ ਨਸ਼ਲਕੁਸ਼ੀ ਕਰਨ 'ਤੇ ਤੁਲੀਆਂ ਹਨ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਵਿਖਾਏ ਮਾਰਗ 'ਤੇ ਚੱਲਣ ਵਾਲੇ ਤੇ ਸਮਰਪਤ ਰਹਿਣ ਵਾਲੇ ਹੀ ਆਪਣੇ ਜੀਵਨ ਨੂੰ ਬਦਲ ਸਕਦੇ ਹਨ। ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨੌਜਵਾਨ ਗੁਰੂ ਸਿੱਖੀ ਜੀਵਨ ਦੇ ਧਾਰਨੀ ਹੋਣ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਜਵਾਬਦੇਹ ਹੋ ਸਕੀਏ।ਉਨ੍ਹਾਂ ਕਿਹਾ ਕਿ ਸਰਕਾਰਾਂ ਦੇ ਗਲਤ ਮਨਸੂਬਿਆਂ ਕਾਰਨ ਨੌਜਵਾਨ ਦਿਸ਼ਾਹੀਣ ਹਨ, ਜਦਕਿ ਸਿਆਸੀ ਤੇ ਸੌੜੇ ਹਿੱਤਾਂ ਕਾਰਨ ਨੌਜਵਾਨਾਂ ਨੂੰ ਢਾਲ ਬਣਾ ਕੇ ਵਰਤਿਆ ਜਾ ਰਿਹਾ। ਮੀਰੀ ਪੀਰੀ ਖਾਲਸਾ ਮਾਰਚ ਦੌਰਾਨ ਸੰਗਤਾਂ ਨੇ ਗੁਰੂ ਸਾਹਿਬਾਨ ਨਾਲ ਸਬੰਧਤ ਸ਼ਸ਼ਤਰਾਂ ਦੇ ਦਰਸ਼ਨ ਵੀ ਕੀਤੇ।ਇਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲੱਡ ਯੂਨੀਵਰਸਿਟੀ ਅਤੇ ਬਾਬਾ ਬੰਦਾ ਸਿੰਘ ਇੰਜੀਨੀਅਰਿੰਗ ਕਾਲਜ, ਮਾਤਾ ਗੁਜਰੀ ਕਾਲਜ ਸ੍ਰੀ ਫਤਿਹਗੜ੍ਹ ਸਾਹਿਬ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਵੱਡੇ ਪੱਧਰ 'ਤੇ ਸ਼ਿਰਕਤ ਕੀਤੀ।

## ਪੱਤਰਕਾਰ ਗਰਗ ਦੇ ਪਿਤਾ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)
ਮੀਡੀਆ ਕਲੱਬ ਪਾਤੜਾਂ ਦੇ ਸਲਾਹਕਾਰ ਤੇ ਸੀਨੀਅਰ ਪੱਤਰਕਾਰ ਸੱਤਪਾਲ ਗਰਗ ਦੇ ਪਿਤਾ ਗੋਰਾ ਲਾਲ ਬੀਤੀ ਰਾਤ ਅਕਾਲ ਚਲਾਣਾ ਕਰ ਗਏ।ਉਹ 98 ਵਰ੍ਹਿਆਂ ਦੇ ਸਨ।ਉਨ੍ਹਾਂ ਦੇ ਅੱਜ ਹੋਏ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ ਵਿੱਚ ਰਾਜਨੀਤਕ ਆਗੂਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਇਲਾਵਾ ਇਲਾਕੇ ਦੇ ਬਹੁਤ ਸਾਰੇ ਲੋਕਾਂ ਵੱਲੋਂ ਸ਼ਮੂਲੀਅਤ ਕਰਕੇ ਗਰਗ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

ਇਸ ਦੌਰਾਨ ਜੁੜੇ ਵੱਡੇ ਇਕੱਠ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਸੇਜਲ ਅੱਖਾਂ ਨੇ ਸਵਰਗੀ ਗੋਰਾ ਲਾਲ ਨੂੰ ਅੰਤਿਮ ਵਿਦਾਇਗੀ ਦਿੱਤੀ।ਉਨ੍ਹਾਂ ਦਾ ਅੰਤਿਮ ਸੰਸਕਾਰ ਪਾਤੜਾਂ ਦੇ ਰਾਮਬਾਗ ਵਿਖੇ ਕੀਤਾ ਗਿਆ।ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ, ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ, ਕਾਂਗਰਸ ਦੇ ਜਿਲਾ ਮੀਤ ਪ੍ਰਧਾਨ ਅਮਰਜੀਤ ਸਿੰਘ ਘੱਗਾ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਡਿਪਟੀ ਜਨਰਲ ਸਕੱਤਰ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ, ਕਾਂਗਰਸੀ ਆਗੂ ਬੀਬੀ ਪਲਵਿੰਦਰ ਕੌਰ ਹਰਿਆਊ, ਮਹਿੰਗਾ ਬਰਾੜ ਚੇਅਰਮੈਨ ਮਾਰਕੀਟ ਕਮੇਟੀ, ਦਰਬਾਰਾ ਸਿੰਘ ਬਣਵਾਲਾ ਹਲਕਾ ਇੰਚਾਰਜ ਕਾਂਗਰਸ, ਬਾਬੂ ਕਬੀਰ ਦਾਸ ਹਲਕਾ ਇੰਚਾਰਜ ਅਕਾਲੀ ਦਲ, ਨਰਾਇਣ ਸਿੰਘ ਨਰਸੋਤ ਹਲਕਾ ਇੰਚਾਰਜ ਭਾਜਪਾ, ਕਾਲਾ ਰਾਮ ਕਾਂਸਲ ਐੱਸਡੀਐੱਮ ਪਾਤੜਾਂ, ਬਲਜਿੰਦਰ ਸਿੰਘ ਕਾਰਜ ਸਾਧਕ ਅਫ਼ਸਰ ਪਾਤੜਾਂ, ਤੇਜ ਪਾਲ ਸ਼ਰਮਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਕੇਵਲ ਸ਼ਰਮਾ ਤੇ ਮੀਡੀਆ ਕਲੱਬ ਦੇ ਸਾਰੇ ਅਹੁਦੇਦਾਰ ਤੇ ਮੈਂਬਰਾਂ ਤੋਂ ਇਲਾਵਾ ਪਾਤੜਾਂ ਇਲਾਕੇ ਦੇ ਸਾਰੇ ਪੱਤਰਕਾਰ ਸਾਹਿਬਾਨ ਮੌਜੂਦ ਸਨ।

THIS IS A PUBLIC ANNOUNCEMENT FOR INFORMATION PURPOSES ONLY AND IS NOT A PROSPECTUS ANNOUNCEMENT AND DOES NOT CONSTITUTE AN INVITATION OR OFFER TO ACQUIRE, PURCHASE OR SUBSCRIBE TO SECURITIES. THIS PUBLIC ANNOUNCEMENT IS NOT INTENDED FOR RELEASE, PUBLICATION OR DISTRIBUTION DIRECTLY OR INDIRECTLY OUTSIDE INDIA. INITIAL PUBLIC ISSUE OF EQUITY SHARES ON THE EMERGE PLATFORM OF NATIONAL STOCK EXCHANGE OF INDIA LIMITED (NSE EMERGE) IN TERMS OF THE CHAPTER IX OF THE SEBI (ICDR) REGULATIONS, 2018 AS AMENDED FROM TIME TO TIME.

*(Please Scan this QR to view the Prospectus)*

ANIL BAGHI HOSPITAL
ESTABLISHED 1985 | NABH ACCREDITED SUPER-SPECIALITY

# ABH HEALTHCARE LIMITED

**Corporate Identity Number: U85300PB2021PLC052886**

Our Company was originally incorporated as a private limited company in the name and style of "ABH Healthcare Private Limited" under the provisions of the Companies Act, 2013 vide certificate of incorporation dated March 2, 2021 issued by the Deputy Registrar of Companies, Central Registration Centre. Further, in accordance with the main objects, our Company acquired the sole proprietorship concern of Dr. Kamal Baghi, our Promoter in the name "Anil Baghi Hospital" pursuant to a Business Transfer Agreement dated March 16, 2022.Subsequently, our Company was converted from a private limited company to a public limited company, pursuant to a resolution passed in the Extraordinary general meeting of our members held on October 7, 2024 and consequently, the name of our Company was changed to "ABH Healthcare Limited", and a fresh certificate of incorporation consequent upon conversion from private company to public company dated November 15, 2024 was issued by the Registrar of Companies, Chandigarh. For details of change in name and registered office of our Company, see ***"History and Certain Corporate Matters – Changes in the Registered Office"*** on page 151 of the Prospectus dated August 27, 2026.

**Registered Office:** Anil Baghi Road, Ferozepur, Punjab - 152002, India;| **Corporate Office:** N.A. | **Contact Person:** Mr. Rahul Sharma, Company Secretary & Compliance Officer
**Mobile No.:** +91 7888690018 **Email Id:** investor@anilbaghihospital.com; | **Website:** www.abhhealthcare.org | **Corporate Identity Number:** U85300PB2021PLC052886

**THE PROMOTERS OF OUR COMPANY ARE: DR. KAMAL BAGHI, DR. SAURABH BAGHI AND DR. VAISHALI SAINI**

**THE ISSUE IS BEING MADE IN ACCORDANCE WITH CHAPTER IX [INITIAL PUBLIC OFFER BY SMALL AND MEDIUM ENTERPRISES] OF THE SECURITIES AND EXCHANGE BOARD OF INDIA (ISSUE OF CAPITAL AND DISCLOSURE REQUIREMENTS) REGULATIONS, 2018 AS AMENDED ("SEBI ICDR REGULATIONS") AND THE EQUITY SHARES ARE PROPOSED TO BE LISTED ON EMERGE PLATFORM OF NATIONAL STOCK EXCHANGE OF INDIA LIMITED ("NSE EMERGE")**

**OUR COMPANY HAS FILED THE PROSPECTUS DATED AUGUST 27, 2026 WITH REGISTRAR OF COMPANIES. THE EQUITY SHARES ARE PROPOSED TO BE LISTED ON THE EMERGE PLATFORM OF NATIONAL STOCK EXCHANGE OF INDIA LIMITED (NSE EMERGE) AND TRADING IS EXPECTED TO COMMENCE ON TUESDAY, SEPTEMBER 1, 2026.**

## BASIS OF ALLOTMENT

**INITIAL PUBLIC ISSUE OF 34,29,600 EQUITY SHARES OF FACE VALUE ₹ 10/- EACH ("EQUITY SHARES") OF ABH HEALTHCARE LIMITED ("OUR COMPANY" OR THE "ISSUER") FOR CASH AT A PRICE OF ₹ 102 PER EQUITY SHARE (INCLUDING A SECURITIES PREMIUM OF ₹ 92 PER EQUITY SHARE) ("ISSUE PRICE"), AGGREGATING TO ₹ 3498.19 LAKHS (THE "ISSUE"), OF WHICH 1,72,800 EQUITY SHARES OF FACE VALUE OF ₹10/- EACH FOR CASH AT A PRICE OF ₹102/- PER EQUITY SHARE INCLUDING A SECURITIES PREMIUM OF ₹ 92/- PER EQUITY SHARE AGGREGATING TO ₹ 176.26 LAKHS WILL BE RESERVED FOR SUBSCRIPTION BY MARKET MAKER ("MARKET MAKER RESERVATION PORTION"). THE ISSUE LESS THE MARKET MAKER RESERVATION PORTION I.E. ISSUE OF 32,56,800 EQUITY SHARES OF FACE VALUE OF ₹ 10/- EACH AT AN ISSUE PRICE OF ₹ 102 PER EQUITY SHARE AGGREGATING TO ₹ 3321.94 LAKHS IS HEREINAFTER REFERRED TO AS THE "NET ISSUE". THE ISSUE AND THE NET ISSUE WILL CONSTITUTE 30.01 % AND 28.49 % RESPECTIVELY OF THE POST ISSUE PAID-UP EQUITY SHARE CAPITAL OF OUR COMPANY.**

**Brief description of the business of the Company:** Our core focus is on providing specialised tertiary medical care in Tier 3 cities, within the state of Punjab while seeking to strike a balance between providing quality healthcare services and affordability. We operate our hospital under the "Anil Baghi Hospital" brand, honoring the Sacrifice of late Shri Anil Baghi. Located in Ferozepur, Punjab, our hospital has a capacity of 150 beds. Acquired by our Company in 2022, the hospital was established in 1985 with 30 (thirty) beds and is driven by a vision to provide affordable, accessible, and quality healthcare services, delivered with compassion. Since our acquisition, we have consistently invested in the hospital, expanding bed capacity, increasing our workforce, and introducing additional services and clinical specialties

**The Issue is being made in accordance with Regulation 229(2) of the SEBI ICDR Regulations**

**ISSUE PRICE: ₹ 102/- PER EQUITY SHARE OF FACE VALUE OF ₹ 10/- EACH**

**THE ISSUE PRICE IS 10.2 TIMES THE FACE VALUE OF THE EQUITY SHARES.**

## RISKS TO INVESTORS

*1. Our Company has been specifically formed for the purpose of acquisition of the business of M/s. Anil Baghi Hospital (sole proprietorship concern of one of our Promoters), thus we have limited operating history as a Company which may make it difficult for investors to evaluate our historical performance or future prospects*
*2. Our revenues are significantly dependent on our only hospital in Ferozepur, Punjab, any change in the economic or political circumstances in or around the areas of Ferozepur, could materially affect our business, financial condition and results of operations*
*3. If we are unable to keep pace with technological changes, new equipments and service introductions, changes in patients' needs and evolving industry standards as well as failure or malfunction of our medical or other equipments, our business and financial condition may be adversely affected.*
*4. We rely on certain third parties, including suppliers, and also enter into contracts with third-party payers such as insurance companies, third party administrators, corporations and government departments. Termination, non-renewal or any breach of the conditions of such contracts could have a material adverse impact on our business, financial condition and results of operations*
*5. We operate in a highly regulated industry, and compliance with applicable safety, health, environmental and other governmental regulations and any violations of existing regulations may adversely affect our business, results of operations and cash flows*
*6. Our Company has acquired M/s. Anil Baghi Hospital, the sole proprietorship concern of one of our Promoters after its incorporation vide Business Transfer Agreement dated March 16, 2022. Any future acquisition of other businesses could result in operating difficulties, integration issues and other adverse consequences due to our limited past experience in businesses.*
*7. We are significantly dependent on our key personnels, including our Promoters, Dr. Kamal Baghi, Dr. Saurabh Baghi, Dr. Vaishali Saini, senior management and other healthcare professionals and any loss of or our inability to attract or retain such persons could adversely affect our business, financial condition, results of operations and cash flows.*
*8. The object of making unidentified acquisitions may lead to significant investments in the businesses that may not be sustainable in the long run, which may result in financial losses and negatively impact the company's overall portfolio.*
*9. We do not own the premises where our Registered office and hospital are located. Any adverse event that requires us to vacate the said property may materially adversely affect our business operations and financial conditions.*
*10 We have a high debt-equity ratio and may face certain funding risks. Any further increase in borrowings may have a material adverse effect on our business, financial condition and results of operations. Further, if we do not generate sufficient amount of cash flow from operations, our liquidity and ability to service our indebtedness could be adversely affected.*
*11.We are exposed to legal claims and regulatory actions arising from the provision of healthcare services and may be subject to liabilities arising from claims of malpractice and medical negligence which could materially and adversely affect our reputation and prospects.*
*The Book Running Lead Manager associated with the issue has handled 3 Main Board till date and 25 SME Issues in the past three Fiscal, out of which 1 Main Board and 4 SME Issues closed below the Issue Price on the listing date.*

**(I) AVERAGE COST OF ACQUISITION:**
The average cost of acquisition per Equity Share to our Promoters is mentioned as below:

| Name of the Promoters | Number of Equity Shares of face value of ₹ 10 each held | Average Cost of Acquisition per Equity Share (in ₹)* |
|---|---|---|
| Dr. Saurabh Baghi | 54,80,000 | 0.07 |
| Dr. Kamal Baghi | 23,99,984 | 10.22 |
| Dr. Vaishali Saini | 1,20,000 | 2.50 |

** As certified by our Statutory Auditor M/s G D Singhal & Associates, Chartered Accountants, pursuant to their certificate dated August 27,2026.*

**(II)WEIGHTED AVERAGE COST OF ALL EQUITY SHARES TRANSACTED IN IN THE LAST THREE (3) YEARS, EIGHTEEN (18) MONTHS AND ONE (1) YEAR.**
The weighted average cost of acquisition of all the Equity Shares transacted (i) in the preceding three (3) years; (ii) in the preceding eighteen (18) months; and (iii) in the preceding one (1) year from the date of the Prospectus is as follows:

| Period | Weighted average cost of acquisition per Equity Share (in ₹)* | Issue Price (₹ 102) is 'X' times the weighted average cost of acquisition** | Range of acquisition price per Equity Share: lowest price – highest price (in ₹)** |
|---|---|---|---|
| Last three (3) years | Negligible | N.A. | Nil-33 |
| Last eighteen (18) months | N.A. | N.A. | N.A. |
| Last one (1) year | N.A. | N.A. | N.A. |

**As certified by our Statutory Auditor M/s G D Singhal & Associates, Chartered Accountants, pursuant to their certificate dated August 27, 2026*
*** The weighted average price for Equity Shares acquired during the last one year has been calculated by taking into account the amount paid by the promoter shareholder to acquire the Equity Shares and the cost of acquisition has been divided by total number of shares acquired (including bonus shares). The number of Equity Shares in the table above have been calculated on a post-split basis.*

**(III)WEIGHTED AVERAGE PRICE AT WHICH THE EQUITY SHARES WERE ACQUIRED BY OUR PROMOTERS IN THE ONE YEAR PRECEDING THE DATE OF THE PROSPECTUS**

The weighted average price at which the Equity Shares were acquired by our Promoters in the one year preceding the date of the Prospectus:

| Name of the Promoters | Number of Equity Shares acquired in the one year preceding the date of the Prospectus** | Weighted Average Cost of Acquisition per Equity Share (in ₹)* |
|---|---|---|
| Dr. Kamal Baghi | Nil | N.A. |
| Dr. Saurabh Baghi | Nil | N.A. |
| Dr. Vaishali Saini | Nil | N.A. |

**As certified by our Statutory Auditor M/s G D Singhal & Associates, Chartered Accountants, pursuant to their certificate dated August 27, 2026*
***The face value of Equity Shares is ₹10/- each*

**(IV)** The Price/ earnings Ratio based on Basic & Diluted EPS for Fiscal 2026 for the company at the Issue Price is 14.47 times

**(V)** Weighted Average Return on Networth for Fiscals 2026, 2025 and 2024 is 44.51%.

**(VI) WEIGHTED AVERAGE COST OF ACQUISTION (WACA)**
Weighted Average Cost of Acquisition Compared to Floor Price and Cap Price is mentioned as below:

| Type of transactions | WACA (in ₹) | Floor Price (in ₹ 96) | Cap Price (in ₹ 102) |
|---|---|---|---|
| a) WACA of Equity Shares based on primary issuances undertaken during the three immediately preceding years. | N.A. | N.A. | N.A. |
| b) WACA of Equity Shares based on secondary transactions under taken during the three immediately preceding years. | Negligible | N.A. | N.A. |
| There were no primary and Secondary Sales/acquisition of Equity Shares (equity securities) transactions in last 18 months and not older than 3 years from the date of the Prospectus. | | | |

## BID/ISSUE PERIOD

**BID/ISSUE OPENED ON: MONDAY, AUGUST 24, 2026**

**BID/ISSUE CLOSED ON: THURSDAY, AUGUST 27, 2026**

This Issue is being made in terms of Rule 19(2)(b) of the SCRR, through the Book Building Process and in accordance with Regulation 253(1) and (2) of the SEBI ICDR Regulations not more than 50.00% of the Issue shall be allocated on a proportionate basis to QIBs. Our Company in consultation with the BRLM has decided that "no participation by anchor investors will be considered in the IPO". Further, 5.00% of the QIB Portion shall be available for allocation on a proportionate basis only to Mutual Funds, and spill-over from the remainder of the QIB Portion shall be available for allocation on a proportionate basis to all QIBs, including Mutual Funds, subject to valid Bids being received at or above the Issue Price. Further, not less than 15.00% of the Issue shall be available for allocation on a proportionate basis to Non-Institutional Bidders out of which(a) one third of the portion available to non-institutional investors shall be reserved for applicants with application size of more than two lots and up to such lots equivalent to not more than ₹10 lakhs (b) two third of the portion available to non-institutional investors shall be reserved for applicants with application size of more than ₹10 lakhs. Provided that the unsubscribed portion in either of the sub-categories specified in clauses (a) or (b) may be allocated to applicants in the other sub-category of non-institutional investors and not less than 35.00% of the Issue shall be available for allocation to Individual Bidders in accordance with the SEBI ICDR Regulations, subject to valid Bids being received at or above the Issue Price. All Bidders were required to participate in the Issue by mandatorily utilising the Application Supported by Blocked Amount ("ASBA") process by providing details of their respective ASBA Account (as defined hereinafter) and UPI ID in case of UPI Bidders, if applicable, in which the corresponding Bid Amounts were blocked by the Self Certified Syndicate Banks ("SCSBs") or by the Sponsor Bank(s) under the UPI Mechanism, as the case may be, to the extent of respective Bid Amounts. For details, see "Issue Procedure" on page 267.
For the purpose of this Issue, the Stock Exchange will be Emerge platform of National Stock Exchange of India Limited ('NSE EMERGE'). The trading is expected to commence on or before September 1, 2026*. The investors are advised to refer to the Prospectus for the full text of the Disclaimer Clause of NSE.
*Subject to the receipt of listing and trading approval from Emerge platform of National Stock Exchange of India Limited ('NSE EMERGE')

## SUBSCRIPTION DETAILS

The Issue received 1,163 Applications for 48,76,800 Equity Shares (before technical rejections and after invalid bids Multiple/Duplicate/bids (UPI Mandates) not accepted by investors / blocked, bids rejected under application banked but bid not registered) resulting in 1.42 times subscription (including reserved portion of market maker portion). The Details of applications received in the Issue from Individual Investors, Non-Institutional Investors and QIBs are as under (before technical rejections):

**DETAILS OF APPLICATIONS RECEIVED**

| Sr. No. | CATEGORY | VALID EQUITY SHARES RECEIVED IN EACH CATEGORY | NO.OF EQUITY SHARES AVAILABLE FOR ALLOCATION (AS PER PROSPECTUS | SPILL OVER / DEFICIT* | EQUITY SHARES ALLOTTED | TOTAL ALLOTMENT AMOUNT (₹) |
|---|---|---|---|---|---|---|
| 1 | Qualified Institutional Buyers | 16,66,800 | 1,99,200 | 1,44,000 | 3,43,200 | 35,006,400 |
| 2 | Non-Institutional Bidders (More than 2 lots & upto Rs.1,000,000/-)* | 2,70,000 | 5,10,000 | (2,40,000) | 2,70,000 | 27,540,000 |
| 3 | Non-Institutional Bidders 2 (More than Rs.1,000,000/-)* | 1,45,200 | 10,18,800 | (8,73,600) | 1,45,200 | 1,48,10,400 |
| 4 | Individual Investors | 24,98,400 | 15,28,800 | 9,69,600 | 24,98,400 | 2,54,836,800 |
| 5 | Market Maker | 1,72,800 | 1,72,800 | 0 | 1,72,800 | 1,76,25,600 |
| | **TOTAL** | **47,53,200** | **34,29,600** | **0** | **34,29,600** | **3,49,819,200** |

**Issue is under subscribed in NII1 and NII2 category by 11,13,600, unsubscribed portion of NII1 & NII2 category spilled over to Individual Investor & QIB category, since sufficient balance was not available in the Individual Investor category balance share from Individual Investor category added to QIB category.*

**Final Demand**

**A Summary of the final demand as per NSE as on Bid/Issue closing date at different Bid Prices is as under:**

| Sr. No. | PRICE | NO OF APPLICATION | SUM QUANTITY | % to Total | Cumulative Total | Cumulative % of Total |
|---|---|---|---|---|---|---|
| 1 | 96 | 45 | 1,14,000 | 0.90 | 1,14,000 | 0.90 |
| 2 | 97 | 6 | 14,400 | 0.11 | 1,28,400 | 1.02 |
| 3 | 98 | 2 | 7,200 | 0.06 | 1,35,600 | 1.08 |
| 4 | 99 | 2 | 4,800 | 0.04 | 1,40,400 | 1.11 |
| 5 | 100 | 9 | 30,000 | 0.24 | 1,70,400 | 1.35 |
| 6 | 101 | 7 | 16,800 | 0.13 | 1,87,200 | 1.49 |
| 7 | 102 | 4,233 | 1,24,10,400 | 98.51 | 1,25,97,600 | 100.00 |
| | | **4,304** | **1,25,97,600** | **100.00** | | |

The Basis of Allotment was finalized in consultation with the Stock Exchange, being Emerge platform of National Stock Exchange of India Limited ('NSE EMERGE') on August 28, 2026

1. **Allotment to Individual Investors (After Technical Rejections) (including ASBA Applications) :** The Basis of Allotment to the Individual Investors, who have bid at the Issue price of ₹ 102/- per Equity Share, was finalized in consultation with NSE. This category has been subscribed to the extent of 1.00 time i.e for 24,98,400 Equity Shares . The total number of equity shares allotted in this category is 24,98,400 Equity Shares to 1,041 successful applicants

The Category-wise details of the Basis of Allotment are as under:

| Sr. No. | Category | No. of Applications Received | % of Total | Total No. of Equity Shares applied | % of Total | No. of Equity Shares Allotted per Bidder | Ratio | Total No. of Equity Shares allotted* |
|---|---|---|---|---|---|---|---|---|
| 1. | 2,400 | 1,041 | 100.00 | 24,98,400 | 100.00 | 2,400 | 1:1 | 24,98,400 |
| | **Grand Total** | **1,041** | **100.00** | **24,98,400** | **100.00** | | | **24,98,400** |

***<u>*This includes a spill over of 9,69,600 equity shares added from NII1 & NII2 category</u>***

2. **Allotment to Non- Institutional Investors (More than 2 lots and up to ₹10 lakhs) (After Technical Rejections (including ASBA application):** The Basis of Allotment to this category of Non- Institutional Investors, who have bid at the Issue price of ₹ 102/- per Equity Share, was finalized in consultation with NSE. This category has been subscribed to the extent of 0.53 times i.e 2,70,000 Equity Shares. The total number of Equity Shares allotted in this category is 2,70,000 Equity Shares to 64 successful applicants. The Category-wise details of the Basis of Allotment are as under:

| Sr.No. | Category | No. of Applications Received | % of Total | Total No. of Equity Shares applied | % of Total | No. of Equity Shares Allotted per Bidder | Ratio | Total No. of Equity Shares allotted* |
|---|---|---|---|---|---|---|---|---|
| 1. | 3,600 | 41 | 64.06 | 1,47,600 | 54.67 | 3,600 | 1:1 | 1,47,600 |
| 2. | 4,800 | 18 | 28.13 | 86,400 | 32.00 | 4,800 | 1:1 | 86,400 |
| 3. | 6,000 | 3 | 4.69 | 18,000 | 6.67 | 6,000 | 1:1 | 18,000 |
| 4. | 8,400 | 1 | 1.56 | 8,400 | 3.11 | 8,400 | 1:1 | 8,400 |
| 5. | 9,600 | 1 | 1.56 | 9,600 | 3.56 | 9,600 | 1:1 | 9,600 |
| | **Grand Total** | **64** | **100.00** | **2,70,000** | **100.00** | | | **2,70,000** |

***<u>*undersubscribed portion of 2,40,000 equity shares spilled over to QIB & Individual Investor category</u>***

3. **Allotment to Non- Institutional Investors "above ₹ 10 lakhs" (After Technical Rejections including ASBA application):** The Basis of Allotment to this category of Non-Institutional Investors, who have bid at the Issue price of ₹ 102 /- per Equity Share, was finalized in consultation with NSE. This category has been subscribed to the extent of 0.14 times i.e 1,45,200 Equity shares . The total number of Equity Shares allotted in this category is 1,45,200 Equity Shares to 9 successful applicants. The Category-wise details of the Basis of Allotment are as under:

| Sr. No. | Category | No. of Applications Received | % of Total | Total No. of Equity Shares applied | % of Total | No. of Equity Shares Allotted per Bidder | Ratio | Total No. of Equity Shares allotted* |
|---|---|---|---|---|---|---|---|---|
| 1. | 10,800 | 5 | 55.56 | 54,000 | 37.19 | 10,800 | 1:1 | 54,000 |
| 2. | 15,600 | 1 | 11.11 | 15,600 | 10.74 | 15,600 | 1:1 | 15,600 |
| 3. | 24,000 | 2 | 22.22 | 48,000 | 33.06 | 24,000 | 1:1 | 48,000 |
| 4. | 27,600 | 1 | 11.11 | 27,600 | 19.01 | 27,600 | 1:1 | 27,600 |
| | **Grand Total** | **9** | **100.00** | **1,45,200** | **100.00** | | | **1,45,200** |

***<u>*undersubscribed portion of 8,73,600 equity shares spilled over to QIB & Individual Investor category</u>***

4. **Allotment to Market Maker:** The Basis of Allotment to the Market Maker, who have bid at the Issue price of ₹ 102/- per Equity Share, was finalized in consultation with NSE. The category has been subscribed to the extent of 1.00 time i.e for 1,72,800 Equity Shares . The total number of Equity Shares allotted in this category is 1,72,800 Equity Shares to 1 successful applicant. The details of the Allotment are as under:

| Sr. No. | Category | No. of Applications Received | % of Total | Total No. of Equity Shares applied | % of Total | No. of Equity Shares Allotted per Bidder | Ratio | Total No. of Equity Shares allotted |
|---|---|---|---|---|---|---|---|---|
| 1. | 1,72,800 | 1 | 100.00 | 1,72,800 | 100.00 | 1,72,800 | 1:1 | 1,72,800 |
| | **Grand Total** | **1** | **100.00** | **1,72,800** | **100.00** | | | **1,72,800** |

5. **ALLOTMENT TO QUALIFIED INSTITUTIONAL BUYERS (QIBS) (AFTER TECHNICAL REJECTION):** The Basis of Allotment to QIBs, who have bid at the Issue price of ₹ 102/- per Equity Share, has been done on a proportionate basis in consultation with NSE. This category has been subscribed to the extent of 4.86 times of QIB Portion i.e 16,66,800 Equity shares. The total number of Equity Shares allotted in this category is 3,43,200 Equity Shares, which were allotted to 2 Successful Applicants . The category- wise details of the Basis of Allotment are as under:

| Sr. No. | Category | FI's/BANK | MF'S | IC'S | NBFC'S | AIF | FPC/FII | Others | TOTAL |
|---|---|---|---|---|---|---|---|---|---|
| 1. | QIB | - | - | - | - | - | 3,43,200 | - | **3,43,200** |

****this includes a spill over of 1,44,000 added from NII1 & NII2 category***

6. **ALLOTMENT TO ANCHOR INVESTORS :** Nil as our Company in consultation with the BRLM had decided that "no participation by anchor investors will be considered in the IPO".

The Board of Directors of the Company at its meeting held on August 28, 2026 has (i) taken on record, the Basis of Allotment of Equity Shares approved by NSE Emerge, the Stock Exchange, (ii) allotted the Equity Shares to the successful applicants and (iii) authorized the corporate action for the issue of Equity Shares to successful applicants. The Allotment Advice cum Refund Intimation have been dispatched to the email IDs and the addresses of the applicants, as the case may be, as registered with the depositories or as filled in the bid forms application forms on or before August 29th, 2026. In case the same is not received within 10 days, Investors may contact the Registrar to the Issue at the address given below.

***Continued on Next Page...***

*Continued from Previous Page...*

The instructions to Self-Certified Syndicate Banks for (i) unblocking of the funds and (ii) transfer to the public issue account, have been or will be sent and emailed, as the case may be, on or before August 31st, 2026. The Equity Shares allotted to successful applicants have been or will be credited to their respective beneficiary accounts on or before August 31st, 2026, subject to validation of the account details with the depositories. The Company has filed the listing application with NSE on August 31st, 2026 and is in the process of obtaining the listing and trading approval from NSE. Trading of the Equity Shares is expected to commence on September 1, 2026

**Note:** All capitalised terms used and not specifically defined herein shall have the same meaning as Ascribed to them in the Prospectus dated August 27, 2026 ("Prospectus") filed with the Registrar of Companies, Chandigarh.

**INVESTORS, PLEASE NOTE**

ਮੈਂ, ਅਮਰਜੀਤ ਸਿੰਘ ਪੁੱਤਰ ਤਾਰਾ ਸਿੰਘ,ਵਾਸੀ ਮਕਾਨ ਨੰ. 6-ਬੀ, ਗਲੀ ਨੰ: 2, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਮੇਰਾ ਪੁੱਤਰ ਮਨਦੀਪ ਸਿੰਘ ਅਤੇ ਬਹੂ ਪਿੰਕੀ ਪਤਨੀ ਮਨਦੀਪ ਸਿੰਘ ਅਤੇ ਪੋਤਰਾ ਦਕਸ਼ਪ੍ਰੀਤ ਸਿੰਘ ਪੋਤਰੀ ਮੰਨਤ ਅਤੇ ਮੇਰੀ ਬੇਟੀ ਨਵਦੀਪ ਕੌਰ ਪਤਨੀ ਇੰਦਰਪ੍ਰੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਬਲਦੇਵ ਰਾਜ ਪੁੱਤਰ ਪ੍ਰੀਤਮ ਦਾਸ, ਵਾਸੀ ਮਕਾਨ ਨੰਬਰ 29, ਲਿੰਕ ਰੋਡ, ਦਬੁਰਜੀ, ਗੁਰਦਿਆਲ ਨਗਰ, ਸਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ, ਉਸ ਦੀ ਪਤਨੀ ਮੋਨਾ ਅਤੇ ਇਨ੍ਹਾਂ ਦਾ ਲੜਕਾ ਕੇਸ਼ਵ, ਜੋ ਮੇਰੇ ਕਹਿਣੇ ਬਾਹਰ ਹਨ ਅਤੇ ਸਾਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਸ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ।

### ਆਮ ਸੂਚਨਾ

ਬੁੱਧ ਸਿੰਘ ਪੁੱਤਰ ਮਿਸ਼ਰਾ ਸਿੰਘ, ਪਿੰਡ ਰੰਗੀਆਂ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ AP17-0541 ਨੂੰ ਗੁਰਪ੍ਰੀਤ ਸਿੰਘ ਪੁੱਤਰ ਬੁੱਧ ਸਿੰਘ ਵਾਸੀ ਰੰਗੀਆਂ (ਸੰਗਰੂਰ) ਵੱਲੋਂ ਆਪਣੇ ਨਾਮ ਤਬਦੀਲ ਕਰਵਾਉਣ ਲਈ ਇਸ ਦਫ਼ਤਰ ਵਿਖੇ ਅਪਲਾਈ ਕੀਤਾ ਹੈ। ਇਤਰਾਜ਼ੀ 30 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਰੰਗੀਆਂ (ਸੰਗਰੂਰ) ਦੇ ਇਤਰਾਜ ਪੇਸ਼ ਕਰੇ।

### ਨਾਂਅ ਦੀ ਬਦਲੀ

ਮੈਂ, ਨਿਰਮਲ ਸਿੰਘ ਪੁੱਤਰ ਅਮਰੀਕ ਸਿੰਘ, ਪਿੰਡ ਘੱਗਾ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾ ਕਿ ਮੇਰੇ ਪਾਸਪੋਰਟ ਵਿੱਚ ਜਿਸਦਾ ਨੰਬਰ (R1257242 ਹੈ) ਮੇਰੀ ਮਾਤਾ ਦਾ ਨਾਮ ਗੁਰਦੇਵ ਕੌਰ ਲਿਖਿਆ ਗਿਆ ਹੈ, ਪਰ ਮੇਰੀ ਮਾਤਾ ਦਾ ਸਹੀ ਨਾਮ ਹਰਦੇਵ ਕੌਰ ਹੈ। ਇਹ ਹੈ ਕਿ ਮੇਰੇ ਪਾਸਪੋਰਟ ਚ ਮੇਰੀ ਮਾਤਾ ਦਾ ਨਾਮ ਗੁਰਦੇਵ ਕੌਰ ਤੋਂ ਬਦਲ ਕੇ ਹਰਦੇਵ ਕੌਰ ਕੀਤਾ ਜਾਵੇ। ਸਬੰਧਿਤ ਨੋਟ ਕਰਨ।

ਮੈਂ, Balveer Singh ਪੁੱਤਰ ਗੁਰਚਰਨ ਸਿੰਘ, ਵਾਸੀ ਗੁਰਦਿੱਤਪੁਰਾ (ਪਟਿਆਲਾ), ਨੇ ਆਪਣਾ ਨਾਂ ਬਦਲ ਕੇ Balvir Singh ਰੱਖ ਲਿਆ ਹੈ।

ਮੈਂ ਲਕਸ਼ਮੀ ਪੁੱਤਰੀ ਬਿੱਲਾ ਸਰਵਤੇ, ਵਾਸੀ ਮਕਾਨ ਨੰਬਰ 548, ਅਬਾਦਪੁਰਾ, ਜਲੰਧਰ ਨੇ ਆਪਣਾ ਨਾਮ ਲਕਸ਼ਮੀ ਤੋਂ ਬਦਲ ਕੇ ਮਨਰੀਤ ਕੌਰ ਰੱਖ ਲਿਆ ਹੈ।

### ਬੇਦਖ਼ਲੀ ਨੋਟਿਸ

ਮੈਂ, ਹਰਮੇਸ਼ ਲਾਲ ਪੁੱਤਰ ਸ੍ਰੀ ਕਿਰਪਾ ਰਾਮ ਵਾਸੀ ਪਿੰਡ ਧਰਮਪੁਰਾ, ਖਾਂਬਰਾ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਿਤਪਾਲ ਸਿੰਘ ਭੰਗੂ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਅਤੇ ਮੇਰੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਪਰਮਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾ ਕੰਵਲਜੀਤ ਕੌਰ ਪਤਨੀ ਪਰਮਜੀਤ ਸਿੰਘ ਵਾਸੀਆਨ ਪਿੰਡ ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਜਗਜੀਤ ਸਿੰਘ ਅਤੇ ਇਸ ਦੀ ਪਤਨੀ ਹਰਪ੍ਰੀਤ ਕੌਰ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮੰਗਲ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਪਿੰਡ ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਜੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ ਗੁਰਮੁੱਖ ਸਿੰਘ ਪੁੱਤਰ ਸਾਧੂ ਸਿੰਘ ਪਿੰਡ ਧਾਰੀਵਾਲ ਕਲਾਂ, ਡਾਕਖਾਨਾ ਪਸਨਾਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਨੇ ਆਪਣੇ ਲੜਕੇ ਹਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਲਵਜੋਤ ਕੌਰ ਨੂੰ ਕਹਿਣੇ 'ਚੋਂ ਬਾਹਰ ਹੋਣ ਕਰਕੇ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਹੈ। ਇਹ ਦੋਵੇਂ ਆਪਣੇ ਚੰਗੇ/ਮਾੜੇ ਕੰਮ ਜਾਂ ਲੈਣ/ਦੇਣ ਦੇ ਖੁਦ ਜ਼ਿੰਮੇਦਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਜਸਬੀਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਇੱਬਣ ਕਲਾਂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕਾਜਲ ਮੇਰੇ ਕਹਿਣੇ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਇਸ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਸ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ।

ਅਸੀਂ, ਵਿਸ਼ਾਲ ਸਿੰਘ ਪੁੱਤਰ ਨਿਰਮਲ ਸਿੰਘ ਅਤੇ ਅਮਨਦੀਪ ਕੌਰ ਪਤਨੀ ਵਿਸ਼ਾਲ ਸਿੰਘ ਵਾਸੀਆਨ 388 ਖਾਲਸਾ ਨਗਰ, ਕੋਟ ਮਿੱਤ ਸਿੰਘ ਤਰਨ ਤਾਰਨ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਮੇਰੇ ਭਰਾ ਜੁਗਰਾਜ ਸਿੰਘ ਪੁੱਤਰ ਨਿਰਮਲ ਸਿੰਘ ਨੇ ਸਾਡੇ ਕਹਿਣੇ ਤੋਂ ਬਾਹਰ ਜਾ ਕੇ ਕਿਸੇ ਲੜਕੀ ਨਾਲ ਵਿਆਹ ਕਰਵਾ ਲਿਆ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਹ ਆਪਣੇ ਕੀਤੇ ਕੰਮਾਂ ਅਤੇ ਲੈਣ-ਦੇਣ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਤੇ ਸਾਡੇ ਪਰਵਾਰ ਦੇ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਰਾਜੇਸ਼ ਕੁਮਾਰ ਪੁੱਤਰ ਰਾਮ ਲੁਭਾਇਆ ਅਤੇ ਨਿਸ਼ਾ ਪਤਨੀ ਰਾਜੇਸ਼ ਕੁਮਾਰ ਵਾਸੀਆਨ ਮਕਾਨ ਨੰਬਰ 343, ਹਰਨਾਮਦਾਸ ਪੁਰਾ, ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਿਸ਼ੂ ਸਾਡੇ ਕਹਿਣੇ ਤੋਂ ਬਾਹਰ ਹੈ । ਇਸ ਲਈ ਅਸੀਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸਬੰਧਤ ਨੋਟ ਕਰਨ।

### PUBLIC NOTICE

It is hereby notified that I Iqbal Kaur D/o Nirmal Singh R/o Village Kakkon, Opposite Mount Carmel School, Distt. Hoshiarpur, 146001, (Pb) have lost my original Punjab School Education Board Mark sheet Class 12th Roll No. 260853, Year of Passing 2005, Issue by the Punjab School Education Board (PSEB) if any one finds the same, Kindly contact me at 94788-00981. Or return to my above address. I am applying to PSEB for a second copy of certificate.

That under the Instructions of the Piramal Finance limited.I hereby Informed the General public the property Original sale deed DATED S/o Mahinga Singh Having Documents No 6004 26-07-2016 , Executed By Jagiri Lal S/o Mahinga Singh In Favour of Rupinderjit Kaur.This regard or found above detailed documents may contact to Sh. Rajinder Kumar Advocate and office at Geeta Bhawan Road Hanuman chowk Gurdaspur.

I, Kulwinder Kaur W/o Avtar Singh R/o VPO. Talhan, Distt. Jalandhar, Punjab declare that my son Gurwinder Singh & his wife Manvir Kaur are out of my control. I disinherit them from my movable and immovable properties. I alongwith my other family members will not be held responsible for any of their acts deeds and things. All please note.

### COURT NOTICE

(U/o 5 Rule 20 CPC)
In the Court of
Ms. Simranpreet Kaur
Civil Judge Junior Division-5, Rajpura
CNR No. PBPTA0-000817-2024
Next Date :- 29-09-2026
State Bank of India
Vs.
Kadko Singh
Suit for recovery
Publication Issued to :
Gurdas Singh S/o Chota Singh R/o Village Gurditpura, Tehsil Rajpura, District Patiala

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 29.09.2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division-5, Rajpura
Dated this day of 29-08-2026

### COURT NOTICE

(U/o 5 Rule 20 CPC)
In the Court of Ms. Ekta Sahota Additional Civil Judge Senior Division -1, Patiala
CNR No. PBPT02-004793-2024
Next Date:- 01-10-2026
Payal Vs. General Public

Petition Under Section 383 (A) And (B) Of The Indian Succession Act For Revocation Of The Succession Certificate Issued on 12.05.2023 Vide Order Dt. 30.03.2022 Case No. 10/2020 In Petition U/S. 372 of The Indian Succession Act, Titled as Sahil Vs General Public and ors and for deciding the petition afresh after hearing the petitioners.

Publication Issued To:
General Public
:- India

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 01-10-2026 at 10:00 a.m.

For details logon to https://highcourtchd.gov.in/?mod=district_notice&district=patiala

Additional Civil Judge Senior Division - 1, Patiala
Dated, this day of 27-08-2026

### Midland Microfin Limited

CIN: U65921PB1988PLC008430
Registered Office: The AXIS, Plot No.1, R.B. Badri Dass Colony, BMC Chowk, G.T. Road, Jalandhar – 144001 (Punjab), Tel.:0181-5074000, Toll Free: 0181-5076000
E-mail: cs@midlandmicrofin.com | Website: www.midlandmicrofin.com

#### 38ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ) ਅਤੇ ਲਾਭਅੰਸ਼ ਲਈ ਰਿਕਾਰਡ ਮਿਤੀ ਸੰਬੰਧੀ ਜਾਣਕਾਰੀ

ਮਿਡਲੈਂਡ ਮਾਈਕ੍ਰੋਫਿਨ ਲਿਮਿਟਿਡ ( ਕੰਪਨੀ ) ਦੀ 38ਵੀਂ ਸਾਲਾਨਾ ਆਮ ਸਭਾ (ਏ ਜੀ ਐੱਮ) ਮੰਗਲਵਾਰ, 29 ਸਤੰਬਰ 2026 ਨੂੰ ਦੁਪਹਿਰ 3:00 ਵਜੇ (ਆਈ ਐਸ ਟੀ) ਵੀਡੀਓ ਕਾਨਫਰੰਸਿੰਗ/ਹੋਰ ਆਡੀਓ-ਵਿਜ਼ੂਅਲ ਮਾਧਿਅਮ (ਵੀ ਸੀ/ਓ ਏ ਵੀ ਐਮ) ਰਾਹੀਂ ਕਰਵਾਈ ਜਾਵੇਗੀ। ਇਹ ਮੀਟਿੰਗ ਕੰਪਨੀਜ਼ ਐਕਟ, 2013 ( ਐਕਟ ) ਦੇ ਲਾਗੂ ਪ੍ਰਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਾਰ ਅਤੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ (ਐਮ ਸੀ ਏ) ਵੱਲੋਂ ਜਾਰੀ ਕੀਤੇ ਗਏ ਤਾਜ਼ਾ ਜਨਰਲ ਸਰਕੂਲਰ ਨੰਬਰ 03/2025 ਮਿਤੀ 22 ਸਤੰਬਰ 2025 ਦੇ ਨਾਲ ਪੜ੍ਹਦਿਆਂ, ਏ ਜੀ ਐੱਮ ਦੇ ਨੋਟਿਸ ਵਿੱਚ ਦਰਸਾਏ ਗਏ ਕਾਰੋਬਾਰ ਨੂੰ ਨਿਪਟਾਉਣ ਲਈ ਕਰਵਾਈ ਜਾਵੇਗੀ।

**ਇਸ ਸੰਬੰਧੀ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ :**

1. ਕੰਪਨੀ ਦੀ 38ਵੀਂ ਸਾਲਾਨਾ ਆਮ ਸਭਾ (ਏ ਜੀ ਐੱਮ) **ਮੰਗਲਵਾਰ, 29 ਸਤੰਬਰ 2026 ਨੂੰ ਸ਼ਾਮ 3:00 ਵਜੇ** (ਆਈ ਐਸ ਟੀ) (ਵੀ ਸੀ/ਓ ਏ ਵੀ ਐਮ) ਰਾਹੀਂ ਕਰਵਾਈ ਜਾਵੇਗੀ ਅਤੇ ਇਸ ਵਿੱਚ ਏ ਜੀ ਐੱਮ ਦੇ ਨੋਟਿਸ ਵਿੱਚ ਦਰਸਾਏ ਗਏ ਕਾਰੋਬਾਰ ਨੂੰ ਨਿਪਟਾਇਆ ਜਾਵੇਗਾ। ਏ ਜੀ ਐੱਮ ਦੀ ਕਾਰਵਾਈ ਕੰਪਨੀ ਦੇ ਰਜਿਸਟਰਡ ਦਫ਼ਤਰ ਵਿਖੇ ਹੋ ਰਹੀ ਮੰਨੀ ਜਾਵੇਗੀ।
2. ਲਾਗੂ ਐਮ ਸੀ ਏ ਅਤੇ ਸੇਬੀ ਸਰਕੂਲਰਾਂ ਦੀ ਪਾਲਣਾ ਕਰਦਿਆਂ, ਏ ਜੀ ਐੱਮ ਦਾ ਨੋਟਿਸ ਅਤੇ ਵਿੱਤੀ ਸਾਲ 2025-26 ਦੀ ਸਾਲਾਨਾ ਰਿਪੋਰਟ ਉਨ੍ਹਾਂ ਮੈਂਬਰਾਂ ਨੂੰ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਭੇਜੀ ਜਾਵੇਗੀ, ਜਿਨ੍ਹਾਂ ਦੇ ਈ-ਮੇਲ ਪਤੇ ਕੰਪਨੀ/ਡਿਪਾਜ਼ਟਰੀ ਪਾਰਟੀਸਿਪੈਂਟਸ ਕੋਲ ਰਜਿਸਟਰਡ ਹਨ।ਇਹ ਦਸਤਾਵੇਜ਼ ਕੰਪਨੀ ਦੀ ਵੈੱਬਸਾਈਟ **www.midlandmicrofin.com**, ਬੀ ਐਸ ਈ ਲਿਮਿਟਿਡ **www.bseindia.com**, ਇੰਡੀਆ ਇੰਟਰਨੈਸ਼ਨਲ ਐਕਚੇਂਜ (ਆਈ ਐਫ ਸੀ) ਲਿਮ. **www.indiainx.com** ਅਤੇ ਸੀ ਡੀ ਐਸ ਐਲ **www.evotingindia.com** ਦੀਆਂ ਵੈੱਬਸਾਈਟਾਂ 'ਤੇ ਵੀ ਉਪਲਬਧ ਹੋਣਗੇ। ਲਾਗੂ ਲੋੜਾਂ ਦੇ ਅਨੁਸਾਰ, ਮੈਂਬਰਾਂ ਦੀ ਬੇਨਤੀ 'ਤੇ ਇਸ ਦੀਆਂ ਭੌਤਿਕ ਕਾਪੀਆਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।
3. ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਸੋਮਵਾਰ, 27 ਜੁਲਾਈ 2026 ਨੂੰ ਹੋਈ ਆਪਣੀ ਮੀਟਿੰਗ ਵਿੱਚ ਪ੍ਰੈਫਰੈਂਸ ਸ਼ੇਅਰਾਂ 'ਤੇ ਲਾਭਅੰਸ਼ ਦੇਣ ਦੀ ਸਿਫ਼ਾਰਸ਼ ਕੀਤੀ ਹੈ, ਜੋ ਏ ਜੀ ਐਮ ਵਿੱਚ ਮੈਂਬਰਾਂ ਦੀ ਮਨਜ਼ੂਰੀ ਦੇ ਅਧੀਨ ਹੈ।ਜੇਕਰ ਲਾਭਅੰਸ਼ ਮਨਜ਼ੂਰ ਹੋ ਜਾਂਦਾ ਹੈ, ਤਾਂ ਇਹ ਉਨ੍ਹਾਂ ਮੈਂਬਰਾਂ ਨੂੰ ਭੁਗਤਾਨ ਕੀਤਾ ਜਾਵੇਗਾ, ਜਿਨ੍ਹਾਂ ਦੇ ਨਾਮ ਮੰਗਲਵਾਰ, 22 ਸਤੰਬਰ 2026 (ਰਿਕਾਰਡ ਡੇਟ) ਨੂੰ ਕਾਰੋਬਾਰੀ ਸਮਾਂ ਖ਼ਤਮ ਹੋਣ 'ਤੇ ਮੈਂਬਰਾਂ ਦੇ ਰਜਿਸਟਰ ਵਿੱਚ ਦਰਜ ਹੋਣਗੇ ਜਾਂ ਜੋ ਡਿਪਾਜ਼ਟਰੀਜ਼ ਦੇ ਰਿਕਾਰਡ ਵਿੱਚ ਲਾਭਪਾਕਾਰੀ ਮਾਲਕ ਵਜੋਂ ਦਰਜ ਹੋਣਗੇ।
4. ਕੰਪਨੀਜ਼ ਐਕਟ 2013 (ਐਕਟ) ਦੀ ਧਾਰਾ 91 ਅਤੇ ਕੰਪਨੀਜ਼ (ਮੈਨੇਜਮੈਂਟ ਐਡਮਿਨਿਸਟਰੇਸ਼ਨ) ਰੂਲਜ਼, 2014 ਦੇ ਨਿਯਮ 10 ਦੇ ਅਨੁਸਾਰ, ਏ ਜੀ ਐੱਮ ਦੇ ਉਦੇਸ਼ ਲਈ ਕੰਪਨੀ ਦਾ ਮੈਂਬਰਾਂ ਦਾ ਰਜਿਸਟਰ ਅਤੇ ਸ਼ੇਅਰ ਟ੍ਰਾਂਸਫਰ ਬੁੱਕਸ ਬੁੱਧਵਾਰ, **23 ਸਤੰਬਰ 2026 ਤੋਂ ਮੰਗਲਵਾਰ, 29 ਸਤੰਬਰ 2026 ਤੱਕ** (ਦੋਵੇਂ ਦਿਨ ਸ਼ਾਮਲ) ਬੰਦ ਰਹਿਣਗੇ।

ਮੰਗਲਵਾਰ, 22 ਸਤੰਬਰ 2026 ਦੀ ਕਟ-ਆਫ਼ ਮਿਤੀ ਈ-ਵੋਟਿੰਗ ਦੇ ਹੱਕ ਅਤੇ ਏ ਜੀ ਐਮ ਵਿੱਚ ਹਿੱਸਾ ਲੈਣ ਦੀ ਯੋਗਤਾ ਨਿਰਧਾਰਤ ਕਰਨ ਲਈ ਲਾਗੂ ਹੋਵੇਗੀ।

5. ਏ ਜੀ ਐਮ ਦਾ ਨੋਟਿਸ ਉਨ੍ਹਾਂ ਮੈਂਬਰਾਂ ਨੂੰ ਭੇਜਿਆ ਜਾਵੇਗਾ, ਜਿਨ੍ਹਾਂ ਦੇ ਨਾਮ ਸ਼ੁੱਕਰਵਾਰ, 28 ਅਗਸਤ 2026 ਨੂੰ ਕਾਰੋਬਾਰੀ ਸਮਾਂ ਖ਼ਤਮ ਹੋਣ 'ਤੇ ਮੈਂਬਰਾਂ ਦੇ ਰਜਿਸਟਰ/ਡਿਪਾਜ਼ਟਰੀਜ਼ ਦੇ ਰਿਕਾਰਡ/(ਆਰ ਟੀ ਏ) ਦੇ ਰਿਕਾਰਡ ਵਿੱਚ ਦਰਜ ਹੋਣਗੇ, ਜੋ ਲਾਗੂ ਪ੍ਰਬੰਧਾਂ ਦੇ ਅਨੁਸਾਰ ਹੋਵੇਗਾ।

**ਈ-ਮੇਲ ਪਤੇ ਰਜਿਸਟਰ/ਅਪਡੇਟ ਕਰਨ ਦਾ ਤਰੀਕਾ**

(I) ਅਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈ-ਮੇਲ ਪਤੇ ਆਪਣੇ ਸਬੰਧਤ ਡਿਪਾਜ਼ਟਰੀ ਪਾਰਟੀਸਿਪੈਂਟਸ ਰਾਹੀਂ ਆਪਣੀਆਂ ਡਿਪਾਜ਼ਟਰੀਜ਼ ਕੋਲ ਰਜਿਸਟਰ ਕਰਵਾਉਣ। ਹਾਲਾਂਕਿ, ਇਸ ਨੋਟਿਸ ਦੀ ਕਾਪੀ ਪ੍ਰਾਪਤ ਕਰਨ ਦੇ ਉਦੇਸ਼ ਨਾਲ ਅਸਥਾਈ ਰਜਿਸਟ੍ਰੇਸ਼ਨ ਲਈ ਮੈਂਬਰ ਕੰਪਨੀ ਦੇ ਕੰਪਨੀ ਸਕੱਤਰ ਅਤੇ ਚੀਫ਼ ਕੰਪਲਾਇੰਸ ਅਫ਼ਸਰ ਸ੍ਰੀ ਕਪਿਲ ਕੁਮਾਰ ਰੁਹੇਲਾ ਨੂੰ **cs@midlandmicrofin.com** 'ਤੇ ਈ-ਮੇਲ ਭੇਜ ਕੇ ਆਪਣਾ ਈ-ਮੇਲ ਆਈਡੀ ਰਜਿਸਟਰ ਕਰਵਾ ਸਕਦੇ ਹਨ।

(II) ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣਾ ਈ-ਮੇਲ ਆਈਡੀ ਕੰਪਨੀ ਦੇ ਕੰਪਨੀ ਸਕੱਤਰ ਅਤੇ ਚੀਫ਼ ਕੰਪਲਾਇੰਸ ਅਫ਼ਸਰ ਸ੍ਰੀ ਕਪਿਲ ਕੁਮਾਰ ਰੁਹੇਲਾ ਨੂੰ **cs@midlandmicrofin.com** 'ਤੇ ਜਾਂ ਕੰਪਨੀ ਦੇ ਰਜਿਸਟਰਾਰ ਅਤੇ ਟ੍ਰਾਂਸਫਰ ਏਜੰਟ, ਮੈਸਰਜ਼ ਸਕਾਈਲਾਇਨ ਫਾਈਨਾਂਸ਼ੀਅਲ ਸਰਵਿਸਜ਼ ਪ੍ਰਾਈਵੇਟ ਲਿਮਿਟਿਡ ("ਸਕਾਈਲਾਈ/ਆਰ ਟੀ ਏ") ਨੂੰ **contact@skyline.com** 'ਤੇ ਈ-ਮੇਲ ਕਰਕੇ ਰਜਿਸਟਰ ਕਰਵਾਉਣ।

ਈ-ਮੇਲ ਵਿੱਚ ਫੋਲੀਓ ਨੰਬਰ, ਸ਼ੇਅਰਹੋਲਡਰ ਦਾ ਨਾਮ, ਪੈਨ, ਮੋਬਾਈਲ ਨੰਬਰ, ਈ-ਮੇਲ ਆਈਡੀ, ਆਧਾਰ ਅਤੇ ਸ਼ੇਅਰ ਸਰਟੀਫਿਕੇਟ ਦੀ ਕਾਪੀ ਦਰਜ/ਨੱਥੀ ਕਰਨੀ ਹੋਵੇਗੀ।

ਈ-ਮੇਲ ਪਤਾ ਸਫਲਤਾਪੂਰਵਕ ਜਮ੍ਹਾਂ ਹੋਣ ਤੋਂ ਬਾਅਦ, ਸੀ ਡੀ ਐਸ ਐਲ ਏ ਜੀ ਐਮ ਦਾ ਨੋਟਿਸ ਅਤੇ ਵਿੱਤੀ ਸਾਲ 2025-26 ਦੀ ਸਾਲਾਨਾ ਰਿਪੋਰਟ ਦੇ ਨਾਲ ਈ-ਵੋਟਿੰਗ ਯੂਜ਼ਰ ਆਈਡੀ ਅਤੇ ਪਾਸਵਰਡ ਈ-ਮੇਲ ਰਾਹੀਂ ਭੇਜਿਆ ਜਾਵੇਗਾ। ਪੁੱਛਗਿੱਛ ਲਈ ਮੈਂਬਰ **helpdesk.evoting@cdslindia.com** 'ਤੇ ਈ-ਮੇਲ ਕਰ ਸਕਦੇ ਹਨ।

**ਲਾਭਅੰਸ਼ ਪ੍ਰਾਪਤ ਕਰਨ ਲਈ ਬੈਂਕ ਖਾਤੇ ਦੇ ਵੇਰਵੇ ਅਪਡੇਟ ਕਰਨ ਦੀ ਪ੍ਰਕਿਰਿਆ :**

ਜਿਨ੍ਹਾਂ ਮੈਂਬਰਾਂ ਨੇ ਲਾਭਅੰਸ਼ ਸਿੱਧੇ ਇਲੈਕਟ੍ਰਾਨਿਕ ਮਾਧਿਅਮ ਜਾਂ ਕਿਸੇ ਹੋਰ ਤਰੀਕੇ ਰਾਹੀਂ ਪ੍ਰਾਪਤ ਕਰਨ ਲਈ ਆਪਣੇ ਬੈਂਕ ਖਾਤੇ ਦੇ ਵੇਰਵੇ ਅਪਡੇਟ ਨਹੀਂ ਕੀਤੇ ਹਨ, ਉਹ ਹੇਠਾਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰ ਸਕਦੇ ਹਨ।

**ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰ** : ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੈਂਸਲ ਕੀਤਾ ਹੋਇਆ ਚੈੱਕ/ਬੈਂਕ ਵੱਲੋਂ ਤਸਦੀਕ ਕੀਤੀ ਪਾਸਬੁੱਕ ਦੀ ਕਾਪੀ, ਸਵੈ-ਤਸਦੀਕਸ਼ੁਦਾ ਪੈਨ ਦੀ ਕਾਪੀ, ਸਵੈ-ਤਸਦੀਕਸ਼ੁਦਾ ਪਤੇ ਦਾ ਸਬੂਤ ਅਤੇ ਸ਼ੇਅਰ ਸਰਟੀਫਿਕੇਟ ਦੀ ਕਾਪੀ ਕੰਪਨੀ ਦੇ ਰਜਿਸਟਰਡ ਦਫ਼ਤਰ ਜਾਂ **cs@midlandmicrofin.com** 'ਤੇ ਜਾਂ ਇਸ ਦੇ ਆਰ ਟੀ ਏ, ਸਕਾਈਲਾਈਨ ਫਾਈਨਾਂਸ਼ੀਅਲ ਸਰਵਿਸਜ਼ ਪ੍ਰਾਈਵੇਟ ਲਿਮਿਟਿਡ, ਡੀ-153ਏ, ਪਹਿਲੀ ਮੰਜ਼ਿਲ, ਓਖਲਾ ਇੰਡਸਟਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ-110020 ਨੂੰ ਉਪਰੋਕਤ ਪਤੇ 'ਤੇ ਜਾਂ **contact@skyline.com** 'ਤੇ 19 ਸਤੰਬਰ 2026 ਤੱਕ ਭੇਜਣ।

ਲਾਗੂ ਸਰਕੂਲਰਾਂ ਦੇ ਅਨੁਸਾਰ, ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਸ਼ੇਅਰਹੋਲਡਰਾਂ ਨੂੰ ਲਾਭਅੰਸ਼ ਕੰਪਨੀ ਵੱਲੋਂ ਸਿਰਫ਼ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਭੁਗਤਾਨ ਕੀਤਾ ਜਾਵੇਗਾ।

ਅਜਿਹੇ ਭੁਗਤਾਨ ਸਿਰਫ਼ ਉਨ੍ਹਾਂ ਯੋਗ ਸ਼ੇਅਰਹੋਲਡਰਾਂ ਨੂੰ ਕੀਤੇ ਜਾਣਗੇ, ਜਿਨ੍ਹਾਂ ਨੇ ਪੈਨ, ਸੰਪਰਕ ਵੇਰਵੇ (ਪਿਨ ਕੋਡ ਸਮੇਤ ਡਾਕ ਪਤਾ ਅਤੇ ਮੋਬਾਈਲ ਨੰਬਰ), ਬੈਂਕ ਖਾਤੇ ਦੇ ਵੇਰਵੇ ਅਤੇ ਨਮੂਨਾ ਦਸਤਖ਼ਤ ਆਦਿ ਮੁਹੱਈਆ ਕਰਵਾਏ ਹੋਣ।

**ਡੀਮੈਟ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰ** : ਮੈਂਬਰ ਨੋਟ ਕਰਨ ਕਿ ਉਨ੍ਹਾਂ ਦੇ ਸਬੰਧਤ ਡਿਪਾਜ਼ਟਰੀਜ਼ ਪਾਰਟੀਸਿਪੈਂਟਸ ਵੱਲੋਂ ਕੰਪਨੀ ਨੂੰ ਦਿੱਤੇ ਗਏ ਬੈਂਕ ਵੇਰਵਿਆਂ ਨੂੰ ਲਾਗੂ ਡੀ ਪੀ ਨਿਯਮਾਂ ਅਨੁਸਾਰ ਲਾਭਅੰਸ਼ ਭੇਜਣ ਲਈ ਵਰਤਿਆ ਜਾਵੇਗਾ।ਕੰਪਨੀ ਅਜਿਹੇ ਮੈਂਬਰਾਂ ਵੱਲੋਂ ਬੈਂਕ ਵੇਰਵਿਆਂ ਵਿੱਚ ਤਬਦੀਲੀ/ ਵਾਧਾ/ ਹਟਾਉਣ ਸੰਬੰਧੀ ਸਿੱਧੀ ਬੇਨਤੀ 'ਤੇ ਕਾਰਵਾਈ ਕਰਨ ਦੇ ਯੋਗ ਨਹੀਂ ਹੋਵੇਗੀ।

ਡੀਮੈਟ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ **19 ਸਤੰਬਰ** 2026 ਤੱਕ ਆਪਣੇ ਸਬੰਧਤ ਡਿਪਾਜ਼ਟਰੀ ਪਾਰਟੀਸਿਪੈਂਟਸ ਕੋਲ ਆਪਣਾ ਬੈਂਕ ਮੈਂਡੇਟ ਅਪਡੇਟ ਕਰਵਾ ਲੈਣ।

ਮੈਂਬਰਾਂ ਨੂੰ ਏ ਜੀ ਐਮ ਦੇ ਨੋਟਿਸ ਨੂੰ ਖ਼ਾਸ ਕਰਕੇ ਏ ਜੀ ਐਮ ਵਿੱਚ ਸ਼ਾਮਲ ਹੋਣ ਦੀ ਪ੍ਰਕਿਰਿਆ ਅਤੇ ਰਿਮੋਟ ਈ-ਵੋਟਿੰਗ ਜਾਂ ਏ ਜੀ ਐਮ ਦੌਰਾਨ ਵੋਟ ਪਾਉਣ ਦੇ ਤਰੀਕੇ ਸੰਬੰਧੀ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਨ ਲਈ ਬੇਨਤੀ ਕੀਤੀ ਜਾਂਦੀ ਹੈ।

ਬੋਰਡ ਆਫ਼ ਡਾਇਰੈਕਟਰਜ਼ ਦੇ ਹੁਕਮ ਅਨੁਸਾਰ
ਵਾਸਤੇ ਮਿਡਲੈਂਡ ਮਾਈਕ੍ਰੋਫਿਨ ਲਿਮਿਟਿਡ
ਸਹੀ/-
31 ਅਗਸਤ, 2026 — **ਕਪਿਲ ਕੁਮਾਰ ਰੁਹੇਲਾ**
ਸਥਾਨ : ਜਲੰਧਰ — **ਕੰਪਨੀ ਸੈਕਟਰੀ ਅਤੇ ਮੁੱਖ ਕੰਪਲਾਇੰਸ ਅਫਸਰ**

### ਬਾਬਾ ਜੋਗੀਪੀਰ ਰੱਲਾ ਵਿਖੇ ਦੁਕਾਨਾਂ ਦੀ ਬੋਲੀ ਸਬੰਧੀ

ਸਮਾਧ ਬਾਬਾ ਜੋਗੀਪੀਰ ਰੱਲਾ ਜੀ ਦੇ ਪਵਿੱਤਰ ਅਸਥਾਨ ਉਪਰ 14 ਸਤੰਬਰ ਤੋਂ 16 ਸਤੰਬਰ 2026 ਤੱਕ ਛਿਮਾਈ ਮੇਲਾ ਭਰ ਰਿਹਾ ਹੈ। ਗ੍ਰਾਮ ਪੰਚਾਇਤ ਰੱਲਾ ਵੱਲੋਂ ਸਮੂਹ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਰੱਲਾ ਦੀ ਜਗ੍ਹਾ ਵਿਖੇ ਡਿਊਡੀ ਤੋਂ ਬਾਹਰ ਜੋ ਦੁਕਾਨਾਂ ਲਗਦੀਆਂ ਹਨ, ਉਸ ਜਗ੍ਹਾ ਨੂੰ ਬੋਲੀ ਉੱਪਰ ਦੇਣ ਸੰਬੰਧੀ 07 ਸਤੰਬਰ 2026 ਨੂੰ ਸਵੇਰੇ 10 ਵਜੇ ਸਮਾਧ ਬਾਬਾ ਜੋਗੀਪੀਰ ਦੇ ਸਥਾਨ 'ਤੇ ਕੀਤੀ ਜਾਵੇਗੀ। ਚਾਹਵਾਨ ਸੱਜਣ ਸਮੇਂ ਸਿਰ ਪਹੁੰਚ ਕੇ ਦੁਕਾਨ ਲੈਣ ਸਬੰਧੀ ਬੋਲੀ ਦੇਣ।

ਸੰਪਰਕ ਨੰਬਰ 9872726065

### ADMISSION NOTICE

Counselling for BA.LL.B (5 years) Management Quota in KCL Institute of Laws, Jalandhar will be held on 3.9.2026 at 11.00 am in the college campus. Interested students may submit their applications on prescribed form by 2.9.2026. Hostel facility available.
Principal

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਬਾ ਅਖਤਿਆਰ ਏ.ਸੀ. ਸੈਕਿੰਡ ਗਰੇਡ
ਨਾਇਬ ਤਹਿਸੀਲਦਾਰ ਖਨੌਰੀ
ਨੋਟਿਸ ਮੁਨਾਦੀ ਅਖਬਾਰ ਇਸ਼ਤਿਹਾਰ
ਕੇਸ ਤਕਸੀਮ ਮਿਸਲ : 103 /ਏ.ਸੀ-2
ਰਜੂਆ ਮਿਤੀ 02.01.2025 ਸੰਬੰਧੀ ਵਾਕਾ ਰਕਬਾ ਪਿੰਡ ਚੱਠਾ ਗੋਬਿੰਦਪੁਰਾ, ਸਬ ਤਹਿਸੀਲ ਖਨੌਰੀ, ਜ਼ਿਲ੍ਹਾ ਸੰਗਰੂਰ।
ਮੱਖਣ ਸਿੰਘ ਪੁੱਤਰ ਛੱਜੂ ਸਿੰਘ ਪੁੱਤਰ ਗੁਰਦਿਆਲ ਸਿੰਘ ਪਿੰਡ ਚੱਠਾ ਗੋਬਿੰਦਪੁਰਾ, ਸਬ ਤਹਿਸੀਲ ਖਨੌਰੀ, ਜ਼ਿਲ੍ਹਾ ਸੰਗਰੂਰ। — ਸਾਇਲ

ਬਨਾਮ

1) ਜੱਟਾ ਸਿੰਘ 2) ਲਾਲ ਸਿੰਘ 3) ਰਾਮਫਲ ਸਿੰਘ ਪੁੱਤਰਾਨ ਛੱਜੂ ਸਿੰਘ ਵਗੈਰਾ ਪਿੰਡ ਚੱਠਾ ਗੋਬਿੰਦਪੁਰਾ, ਤਹਿ. ਮੂਨਕ ਜ਼ਿਲ੍ਹਾ ਸੰਗਰੂਰ ਮੁਤਾਬਕ ਜਮ੍ਹਾਂਬੰਦੀ 2015-2016, ਦਰਖਾਸਤ ਤਕਸੀਮ ਅਰਾਜੀ ਜਰਈ ਤੈਦਾਦੀ 72 ਕਨਾਲ 15 ਮਰਲੇ ਖੇਵਟ ਨੰਬਰ 32/28 ਖਤੌਨੀ ਨੰਬਰ 142 ਤਾ 144 ਖਸਰਾ ਨੰ. 61//25(8-0), 63//5 (1-0), 64//8/2(2- 14), 11(6-18), 13(7-12), 18(8-0),19(8-0), 23(8-0),60//9/1 ਵਗੈਰਾ ਕੁੱਲ ਰਕਬਾ 72 ਕਨਾਲ 15 ਮਰਲੇ

ਇਹ ਨੋਟਿਸ ਅਖਬਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਕੇਸ ਵਿੱਚ ਉਕਤ ਖੇਵਟ ਵਿੱਚ ਇਨ੍ਹਾਂ ਹਿੱਸੇਦਾਰਾਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਤਕਸੀਮ ਕੇਸ ਮਿਤੀ 07/10/2026 ਵਿੱਚ ਉਕਤ ਉੱਤਰਵਾਦੀ/ਉੱਤਰਵਾਦੀਆਂ ਜਾਂ ਉਨ੍ਹਾਂ ਦੇ ਵਾਰਸ ਅਤੇ ਜੋ ਇਸ ਕੇਸ ਨਾਲ ਸੰਬੰਧ ਰੱਖਦਾ ਹੈ, ਜੋ ਪਰਵਾਰ ਵੱਲੋਂ ਲਾਪਤਾ ਘੋਸ਼ਿਤ ਕੀਤਾ ਗਿਆ ਹੈ, ਉਹ ਖੁਦ ਆਪ ਜਾਂ ਉਨ੍ਹਾਂ ਦੇ ਕੋਈ ਵਕੀਲ ਪੈਰਵੀ ਕਰਨਾ ਚਾਹੁੰਦਾ ਹੈ ਤਾਂ ਇਸ ਨੋਟਿਸ ਦੇ ਜਾਰੀ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਹੋ ਕਰ ਕੇਸ ਦੀ ਪੈਰਵੀ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ।

ਇਹ ਨੋਟਿਸ ਅੱਜ ਮਿਤੀ 26/08/26 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਹੇਠ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਦੂਜਾ ਕਮ-ਨਾਇਬ ਤਹਿਸੀਲਦਾਰ ਖਨੌਰੀ

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਬਾ ਅਖਤਿਆਰ ਏ.ਸੀ. ਸੈਕਿੰਡ ਗਰੇਡ
ਨਾਇਬ ਤਹਿਸੀਲਦਾਰ ਖਨੌਰੀ।
ਨੋਟਿਸ ਮੁਨਾਦੀ ਅਖਬਾਰ ਇਸ਼ਤਿਹਾਰ
ਕੇਸ ਤਕਸੀਮ ਮਿਸਲ :103 /ਏ.ਸੀ-2
ਰਜੂਆ ਮਿਤੀ 02.01.2025 ਸੰਬੰਧੀ ਵਾਕਾ ਰਕਬਾ ਪਿੰਡ ਚੱਠਾ ਗੋਬਿੰਦਪੁਰਾ, ਸਬ ਤਹਿਸੀਲ ਖਨੌਰੀ, ਜ਼ਿਲ੍ਹਾ ਸੰਗਰੂਰ।
ਮੱਖਣ ਸਿੰਘ ਪੁੱਤਰ ਛੱਜੂ ਸਿੰਘ ਪੁੱਤਰ ਗੁਰਦਿਆਲ ਸਿੰਘ ਪਿੰਡ ਚੱਠਾ ਗੋਬਿੰਦਪੁਰਾ, ਸਬ ਤਹਿਸੀਲ ਖਨੌਰੀ, ਜ਼ਿਲ੍ਹਾ ਸੰਗਰੂਰ। — ਸਾਇਲ

ਬਨਾਮ

1) ਜੱਟਾ ਸਿੰਘ 2) ਲਾਲ ਸਿੰਘ 3) ਰਾਮਫਲ ਸਿੰਘ ਪੁੱਤਰਾਨ ਛੱਜੂ ਸਿੰਘ ਵਗੈਰਾ ਪਿੰਡ ਚੱਠਾ ਗੋਬਿੰਦਪੁਰਾ, ਤਹਿ. ਮੂਨਕ, ਜ਼ਿਲ੍ਹਾ ਸੰਗਰੂਰ ਮੁਤਾਬਕ ਜਮ੍ਹਾਂਬੰਦੀ 2015-2016, ਦਰਖਾਸਤ ਤਕਸੀਮ ਅਰਾਜੀ ਜਰਈ ਤੈਦਾਦੀ 166 ਕਨਾਲ 11 ਮਰਲੇ ਖੇਵਟ ਨੰਬਰ 33/29 ਖਤੌਨੀ ਨੰਬਰ 145 ਤਾ 150 ਖਸਰਾ ਨੰ. 60//10 (7-9), 11(8-0),61//7(7-7), 14(8-0), 15(8-0), 16(8-0), 17(8-0), 20/2(4-5), 64//1 ਵਗੈਰਾ ਕੁੱਲ ਰਕਬਾ 166 ਕਨਾਲ 11 ਮਰਲੇ

ਇਹ ਨੋਟਿਸ ਅਖਬਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਕੇਸ ਵਿੱਚ ਉਕਤ ਖੇਵਟ ਵਿੱਚ ਇਨ੍ਹਾਂ ਹਿੱਸੇਦਾਰਾਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਤਕਸੀਮ ਕੇਸ ਮਿਤੀ 07/10/2026 ਵਿੱਚ ਉਕਤ ਉੱਤਰਵਾਦੀ/ਉੱਤਰਵਾਦੀਆਂ ਜਾਂ ਉਨ੍ਹਾਂ ਦੇ ਵਾਰਸ ਅਤੇ ਜੋ ਇਸ ਕੇਸ ਨਾਲ ਸੰਬੰਧ ਰੱਖਦਾ ਹੈ, ਜੋ ਪਰਵਾਰ ਵੱਲੋਂ ਲਾਪਤਾ ਘੋਸ਼ਿਤ ਕੀਤਾ ਗਿਆ ਹੈ, ਉਹ ਖੁਦ ਆਪ ਜਾਂ ਉਨ੍ਹਾਂ ਦੇ ਕੋਈ ਵਕੀਲ ਪੈਰਵੀ ਕਰਨਾ ਚਾਹੁੰਦਾ ਹੈ ਤਾਂ ਇਸ ਨੋਟਿਸ ਦੇ ਜਾਰੀ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਹੋ ਕਰ ਕੇਸ ਦੀ ਪੈਰਵੀ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ।

ਇਹ ਨੋਟਿਸ ਅੱਜ ਮਿਤੀ 26/08/26 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਹੇਠ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਦੂਜਾ ਕਮ-ਨਾਇਬ ਤਹਿਸੀਲਦਾਰ ਖਨੌਰੀ

### ਦਫ਼ਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ
### ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਮਨਦੀਪ ਸਿੰਘ (ਪੁੱਤਰ) ਲੇਟ ਰੇਸ਼ਮ ਸਿੰਘ ਵਾਸੀ ਕੌਲਾਂ ਵਾਲੀ ਗਲੀ ਕਰਤਾਰਪੁਰ ਜ਼ਿਲ੍ਹਾ ਜਲੰਧਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਮਕਾਨ ਯੂ.ਆਈ.ਡੀ. ਨੰਬਰ ਬੀ-07-0320 ਪੁਰਾਣਾ ਨੰਬਰ 2564 ਕੁੱਲ ਰਕਬਾ ਲੱਗਭੱਗ 1058 ਵਰਗ ਫੁੱਟ ਵਾਕਿਆ ਕੌਲਾਂ ਵਾਲੀ ਗਲੀ ਕਰਤਾਰਪੁਰ ਮੇਰੇ ਪਿਤਾ ਲੇਟ ਰੇਸ਼ਮ ਸਿੰਘ ਦੀ ਮਲਕੀਤੀ ਹੈ।ਬਿਨੈਕਾਰਾਂ ਨੇ ਆਪਣੇ ਸਵੈ-ਘੋਸ਼ਣਾ ਪੱਤਰ, ਕੌਂਸਲਰ ਬਾਲ ਮੁਕੰਦ ਦਾ ਸਵੈ-ਘੋਸ਼ਣਾ ਪੱਤਰ, ਰੇਸ਼ਮ ਸਿੰਘ ਦੀ ਮੌਤ ਦੇ ਸਰਟੀਫਿਕੇਟ ਦੀ ਕਾਪੀ, ਰਜਿਸਟਰਡ ਵਸੀਅਤ ਦੀ ਫੋਟੋ ਕਾਪੀ, ਪੁਰਾਣੀ ਨੋ-ਡੀਊ ਦੀਆਂ ਫੋਟੋ ਕਾਪੀਆਂ, ਆਧਾਰ ਕਾਰਡ ਦੀਆਂ ਕਾਪੀਆਂ ਨਾਲ ਨੱਥੀ ਕੀਤੀਆਂ ਗਈਆਂ ਹਨ।

ਬਿਨੈਕਾਰਾਂ ਨੇ ਆਪਣੇ ਸਵੈ-ਘੋਸ਼ਨਾ ਪੱਤਰ ਦਿੱਤੇ ਹਨ ਕਿ ਨਰਿੰਦਰ ਕੌਰ (ਪਤਨੀ) ਵਾ ਅਮਨਦੀਪ ਸਿੰਘ (ਪੁੱਤਰ) ਵਾ ਸੁਖਵਿੰਦਰ ਸਿੰਘ (ਪੁੱਤਰ) ਲੇਟ ਰੇਸ਼ਮ ਸਿੰਘ ਤੋਂ ਇਲਾਵਾ ਉਕਤ ਪ੍ਰਾਪਰਟੀ ਦਾ ਹੋਰ ਕੋਈ ਵਾਰਸ ਨਹੀਂ ਹੈ। ਹੁਣ ਸਾਡੇ ਪਿਤਾ ਦੀ ਮੌਤ ਮਿਤੀ 31.08.2025 ਨੂੰ ਹੋ ਚੁੱਕੀ ਹੈ। ਬਿਨੈਕਾਰਾਂ ਨੇ ਸਵੈ- ਘੋਸ਼ਨਾ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿੱਚ ਵਸੀਅਤ ਅਨੁਸਾਰ ਅਮਨਦੀਪ ਸਿੰਘ (ਪੁੱਤਰ) ਵਾ ਸੁਖਵਿੰਦਰ ਸਿੰਘ (ਪੁੱਤਰ) ਲੇਟ ਰੇਸ਼ਮ ਸਿੰਘ ਦੋਨਾਂ ਭਰਾਵਾਂ ਦੇ ਨਾਵਾਂ 'ਤੇ ਬਰਾਬਰ-ਬਰਾਬਰ ਦਰਜ/ਟਰਾਂਸਫਰ ਕਰ ਦਿੱਤੀ ਜਾਵੇ ਅਤੇ ਨਗਰ ਕੌਂਸਲ ਦੇ ਰਿਕਾਰਡ ਵਿੱਚ ਦਰਜ ਕਰਨ ਲਈ ਕੌਂਸਲਰ ਬਾਲ ਮੁਕੰਦ ਨੇ ਵੀ ਸਵੈ-ਘੋਸ਼ਨਾ ਪੱਤਰ ਰਾਹੀਂ ਸਿਫਾਰਸ਼ ਕੀਤੀ ਹੈ। ਨਗਰ ਕੌਂਸਲ ਦੇ ਟੀ.ਐੱਸ. 1 ਰਿਕਾਰਡ ਸਾਲ 1976-77 ਵਿੱਚ ਯੂਨਿਟ ਨੰਬਰ 2564 ਤੇਜਾ ਸਿੰਘ ਪੁੱਤਰ ਸਾਧੂ ਸਿੰਘ ਦੇ ਨਾਂਅ 'ਤੇ ਦਰਜ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਯੂ.ਆਈ.ਡੀ. ਨੰਬਰ ਬੀ-07-0320-ਏ ਪ੍ਰਾਪਰਟੀ ਟੈਕਸ ਦੇ ਸਰਵੇ ਰਿਕਾਰਡ ਵਾਲੇ ਕਾਲਮ ਵਿੱਚ 1/2 ਹਿੱਸਾ ਤੇਜਾ ਸਿੰਘ ਦੇ ਦੂਜੇ ਲੜਕੇ ਸੁਰਜੀਤ ਸਿੰਘ ਦੇ ਵਾਰਸਾਂ ਦੇ ਨਾਵਾਂ 'ਤੇ ਕਾਰਜ ਸਾਧਕ ਅਫ਼ਸਰ ਜੀ ਦੇ ਹੁਕਮ ਮਿਤੀ 28.04.2021 ਅਨੁਸਾਰ ਗੁਰਵਿੰਦਰ ਕੌਰ (ਪਤਨੀ) ਵਾ ਅਮਰਜੀਤ ਸਿੰਘ (ਪੁੱਤਰ) ਵਾ ਜਸਵਿੰਦਰ ਸਿੰਘ (ਪੁੱਤਰ) ਲੇਟ ਸੁਰਜੀਤ ਸਿੰਘ ਦੇ ਨਾਵਾਂ 'ਤੇ ਦਰਜ ਹੈ ਅਤੇ 1/2 ਹਿੱਸਾ ਜਿਸ ਦਾ ਯੂ.ਆਈ.ਡੀ. ਨੰਬਰ. ਬੀ-07-0320 ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਰੇਸ਼ਮ ਸਿੰਘ ਦੇ ਨਾਂਅ 'ਤੇ ਦਰਜ ਹੈ। ਬਿਨੈਕਾਰਾਂ ਵੱਲੋਂ ਆਪਣੀ ਘਰੇਲੂ ਵੰਡ ਮਾਲ ਵਿਭਾਗ ਦਾ ਰਿਕਾਰਡ ਜੋ ਬਿਨੈਕਾਰ ਦੀ ਮਾਲਕੀ ਦਰਸਾਉਂਦਾ ਹੋਵੇ, ਉਹ ਪੇਸ਼ ਨਹੀਂ ਕੀਤਾ ਹੈ।

ਇਸ ਲਈ ਉਕਤ ਪ੍ਰਾਪਰਟੀ ਦੇ 1/2 ਹਿੱਸੇ ਦਾ ਇੰਦਰਾਜ਼ ਦਰਖਾਸਤ/ਵਸੀਅਤ ਅਨੁਸਾਰ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਪ੍ਰਾਪਰਟੀ ਟੈਕਸ ਮੰਤਵ ਲਈ ਅਮਨਦੀਪ ਸਿੰਘ (ਪੁੱਤਰ) ਵਾ ਸੁਖਵਿੰਦਰ ਸਿੰਘ (ਪੁੱਤਰ) ਲੇਟ ਰੇਸ਼ਮ ਸਿੰਘ ਦੇ ਨਾਵਾਂ 'ਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਦਰਜ/ਟਰਾਂਸਫਰ ਕਰਨ ਲਈ 2 ਅਖਬਾਰਾਂ ਵਿੱਚ 30 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਲੈਣੇ ਜ਼ਰੂਰੀ ਹਨ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਖੇ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ/ਗੌਰ ਨਹੀਂ ਕੀਤਾ ਜਾਵੇਗਾ।

ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਕਰਤਾਰਪੁਰ ।

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨੌਸ਼ਹਿਰਾ ਪਨੂੰਆਂ, ਤਰਨ ਤਾਰਨ
ਮੇਘ ਸਿੰਘ ਪੁੱਤਰ ਸੁਲੱਖਣ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਬਸ਼ੰਬਰਪੁਰਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। — ਸਾਇਲ

ਬਨਾਮ

1) ਨਿਰਮਲ ਸਿੰਘ, 2) ਮਿਲਖਾ ਸਿੰਘ ਪੁਤਰਾਨ ਮਾਧਾ ਸਿੰਘ ਪੁੱਤਰ ਉਜਾਗਰ ਸਿੰਘ 70966-47400, 3) ਸਵਿੰਦਰ ਸਿੰਘ ਉਰਫ ਸੁਖਵਿੰਦਰ ਸਿੰਘ ਮੁਤਵਫੀ ਪੁੱਤਰ ਉਜਾਗਰ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਠੱਠੀਆਂ ਮਹੰਤਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ 3. ਏ) ਮਨਦੀਪ ਕੌਰ ਪੁੱਤਰੀ ਸਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਠੱਠੀਆਂ ਮਹੰਤਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਹੁਣ ਵਾਸੀ ਸੰਗਾਰਪੁਰਾ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ, 4) ਸਾਧਾ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਸਰੈਣ ਸਿੰਘ ਵਾਸੀ ਠੱਠੀਆਂ ਮਹੰਤਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ 5) ਓ.ਬੀ.ਸੀ. ਨੌਸ਼ਹਿਰਾ ਪੰਨੂਆਂ, ਰਾਹੀਂ ਬੈਂਕ ਮੈਨੇਜਰ, 6) ਪੰਜਾਬ ਨੈਸ਼ਨਲ ਬੈਂਕ ਨੌਸ਼ਹਿਰਾ ਪੰਨੂਆਂ, ਰਾਹੀਂ ਬੈਂਕ ਮੈਨੇਜਰ, 7) ਪੰਜਾਬ ਨੈਸ਼ਨਲ ਬੈਂਕ ਸਰਹਾਲੀ ਕਲਾਂ, ਰਾਹੀਂ ਬੈਂਕ ਮੈਨੇਜਰ।

ਉੱਤਰਵਾਦੀਆਨ

ਦਰਖਾਸਤ ਤਕਸੀਮ ਅਰਾਜੀ ਮੁਵਾਜੀ 66 ਕਨਾਲ 12 ਮਰਲੇ ਵਾਕਿਆ ਪਿੰਡ ਠੱਠੀਆਂ ਮਹੰਤਾਂ, ਹ.ਬ. ਨੰਬਰ 281, ਸਬ ਤਹਿਸੀਲ ਨੌਸ਼ਹਿਰਾ ਪੰਨੂਆਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ, ਜਿਸ ਦਾ ਖਾਤਾ/ ਖਤੌਨੀ ਨੰਬਰ 109/208 ਤੇ 212 ਤੱਕ ਕਿਲਾ ਨੰਬਰਾਨ 58//9/2(0-16), 12(7-4), 61//9(7-4), 23(0-8), 58//9/1(6-16), 61//12(7-12), 19/1(0- 19), 19/2(6-8), 58//11/2 ਮਿੰਨ ਚੜ੍ਹਦਾ (4-16), 61//8(8-0), 13(6-5) 58//10/1(7-4), 61//18(3-0) ਕਿੱਤਾ 13 ਮੁਤਾਬਕ ਜਮ੍ਹਾਂਬੰਦੀ ਸਾਲ 2020-2021

ਉਕਤ ਮੁਕੱਦਮੇ ਵਿੱਚ ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਈ ਮੁਸ਼ਕਿਲ ਹੈ, ਇਸ ਲਈ ਨੋਟਿਸ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਕਤ ਤਕਸੀਮ ਕੇਸ ਦਾ ਫੈਸਲਾ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਛਪਣ ਤੋਂ ਪੰਦਰਾਂ ਦਿਨ ਦੇ ਅੰਦਰ-ਅੰਦਰ ਕਿਸੇ ਕੰਮ ਵਾਲੇ ਦਿਨ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 26.08.2026 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਨਾਇਬ ਤਹਿਸੀਲਦਾਰ ਕਮ ਸਹਾਇਕ ਸਹਾਇਕ ਕੁਲੈਕਟਰ ਦਰਜਾ ਪਹਿਲਾ, ਨੌਸ਼ਹਿਰਾ ਪਨੂੰਆਂ
ਨੰ: 601/26.08.2026

### ਉੱਤਰ ਰੇਲਵੇ

ਟੈਂਡਰ ਸੂਚਨਾ

ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਨਾਲੀ ਦੇ ਅੰਤਰਗਤ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਉਪ ਮੁੱਖ ਪ੍ਰਬੰਧਕ / ਉੱਤਰ ਰੇਲਵੇ / ਭੰਡਾਰ ਬਰਾਂਚ / ਯਾਂਤ੍ਰਿਕ ਕਾਰਖਾਨਾ / ਅੰਮ੍ਰਿਤਸਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਟੈਂਡਰ ਮੰਗ ਕੀਤੀ ਜਾਂਦੀ ਹੈ:-

| ਲ. ਨੰ: | ਟੈਂਡਰ ਨੰਬਰ | ਮਾਲ ਦਾ ਵੇਰਵਾ | ਮਾਤਰਾ | ਟੈਂਡਰ ਖੁਲਣ ਦੀ ਮਿਤੀ |
|---|---|---|---|---|
| 1 | 62265152 | ICF Bogie Frame 16 T for N-AC ICF Coaches to Drg. No. ICF/SK3-0-3-047, Sheet 1 and 2, Alt-Nil, Item No.1,2,3,4,5,6,20,21,22,23,24,25&28 only [As per Note No.#13 of Drg. No. ICF/SK3-0-3-047 of Sheet 2 "RDSO Specification C-9202 (Revision 2) shall be followed for manufacturer] | 50 Nos. | 24.09.26 |
| 2 | 62265153 | 1. Steel Plate size 08 mm X 1500 mm X 6500 mm to IS 2062-99 Fe 410 Cu WC | 37200 Kgs. | 24.09.26 |
| | | 2. Steel Plate size 16 mm X 1500 or 3000 mmX 8000 mm to IS 2062-99 Fe 410 WC | 151800 Kgs. | |
| | | 3. Steel Plate Size 10 mm X 1500 mm X 9000 mm to IRSM-41 | 54000 Kgs. | |

**ਟੈਂਡਰ ਸ਼ਰਤਾਂ-** ireps ਦੀ ਵੈਬਸਾਈਟ **www.ireps.gov.in** ਉਤੇ ਉਪਲਬਧ ਹੈ । ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ । ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ । **ਟੈਂਡਰ ਨੋਟਿਸ ਨੰ:-01/2026-27**
**ਮਿਤੀ: 29.08.2026**
2992/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਿਸਾਨਾਂ-ਮਜ਼ਦੂਰਾਂ ਵੱਲੋਂ ਪਾਸ਼ ਹੰਸ ਰਾਜ ਯਾਦਗਾਰ ਤੋਂ ਝੂਲੇ-ਪੀਂਘਾਂ ਹਟਾਉਣ ਦੀ ਮੰਗ

**ਸ਼ਾਹਕੋਟ (ਗਿਆਨ ਸੈਦਪੁਰੀ)**- ਪਿੰਡ ਤਲਵੰਡੀ ਸਲੇਮ ਦੇ ਜੰਮਪਲ ਚੋਟੀ ਦੇ ਇਨਕਲਾਬੀ ਕਵੀ ਅਵਤਾਰ ਪਾਸ਼ ਅਤੇ ਉਸਦੇ ਦੋਸਤ ਹੰਸ ਰਾਜ ਦੀ ਸ਼ਹੀਦੀ ਯਾਦਗਾਰ, ਜਿਸ ਨੂੰ ਪਾਸ਼ ਹੰਸ ਰਾਜ ਯਾਦਗਾਰੀ ਕੰਪਲੈਕਸ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ ਉਸ ਯਾਦਗਾਰ 'ਤੇ ਪਿੰਡ ਤਲਵੰਡੀ ਸਲੇਮ ਦੇ ਸਰਪੰਚ ਅਤੇ ਉਸਦੇ ਹਮਾਇਤੀਆਂ ਵਲੋਂ ਕਬਜ਼ਾ ਕਰਨ ਦੀ ਨੀਅਤ ਨਾਲ ਉਥੇ ਓਪਨ ਜਿਮ ਸਥਾਪਤ ਕੀਤਾ ਗਿਆ ਹੈ। ਇਕੱਲਾ ਝੂਲੇ ਨਹੀਂ ਲਾਏ ਯਾਦਗਾਰ ਦੇ ਤਾਲੇ ਤੋੜੇ ਗਏ ਅਤੇ ਇਕ ਪਾਸੇ ਦੇ ਗੇਟ ਦਾ ਪੱਲਾ ਵੀ ਲਾਹ ਕੇ ਲੈ ਗਏ, ਪਰ ਪ੍ਰਸ਼ਾਸਨ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਵੱਖ ਵੱਖ ਸੰਘਰਸ਼ੀਲ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਅਤੇ ਲੇਖਕਾਂ/ ਬੁੱਧੀਜੀਵੀਆਂ ਵਲੋਂ ਸੰਘਰਸ਼ ਵਿੱਢਿਆ ਗਿਆ ਹੈ,ਜਿਸ ਤਹਿਤ ਸਿਵਲ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਨੂੰ ਮੰਗ ਪੱਤਰ ਦਿੱਤੇ ਗਏ ਪਰ ਅਜੇ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਦੇ ਵਿਰੋਧ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਜਲੰਧਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਇਲਾਕਾ ਸ਼ਾਹਕੋਟ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਵਲੋਂ ਸਾਂਝਾ ਮਾਰਚ ਕਰਕੇ ਕਸਬਾ ਮਲਸੀਆਂ ਦੇ ਅੱਡੇ ਰੈਲੀ ਕੀਤੀ ਗਈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਇਲਾਕਾ ਨਕੋਦਰ ਸ਼ਾਹਕੋਟ ਦੇ ਸਕੱਤਰ ਸੁਖਜਿੰਦਰ ਲਾਲੀ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਸਕੱਤਰ ਮਾਸਟਰ ਗੁਰਚਰਨ ਸਿੰਘ ਚਾਹਲ, ਤਰਕਸ਼ੀਲ ਆਗੂ ਸੁਖਵਿੰਦਰ ਬਾਗਪੁਰ ਅਤੇ ਪਾਸ਼ ਹੰਸ ਰਾਜ ਸ਼ਹੀਦੀ ਯਾਦਗਾਰ ਕਮੇਟੀ ਦੇ ਮੈਂਬਰ ਹਰਮੇਸ਼ ਮਾਲੜੀ ਨੇ ਕਿਹਾ ਸ਼ਹੀਦਾਂ ਦੀ ਯਾਦਗਾਰ ਦੀ ਬੇਹੁਰਮਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 9 ਸਤੰਬਰ ਨੂੰ ਪਾਸ਼ ਦੇ 76 ਵੇਂ ਜਨਮ ਦਿਹਾੜੇ ਮੌਕੇ ਤਲਵੰਡੀ ਸਲੇਮ ਵਿਖੇ ਕੀਤੇ ਜਾ ਰਹੇ ਵੱਡੇ ਸਮਾਗਮ 'ਚ ਵੱਧ ਤੋਂ ਵੱਧ ਗਿਣਤੀ ਪਹੁੰਚੋ।




# ਕਾਂਗਰਸ ਹੀ ਪੰਜਾਬ ਦੇ ਹਿੱਤਾਂ ਦੀ ਕਰ ਸਕਦੀ ਹੈ ਰਾਖੀ : ਗਿਲਜੀਆਂ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਚੱਠੋਵਾਲ ਵਿਖੇ ਕਾਂਗਰਸ ਪਾਰਟੀ ਦੀ ਇਕ ਅਹਿਮ ਮੀਟਿੰਗ ਹੋਈ, ਜਿਸ ਵਿਚ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਅਤੇ ਪਾਰਟੀ ਵਰਕਰਾਂ ਨੂੰ ਕਾਂਗਰਸ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਅਤੇ ਵਿਚਾਰਧਾਰਾ ਨਾਲ ਜਾਣੂ ਕਰਵਾਉਂਦਿਆਂ ਪਾਰਟੀ ਦੇ ਹੱਕ ਵਿਚ ਲਾਮਬੰਦ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਗਤ ਸਿੰਘ ਗਿਲਜੀਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਪੰਜਾਬ, ਪੰਜਾਬੀਆਂ ਅਤੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਕਰਦੀ ਆਈ ਹੈ।ਉਨ੍ਹਾਂ ਕਿਹਾ ਕਿ ਅੱਜ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਮੁਲਾਜ਼ਮਾਂ ਅਤੇ ਪੈਨਸ਼ਨਰ ਜਥੇਬੰਦੀਆਂ ਨੂੰ ਰੋਸ ਧਰਨੇ ਦੇਣ ਅਤੇ ਹੜਤਾਲਾਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸੇ ਤਰ੍ਹਾਂ ਕਿਸਾਨ ਵੀ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੀ ਬੇਰੁਖ਼ੀ ਦੇ ਵਿਰੋਧ ਵਿੱਚ ਮੋਰਚੇ ਲਗਾ ਰਹੇ ਹਨ।ਇਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਨੇ ਵੀ ਪਾਰਟੀ ਵਰਕਰਾਂ ਨੂੰ ਸੰਬੋਧਨ ਕੀਤਾ। ਮੀਟਿੰਗ ਦੌਰਾਨ ਪਿੰਡ ਵਾਸੀਆਂ ਅਤੇ ਕਾਂਗਰਸੀ ਵਰਕਰਾਂ ਵੱਲੋਂ ਆਗੂਆਂ ਦੇ ਸਾਹਮਣੇ ਆਪਣੇ ਇਲਾਕੇ ਨਾਲ ਸਬੰਧਤ ਵੱਖ-ਵੱਖ ਸਮੱਸਿਆਵਾਂ ਅਤੇ ਮੁਸ਼ਕਲਾਂ ਵੀ ਰੱਖੀਆਂ ਗਈਆਂ।ਆਗੂਆਂ ਨੇ ਇਨ੍ਹਾਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਉਨ੍ਹਾਂ ਦੇ ਹੱਲ ਲਈ ਯੋਗ ਪੱਧਰ 'ਤੇ ਆਵਾਜ਼ ਉਠਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਸਿਮਰਨ ਸਿੰਘ ਸੈਣੀ, ਰਵਿੰਦਰ ਪਾਲ ਸਿੰਘ ਗੋਰਾ, ਜਸਵੀਰ ਸਿੰਘ, ਸਾਬਕਾ ਸਰਪੰਚ ਬਖਸ਼ੀ ਰਾਮ, ਸੁਰਿੰਦਰ ਸਿੰਘ ਮੈਂਬਰ ਪੰਚਾਇਤ, ਤੀਰਥ ਸਿੰਘ, ਬਲਵਿੰਦਰ ਸਿੰਘ, ਸਤਨਾਮ ਸਿੰਘ, ਨੰਬਰਦਾਰ ਗੁਰਮੀਤ ਸਿੰਘ, ਜੋਗਿੰਦਰ ਸਿੰਘ ਫੌਜੀ, ਬਲਵੀਰ ਸਿੰਘ ਫੌਜੀ, ਜਗਦੀਸ਼ ਸਿੰਘ, ਬਲਬੀਰ ਸਿੰਘ, ਸੁਖਦੇਵ ਸਿੰਘ ਸੁੱਖੀ, ਰੋਮੀ, ਨਿਰੰਜਨ ਸਿੰਘ, ਡਾ. ਰਵੀ, ਬਖਸ਼ੀਸ਼ ਸਿੰਘ, ਸਿਕੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।



# ਕੁੰਗਫੂ ਮੁਕਾਬਲੇ 'ਚ ਖਿਡਾਰੀਆਂ ਨੇ ਗੋਲਡ, ਸਿਲਵਰ ਤੇ ਕਾਂਸੀ ਦੇ ਤਮਗੇ ਜਿੱਤੇ

**ਜਲੰਧਰ (ਰਮੇਸ਼ ਬਾਘਾ, ਲਖਵਿੰਦਰ ਸਿੰਘ ਆਧੀ)**- ਮਨਸੂਰੀਆ ਕੁੰਗਫੂ ਇੰਟਰਨੈਸ਼ਨਲ ਐਸੋਸੀਏਸ਼ਨ ਵੱਲੋਂ 9ਵੀਂ ਸੂਬਾ ਪੱਧਰੀ ਇੰਟਰਨੈਸ਼ਨਲ ਚੈਂਪੀਅਨਸ਼ਿਪ 2026 ਡੀਏਵੀ ਐਡੀਟੋਰੀਅਮ ਜਲੰਧਰ ਵਿਖੇ ਸੰਪਨ ਹੋਈ। ਪ੍ਰਤੀਯੋਗਤਾ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਪਹੁੰਚੇ ਖਿਡਾਰੀਆਂ ਨੇ ਭਾਗ ਲਿਆ। ਵੱਖ-ਵੱਖ ਉਮਰ ਅਤੇ ਭਾਰ ਵਰਗਾਂ ਵਿੱਚ ਹੋਏ ਇਨ੍ਹਾਂ ਮੁਕਾਬਲਿਆਂ ਦੌਰਾਨ ਖਿਡਾਰੀਆਂ ਨੇ ਆਪਣੀ ਖੇਡ ਕਲਾ, ਹੌਸਲੇ ਅਤੇ ਸਖ਼ਤ ਮਿਹਨਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਰਾਟੇ, ਕਿੱਕ ਬਾਕਸਿੰਗ ਅਤੇ ਕੁੰਗਫੂ ਮਾਰਸ਼ਲ ਆਰਟ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਗੋਲਡ, ਸਿਲਵਰ ਤੇ ਕਾਂਸੀ ਦੇ ਤਮਗੇ ਜਿੱਤ ਕੇ ਆਪਣੇ ਸਕੂਲਾਂ ਦਾ ਤੇ ਕੋਚਾਂ ਦਾ ਨਾਮ ਰੌਸ਼ਨ ਕੀਤਾ। ਐਸੋਸੀਏਸ਼ਨ ਦੇ ਮਾਸਟਰ ਸਿਫੂ ਟੀ.ਕੇ. ਨਰੂਲੀ ਨੇ ਦੱਸਿਆ ਕਿ ਖਿਡਾਰੀਆਂ ਵੱਲੋਂ ਗੋਲਡ, ਸਿਲਵਰ ਅਤੇ ਕਾਂਸੀ ਦੇ ਤਮਗੇ ਹਾਸਲ ਕਰਨਾ ਉਨ੍ਹਾਂ ਦੀ ਲਗਾਤਾਰ ਮਿਹਨਤ ਅਤੇ ਖੇਡ ਪ੍ਰਤੀ ਸਮਰਪਣ ਦਾ ਨਤੀਜਾ ਹੈ। ਖਿਡਾਰੀਆਂ ਦੀ ਮਿਹਨਤ ਅਤੇ ਲਗਨ ਨੂੰ ਦੇਖਦਿਆਂ ਹੀ ਉਨ੍ਹਾਂ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਸੀ, ਜਿਸ ਨੂੰ ਉਨ੍ਹਾਂ ਨੇ ਤਮਗੇ ਜਿੱਤ ਕੇ ਸੱਚ ਕਰ ਵਿਖਾਇਆ। ਡੀ ਐੱਸ ਪੀ ਗੁਰਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਨੇ ਨਾਰਾਜ਼ਗੀ ਜਾਹਰ ਕਰਦਿਆਂ ਕਿਹਾ ਕਿ ਅੱਜਕੱਲ ਜ਼ਿਆਦਾਤਰ ਨੌਜਵਾਨ ਨਸ਼ਿਆਂ 'ਚ ਗਰਕਦੇ ਜਾ ਰਹੇ ਹਨ ਜਾਂ ਫਿਰ ਮੋਬਾਇਲਾਂ ਵਿੱਚ ਹੀ ਸਮਾਂ ਗੁਜ਼ਾਰਦੇ ਰਹਿੰਦੇ ਹਨ। ਉਨ੍ਹਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ।



# ਜਨਕ ਰਾਜ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਸਮਾਜਸੇਵੀ ਤੇ ਸਵਰਨਕਾਰ ਸੰਘ ਦੇ ਸਾਬਕਾ ਪ੍ਰਧਾਨ ਜਨਕ ਰਾਜ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਜਿਨ੍ਹਾਂ ਦਾ ਅੰਤਿਮ ਸਸਕਾਰ ਮੋਰਿੰਡਾ ਦੇ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ ਹੈ। ਜਨਕ ਰਾਜ ਦੀ ਹੋਈ ਅਚਨਚੇਤ ਮੌਤ 'ਤੇ ਵੱਖ ਵੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਵੱਲੋਂ ਗਹਿਰਾ ਦੁੱਖ ਪ੍ਰਗਟਾਵਾ ਕਰਦਿਆਂ ਪਰਿਵਾਰ ਨੂੰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ, ਵਿਜੇ ਕੁਮਾਰ ਸ਼ਰਮਾ ਟਿੰਕੂ ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ, ਸਵਰਨਕਾਰ ਸੰਘ ਮੋਰਿੰਡਾ ਦੇ ਪ੍ਰਧਾਨ ਮਨੀਸ਼ ਕੁਮਾਰ ਭੋਲਾ, ਕੌਂਸਲਰ ਹਰਜੀਤ ਸਿੰਘ ਸੋਢੀ, ਕੌਂਸਲਰ ਅੰਮ੍ਰਿਤਪਾਲ ਸਿੰਘ ਖੱਟੜਾ, ਹਰਮਿੰਦਰ ਸਿੰਘ ਲੱਕੀ, ਮਨਮੋਹਨ ਕੁਮਾਰ ਵਰਮਾ, ਸੁਰਜੀਤ ਸਿੰਘ ਬਰਕਤ, ਯੋਗਿੰਦਰ ਪਾਲ ਬੌਬੀ, ਸੰਦੀਪ ਕੁਮਾਰ ਸੋਨੂੰ, ਕਰਨੈਲ ਸਿੰਘ ਜੀਤ ਵਾਇਸ ਚੇਅਰਮੈਨ, ਰਾਜ ਕੁਮਾਰ ਵਰਮਾ, ਰਾਜ ਕੁਮਾਰ ਦਸੌਂੜ, ਹੰਸ ਰਾਜ, ਪਰਮਜੀਤ ਸਿੰਘ ਪੰਮੀ, ਸੁਖਬੀਰ ਸਿੰਘ ਸੁੱਖਾ ਯੂ ਕੇ ਆਦਿ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।



# ਭਗਤੀ ਦੇ ਰੰਗ 'ਚ ਰੰਗਿਆ ਝੱਜ ਬ੍ਰਾਹਮਣਾਂ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸ਼ੁਭ ਅਵਸਰ 'ਤੇ ਪਿੰਡ ਝੱਜ ਬ੍ਰਾਹਮਣਾ ਵਿਖੇ 17ਵੀਂ ਸ੍ਰੀਮਦ ਭਾਗਵਤ ਕਥਾ ਦੇ ਸ਼ੁਭ ਆਰੰਭ ਤੋਂ ਪਹਿਲਾਂ ਸ਼ਨੀਵਾਰ ਨੂੰ ਤ੍ਰਿਵੇਦ ਮੰਦਰ ਕਮੇਟੀ, ਪਿੰਡ ਵਾਸੀਆਂ ਅਤੇ ਐਨਆਰਆਈ ਸੱਜਣਾਂ ਦੇ ਸਹਿਯੋਗ ਨਾਲ ਭਵਿਆ ਕਲਸ਼ ਸ਼ੋਭਾ ਯਾਤਰਾ ਕੱਢੀ ਗਈ। ਇਸ ਸ਼ੋਭਾ ਯਾਤਰਾ ਵਿੱਚ ਪਿੰਡ ਤੋਂ ਇਲਾਵਾ ਆਸ-ਪਾਸ ਦੇ ਵੱਖ-ਵੱਖ ਪਿੰਡਾਂ ਤੋਂ ਪਹੁੰਚੀਆਂ ਮਹਿਲਾਵਾਂ ਨੇ ਸਿਰ 'ਤੇ ਕਲਸ਼ ਧਾਰਨ ਕਰਕੇ ਸ਼ਰਧਾ ਨਾਲ ਹਿੱਸਾ ਲਿਆ। ਸੰਤ-ਮਹਾਪੁਰਸ਼ਾਂ ਦੀ ਮੌਜੂਦਗੀ ਨੇ ਸ਼ੋਭਾ ਯਾਤਰਾ ਦੀ ਧਾਰਮਿਕ ਭਵਿਆਤਾ ਨੂੰ ਹੋਰ ਵਧਾ ਦਿੱਤਾ। ਸ਼ੋਭਾ ਯਾਤਰਾ ਪਿੰਡ ਦੇ ਵੱਖ-ਵੱਖ ਰਸਤਿਆਂ ਤੋਂ ਹੁੰਦੀ ਹੋਈ ਤ੍ਰਿਵੇਦ ਮੰਦਰ ਵਿਖੇ ਪਹੁੰਚ ਕੇ ਸੰਪਨ ਹੋਈ। ਇਸ ਦੌਰਾਨ ਸ਼ਰਧਾਲੂਆਂ ਵੱਲੋਂ ਧਾਰਮਿਕ ਜੈਕਾਰਿਆਂ ਨਾਲ ਪੂਰਾ ਮਾਹੌਲ ਭਗਤੀਮਈ ਬਣਾ ਦਿੱਤਾ ਗਿਆ।

ਸ਼ਰਧਾਲੂਆਂ ਨੇ ਸ੍ਰੀਮਦ ਭਾਗਵਤ ਕਥਾ ਪ੍ਰਤੀ ਆਪਣੀ ਆਸਥਾ ਦਾ ਪ੍ਰਗਟਾਵਾ ਕੀਤਾ। ਪੰਡਿਤ ਨਰਿੰਦਰ ਕੁਮਾਰ, ਪੰਡਿਤ ਨਰੇਸ਼ ਕੁਮਾਰ, ਪੰਡਿਤ ਨਰੋਤਮ ਲਾਲ ਸ਼ਰਮਾ ਅਤੇ ਸ੍ਰੀ ਅਮਿਤ (ਲਾਡੀ) ਨੇ ਦੱਸਿਆ ਕਿ ਸ੍ਰੀਮਦ ਭਾਗਵਤ ਕਥਾ ਦਾ ਆਯੋਜਨ 4 ਸਤੰਬਰ ਤੱਕ ਰੋਜ਼ਾਨਾ ਦੁਪਹਿਰ 4 ਵਜੇ ਤੋਂ ਸ਼ਾਮ 7 ਵਜੇ ਤੱਕ ਕੀਤਾ ਜਾਵੇਗਾ। ਕਥਾ ਵਾਚਕ ਸਾਧਿਕਾ ਦੇਵੀ ਸ੍ਰੀ ਗੌਰਾਂਗੀ ਪ੍ਰਿਆ ਜੀ ਸ਼ਰਧਾਲੂਆਂ ਨੂੰ ਸ੍ਰੀਮਦ ਭਾਗਵਤ ਦੇ ਵੱਖ-ਵੱਖ ਪ੍ਰਸੰਗਾਂ ਦਾ ਰਸਪਾਨ ਕਰਵਾਉਣਗੇ। 5 ਸਤੰਬਰ ਨੂੰ ਕਥਾ ਦੇ ਭੋਗ ਉਪਰੰਤ ਹਵਨ ਅਤੇ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ।

ਇਸ ਮੌਕੇ ਰਵਿੰਦਰ ਕੁਮਾਰ, ਵਿਜੇ, ਅਸ਼ੋਕ ਕੁਮਾਰ, ਨਰੇਸ਼, ਨਰੋਤਮ ਸ਼ਰਮਾ, ਸਰਪੰਚ ਗੁਰਮੀਤ ਸਿੰਘ, ਅਸ਼ਵੰਜ ਸ਼ਰਮਾ, ਸ਼ਿਵ ਦੱਤ, ਜਗਦੀਸ਼ ਰਾਏ, ਮਨਦੀਪ, ਪਰਦੀਪ, ਸਤਵਿੰਦਰ ਲਾਲ, ਮੋਹਨ ਲਾਲ, ਗਗਨਦੀਪ, ਸੁਮਿਤ ਸ਼ਰਮਾ, ਅਭਿਸ਼ੇਕ ਸ਼ਰਮਾ, ਪਰਵੀਨ ਕੁਮਾਰੀ, ਪਰਦੀਪ ਰਾਣੀ, ਕਾਂਤਾ ਰਾਣੀ, ਕਮਲੇਸ਼ ਰਾਣੀ, ਪੂਨਮ ਰਾਣੀ, ਮੀਰਾ ਰਾਣੀ, ਮੰਜੂ ਬਾਲਾ, ਮਨਦੀਪ ਸਿੰਘ, ਸੰਜੀਵ, ਹਰਸ਼ ਬਾਵਾ, ਖੁਸ਼ੀ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ।



# 'ਰਨ ਫਾਰ ਇਕੁਐਲਿਟੀ' ਮੈਰਾਥਨ ਨੂੰ ਮਿਲਿਆ ਵੱਡਾ ਹੁੰਗਾਰਾ

**ਕਪੂਰਥਲਾ (ਮਨਜੀਤ ਮਾਨ)**- ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਪੂਰਥਲਾ ਵਿਖੇ 'ਰਨ ਫਾਰ ਇਕੁਐਲਿਟੀ' ਮੈਰਾਥਨ ਕਰਵਾਈ ਗਈ।ਇਸ ਵਿੱਚ 600 ਤੋਂ ਵੱਧ ਵਿਦਿਆਰਥੀਆਂ/ ਨੌਜਵਾਨਾਂ ਨੇ ਹਿੱਸਾ ਲੈ ਕੇ ਸਮਾਨਤਾ, ਆਪਸੀ ਭਾਈਚਾਰੇ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ। ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ, ਐੱਸ ਐੱਸ ਪੀ ਗੌਰਵ ਤੂਰਾ, ਨਗਰ ਨਿਗਮ ਕਮਿਸ਼ਨਰ ਅਨੁਪਮ ਕਲੇਰ, ਅਰਜੁਨ ਐਵਾਰਡੀ ਤੇ 'ਆਪ' ਸੁਲਤਾਨਪੁਰ ਲੋਧੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, 'ਆਪ' ਕਪੂਰਥਲਾ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਬੀਰ ਸਿੰਘ ਚੰਦੀ ਅਤੇ ਫਗਵਾੜਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਰਨੈਲ ਨੰਗਲ ਨੇ ਮਿਲ ਕੇ ਮੈਰਾਥਨ ਨੂੰ ਹਰੀ ਝੰਡੀ ਦਿਖਾਈ।ਖਿਡਾਰੀਆਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਕਿਹਾ ਕਿ ਇਸ ਮੈਰਾਥਨ ਦਾ ਮਕਸਦ ਖੇਡਾਂ ਰਾਹੀਂ ਨਵੀਂ ਪੀੜ੍ਹੀ ਤੱਕ ਸ੍ਰੀ ਗੁਰੂ ਰਵਿਦਾਸ ਜੀ ਦਾ ਸਮਾਨਤਾ ਦਾ ਸੰਦੇਸ਼ ਪਹੁੰਚਾਉਣਾ ਹੈ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੂਰੇ ਸੂਬੇ ਵਿੱਚ ਵੱਖ-ਵੱਖ ਪ੍ਰੋਗਰਾਮ ਕਰਵਾ ਰਹੀ ਹੈ ਤਾਂ ਜੋ ਉਹਨਾਂ ਦੀਆਂ ਸਿੱਖਿਆਵਾਂ ਨੂੰ ਘਰ-ਘਰ ਪਹੁੰਚਾਇਆ ਜਾ ਸਕੇ।ਅਰਜੁਨ ਐਵਾਰਡੀ ਸੱਜਣ ਸਿੰਘ ਚੀਮਾ ਨੇ ਮੈਰਾਥਨ ਵਿੱਚ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਵੱਡੇ ਇਕੱਠ ਦੀ ਸ਼ਲਾਘਾ ਕੀਤੀ। ਮੈਰਾਥਨ ਦੇ ਅੰਤ ਵਿੱਚ ਪਹਿਲੇ 20 ਜੇਤੂਆਂ (10 ਕੁੜੀਆਂ ਅਤੇ 10 ਮੁੰਡੇ) ਨੂੰ ਮੁੱਖ ਮਹਿਮਾਨਾਂ ਵੱਲੋਂ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

ਇਹ ਮੈਰਾਥਨ ਗੁਰੂ ਨਾਨਕ ਸਟੇਡੀਅਮ ਤੋਂ ਸ਼ੁਰੂ ਹੋ ਕੇ ਪੂਡਾ ਐਂਟਰੀ ਗੇਟ ਵੱਲ ਗਈ ਅਤੇ ਵਾਪਸ ਗੁਰੂ ਨਾਨਕ ਸਟੇਡੀਅਮ ਵਿਖੇ ਆ ਕੇ ਸਮਾਪਤ ਹੋਈ।

ਐੱਸ ਐੱਸ ਪੀ ਗੌਰਵ ਤੂਰਾ ਨੇ ਆਪ ਵੀ ਮੈਰਾਥਨ ਵਿੱਚ ਹਿੱਸਾ ਲਿਆ ਅਤੇ ਵਿਦਿਆਰਥੀਆਂ ਨਾਲ ਦੌੜ ਕੇ ਉਹਨਾਂ ਦਾ ਹੌਂਸਲਾ ਵਧਾਇਆ।



# 'ਬਾਣੀ ਥਿਤੀ ਕਬੀਰ: ਸੰਦਰਭ ਤੇ ਸਮੀਖਿਆ' ਬਾਰੇ ਸੈਮੀਨਾਰ

**ਮਾਹਿਲਪੁਰ (ਸ.ਫਰੀ)**- ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਕਾਲਜ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਸਿੱਖ ਰਿਸਰਚ ਇੰਸਟੀਚਿਊਟ ਯੂ ਐੱਸ ਏ ਦੀ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਟੀਮ ਦੇ ਸਹਿਯੋਗ ਨਾਲ 'ਬਾਣੀ ਥਿਤੀ ਕਬੀਰ ਜੀ : ਸੰਦਰਭ ਅਤੇ ਸਮੀਖਿਆ' ਵਿਸ਼ੇ 'ਤੇ ਇਕ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਿੱਖ ਰਿਸਰਚ ਇੰਸਟੀਚਿਊਟ ਦੇ ਸੀਨੀਅਰ ਫੈਲੋ ਪ੍ਰੋ. ਅਵਤਾਰ ਸਿੰਘ ਅਤੇ ਰਿਸਰਚ ਫੈਲੋ ਵਿਕਰਮਜੀਤ ਸਿੰਘ ਨੇ ਮੁੱਖ ਬੁਲਾਰਿਆਂ ਵੱਜੋਂ ਸ਼ਿਰਕਤ ਕੀਤੀ। ਸਮਾਰੋਹ ਮੌਕੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਹਾਜ਼ਰ ਬੁਲਾਰਿਆਂ ਲਈ ਸਵਾਗਤੀ ਸ਼ਬਦ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅਜਿਹੇ ਸੰਵਾਦ ਸਮਾਰੋਹ ਵਿਦਿਆਰਥੀਆਂ ਨੂੰ ਖੋਜ ਅਤੇ ਚਿੰਤਨ ਦੇ ਖੇਤਰ ਵਿੱਚ ਨਵਾਂ ਕੰਮ ਕਰਨ ਲਈ ਮਦਦਗਾਰ ਸਿੱਧ ਹੁੰਦੇ ਹਨ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ ਬੀ ਸੇਖੋਂ ਨੇ ਵਿਭਾਗ ਦੀਆਂ ਸਾਹਿਤਕ ਗਤੀਵਿਧੀਆਂ ਬਾਰੇ ਦੱਸਿਆ ਅਤੇ ਕਿਹਾ ਕਿ ਭਗਤ ਕਬੀਰ ਦਾ ਜੀਵਨ ਅਤੇ ਬਾਣੀ ਮੱਧਕਾਲੀ ਭਾਰਤ ਵਿੱਚਲੀ ਇਕ ਸਭਿਆਚਾਰਕ ਕ੍ਰਾਂਤੀ ਸੀ ਅਤੇ ਇਹ ਬਾਣੀ ਹਰ ਯੁੱਗ ਵਿੱਚ ਮਨੁੱਖਤਾ ਲਈ ਚਾਨਣ ਦੀ ਮੀਨਾਰ ਹੈ। ਇਸ ਮੌਕੇ ਸਿੱਖ ਰਿਸਰਚ ਇੰਸਟੀਚਿਊਟ ਯੂ ਐੱਸ ਏ ਦੇ ਰਿਸਰਚ ਫੈਲੋ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਸਿੱਖ ਰਿਸਰਚ ਇੰਸਟੀਚਿਊਟ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸ਼ਬਦ ਅਰਥ, ਭਾਵ ਅਰਥ, ਭਾਸ਼ਾ , ਇਤਿਹਾਸ ਅਤੇ ਹੋਰ ਅਨੇਕਾਂ ਪਹਿਲੂਆਂ ਬਾਰੇ ਆਪਣੀ ਵੈੱਬਸਾਈਟ 'ਤੇ ਗੰਭੀਰ ਜਾਣਕਾਰੀ ਆਨਲਾਈਨ ਤੌਰ 'ਤੇ ਦਰਜ ਕੀਤੀ ਜਾਂਦੀ ਹੈ ਜਿਹੜੀ ਬਿਨਾਂ ਕਿਸੇ ਫੀਸ ਤੋਂ ਹਰ ਵਿਅਕਤੀ ਦੀ ਪਹੁੰਚ ਵਿੱਚ ਹੈ।

ਉਨ੍ਹਾਂ ਇਸ ਵੈੱਬਸਾਈਟ ਦੇ ਲਿੰਕ ਅਤੇ ਕਾਰਜ ਪ੍ਰਕਿਰਿਆ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਵੱਖ-ਵੱਖ ਖੇਤਰਾਂ ਦੇ ਸਿੱਖ ਵਿਦਵਾਨਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਕੀਤੇ ਜਾ ਰਹੇ ਇਸ ਸਾਂਝੇ ਕਾਰਜ ਬਾਰੇ ਦੱਸਿਆ ਅਤੇ ਵਿਦਿਆਰਥੀਆਂ ਨੂੰ ਆਪਣੇ ਉਚੇਰੀ ਖੋਜ ਅਤੇ ਜਗਿਆਸਾ ਲਈ ਇਸਦਾ ਲਾਭ ਲੈਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਬੁਲਾਰਿਆਂ ਨੂੰ ਸਨਮਾਨਤ ਕੀਤਾ ਗਿਆ। ਮੰਚ ਦੀ ਕਾਰਵਾਈ ਡਾ. ਬਲਵੀਰ ਕੌਰ ਨੇ ਚਲਾਈ। ਇਸ ਮੌਕੇ ਸਮਾਜ ਸੇਵੀ ਹਰਵੇਲ ਸਿੰਘ ਸੈਣੀ, ਡਾ. ਪ੍ਰਭਜੋਤ ਕੌਰ, ਪ੍ਰਿੰਸੀਪਲ ਸੁਰਜੀਤ ਸਿੰਘ, ਸੁਖਜਿੰਦਰ ਪਾਲ ਸਿੰਘ, ਡਾ. ਜਗਤਾਰ ਕੋਟ ਫਤੂਹੀ, ਲੇਖਕ ਜਗਜੀਤ ਸਿੰਘ ਗਣੇਸ਼ਪੁਰ, ਸ਼ਾਇਰ ਰੁਪਿੰਦਰਜੋਤ ਸਿੰਘ, ਪ੍ਰੋ. ਅਸ਼ੋਕ ਕੁਮਾਰ, ਪ੍ਰੋ. ਜਸਦੀਪ ਕੌਰ ਆਦਿ ਸਮੇਤ ਐੱਮ ਏ ਪੰਜਾਬੀ ਤੇ ਬੀ ਏ ਕੋਰਸ ਦੇ ਵਿਦਿਆਰਥੀ ਹਾਜ਼ਰ ਸੀ।



# ਡੀ ਟੀ ਐੱਫ ਵੱਲੋਂ ਟੀ ਈ ਟੀ ਦੀ ਸ਼ਰਤ ਥੋਪਣ ਵਿਰੁੱਧ ਰੋਸ ਮੁਜ਼ਾਹਰਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਜਾਟ ਮਿੱਤਰ ਭਵਨ ਕੇਸ਼ਵਪੁਰਮ ਨਵੀਂ ਦਿੱਲੀ ਵਿਖੇ ਵੱਖ-ਵੱਖ ਰਾਜਾਂ (ਮੱਧ ਪ੍ਰਦੇਸ਼, ਪੱਛਮੀ ਬੰਗਾਲ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ, ਨਵੀਂ ਦਿੱਲੀ, ਉੱਤਰਾਖੰਡ ਆਦਿ) ਤੋਂ ਆਏ ਅਧਿਆਪਕਾਂ ਵੱਲੋਂ ਸੁਪਰੀਮ ਕੋਰਟ ਦੇ ਫੈਸਲੇ ਦੇ ਹਵਾਲੇ ਨਾਲ ਸਿੱਖਿਆ ਦੇ ਅਧਿਕਾਰ ਕਾਨੂੰਨ-2009 ਲਾਗੂ ਹੋਣ ਤੋਂ ਪਹਿਲਾਂ ਭਰਤੀ ਅਧਿਆਪਕਾਂ ਉੱਪਰ ਜਬਰੀ ਥੋਪੀ ਅਧਿਆਪਕ ਯੋਗਤਾ ਪ੍ਰੀਖਿਆ (ਟੀਈਟੀ) ਦੀ ਸ਼ਰਤ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋ ਪਹਿਲਾਂ ਜੰਤਰ-ਮੰਤਰ ਨਵੀਂ ਦਿੱਲੀ ਵਿਖੇ ਪ੍ਰਦਰਸ਼ਨ ਕਰਨ ਦੀ ਮੰਗੀ ਇਜਾਜ਼ਤ ਨੂੰ ਦਿੱਲੀ ਪੁਲਿਸ ਵੱਲੋਂ ਖਾਰਜ ਕਰਕੇ ਅਧਿਆਪਕਾਂ ਨੂੰ ਦਿੱਲੀ ਪਹੁੰਚਣ ਤੋਂ ਰੋਕਣ ਲਈ ਖਾਸ ਤੌਰ 'ਤੇ ਮੱਧ ਪ੍ਰਦੇਸ਼ ਵਿੱਚ ਹਜ਼ਾਰਾਂ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ, ਪਰੰਤੂ ਇਸ ਦੇ ਬਾਵਜੂਦ ਮੱਧ ਪ੍ਰਦੇਸ਼ ਤੋਂ ਵੱਡੀ ਗਿਣਤੀ ਵਿੱਚ ਅਧਿਆਪਕ ਬਦਲਵੇਂ ਸਥਾਨ 'ਤੇ ਹੋਏ ਇਸ ਪ੍ਰਦਰਸ਼ਨ ਦਾ ਹਿੱਸਾ ਬਣਨ ਵਿੱਚ ਕਾਮਯਾਬ ਰਹੇ। ਅਧਿਆਪਕਾਂ ਨੇ ਇੱਕਜੁੱਟ ਹੋ ਕੇ ਮੰਗ ਕੀਤੀ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਸਿੱਖਿਆ ਦੇ ਅਧਿਕਾਰ ਕਾਨੂੰਨ-2009 ਵਿੱਚ ਬਣਦੀ ਸੋਧ ਕਰਕੇ ਇਸ ਦੇ ਲਾਗੂ ਹੋਣ ਤੋਂ ਪਹਿਲਾਂ ਨਿਯੁਕਤ ਅਧਿਆਪਕਾਂ ਅਤੇ ਛੋਟ ਪ੍ਰਾਪਤ ਵਿਸ਼ਿਆਂ ਦੇ ਅਧਿਆਪਕਾਂ ਨੂੰ ਜਬਰੀ ਥੋਪੇ ਜਾ ਰਹੀ ਟੀ ਈ ਟੀ ਦੀ ਸ਼ਰਤ ਤੋਂ ਛੋਟ ਦਿੱਤੀ ਜਾਵੇ।

ਜੋਇੰਟ ਟੀਚਰਜ਼ ਫ਼ਰੰਟ ਦੇ ਸੱਦੇ 'ਤੇ ਹੋਏ ਇਸ ਦੇਸ਼ ਪੱਧਰੀ ਪ੍ਰਦਰਸ਼ਨ ਵਿੱਚ ਪੰਜਾਬ ਤੋਂ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ ਟੀ ਐੱਫ) ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ ਵਿੱਚ ਸ਼ਮੂਲੀਅਤ ਕੀਤੀ ਗਈ। ਡੀ ਟੀ ਐੱਫ ਦੇ ਸੂਬਾ ਪ੍ਰਧਾਨ ਨੇ ਸਟੇਜ ਤੋਂ ਆਪਣੇ ਸੰਬੋਧਨ ਦੌਰਾਨ ਬਾਕੀ ਰਾਜਾਂ ਦੇ ਅਧਿਆਪਕਾਂ ਨਾਲ ਜਬਰੀ ਥੋਪੇ ਟੈਟ ਦੀ ਸ਼ਰਤ ਰੱਦ ਕਰਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਪ੍ਰਤੀ ਇੱਕਜੁੱਟਤਾ ਜਾਹਰ ਕੀਤੀ। ਇਸ ਮੌਕੇ ਡੀ ਟੀ ਐੱਫ. ਪੰਜਾਬ ਦੇ ਸੂਬਾ ਮੀਤ ਪ੍ਰਧਾਨ: ਜਗਪਾਲ ਬੰਗੀ ਅਤੇ ਰਘਵੀਰ ਭਵਾਨੀਗੜ੍ਹ, ਸੂਬਾ ਸੰਯੁਕਤ ਸਕੱਤਰ ਮੁਕੇਸ਼ ਕੁਮਾਰ, ਰਾਮ ਸ਼ਰਨ ਅਲੋਹਰਾਂ (ਜ਼ਿਲ੍ਹਾ ਪ੍ਰਧਾਨ ਪਟਿਆਲਾ), ਸੁਖਵਿੰਦਰ ਗਿਰ (ਜ਼ਿਲ੍ਹਾ ਪ੍ਰਧਾਨ ਸੰਗਰੂਰ), ਬਲਜਿੰਦਰ ਪ੍ਰਭੂ (ਜ਼ਿਲ੍ਹਾ ਪ੍ਰਧਾਨ, ਡੀ ਐੱਮ ਐੱਫ ਬਰਨਾਲਾ), ਭੁਪਿੰਦਰ ਸਿੰਘ ਸੜੋਆ, ਰੋਮੀ ਸਫੀਪੁਰ, ਪ੍ਰਿਤਪਾਲ ਸਿੰਘ ਚਹਿਲ, ਪਵਨ ਕੁਮਾਰ ਨਾਭਾ, ਅਮਨ ਵਸਿਸ਼ਟ, ਅਵਤਾਰ ਮਲੂਕਾ, ਕੁਲਵੰਤ ਸਿੰਘ ਖਨੌਰੀ, ਅੰਮ੍ਰਿਤ ਪਾਲ ਸਿੰਘ ਮਾਨ, ਪਰਵੀਨ ਕੁਮਾਰ ਸ਼ੇਰਪੁਰ, ਰਮੇਸ਼ ਮਲਕੋਵਾਲ, ਜਗਦੀਪ ਕੁਮਾਰ, ਰਜਿੰਦਰ ਸਿੰਘਲਾ, ਜਤਿੰਦਰ ਕੁਤਬਾ, ਮਨਜੋਤ ਛਾਪਾ, ਰਿਸ਼ੂ ਕੁਮਾਰ ਆਦਿ ਹਾਜ਼ਰ ਰਹੇ।




# ਰਾਸ਼ਟਰੀ ਖੇਡ ਦਿਵਸ ਮਨਾਇਆ

**ਟਾਂਡਾ ਉੜਮੁੜ (ਮਿਥਲੇਸ ਗਰਗ, ਜਸਵਿੰਦਰ ਸੰਧੂ)**- ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਧੂਮਧਾਮ ਨਾਲ ਮਨਾਇਆ ਗਿਆ ਰਾਸ਼ਟਰੀ ਖੇਡ ਦਿਵਸ । ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਖੇਡਾਂ ਖੇਡੋ, ਨਸ਼ੇ ਛੱਡੋ ਮੁਹਿੰਮ ਤਹਿਤ ਨੌਜਵਾਨੀ ਨੂੰ ਖੇਡਾਂ ਨਾਲ ਜੁੜਨ ਦਾ ਦਿੱਤਾ ਹੋਕਾ। ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰਿੰਸੀਪਲ ਕੁਲਵੀਰ ਸਿੰਘ ਦੀ ਅਗਵਾਈ ਹੇਠ 'ਰਾਸ਼ਟਰੀ ਖੇਡ ਦਿਵਸ' ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਦਿਨ ਭਾਰਤ ਦੇ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਦੀ ਯਾਦ ਨੂੰ ਸਮਰਪਿਤ ਸੀ। ਸਮਾਗਮ ਦੀ ਸ਼ੁਰੂਆਤ ਮੇਜਰ ਧਿਆਨ ਚੰਦ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਕੇ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਕੁਲਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਮੇਜਰ ਧਿਆਨ ਚੰਦ ਦੇ ਜੀਵਨ ਅਤੇ ਹਾਕੀ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਦੇਸ਼ ਲਈ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਚੇਅਰਮੈਨ ਮਾਰਸ਼ਲ ਨੇ ਆਪਣੇ ਸੁਨੇਹੇ ਵਿੱਚ ਆਖਿਆ ਕਿ ਅੱਜ ਦੇ ਸਮੇਂ ਵਿੱਚ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਰਗੀ ਬੁਰਾਈ ਤੋਂ ਦੂਰ ਰੱਖਣ ਲਈ ਖੇਡਾਂ ਸਭ ਤੋਂ ਵੱਡਾ ਅਤੇ ਅਸਰਦਾਰ ਮਾਧਿਅਮ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਮੇਜਰ ਧਿਆਨ ਚੰਦ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕੀਤਾ। ਇਸ ਦਿਨ ਨੂੰ ਯਾਦਗਾਰੀ ਬਣਾਉਣ ਲਈ ਸਕੂਲ ਵਿਖੇ ਵੱਖ-ਵੱਖ ਉਮਰ ਵਰਗ ਦੇ ਵਿਦਿਆਰਥੀਆਂ ਲਈ ਬੈਡਮਿੰਟਨ ਅਤੇ ਬਾਸਕਿਟਬਾਲ ਦੇ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਐਥਲੈਟਿਕਸ: 100 ਮੀਟਰ, 200 ਮੀਟਰ ਦੌੜਾਂ, ਰੱਸੀ ਟੱਪਣਾ ਵਰਗੀਆਂ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਇੰਡੋਰ ਗੇਮਜ਼: ਸ਼ਤਰੰਜ (ਅਤੇ ਕੈਰਮ ਬੋਰਡ ਦੇ ਮੁਕਾਬਲੇ ਵੀ ਕਰਵਾਏ ਗਏ। ਵਿਦਿਆਰਥੀਆਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਪੂਰੀ ਖੇਡ ਭਾਵਨਾ ਨਾਲ ਹਿੱਸਾ ਲਿਆ। ਪ੍ਰਬੰਧਕਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਵਾਈਸ ਚੇਅਰਮੈਨ ਕੁਲਵੰਤ ਸਿੰਘ ਮਾਰਸ਼ਲ, ਕੋਆਰਡੀਨੇਟਰ ਬਲਦੇਵ ਸਿੰਘ, ਓਂਕਾਰ ਸਿੰਘ, ਮਨੀਸ਼ ਸਿੰਘ, ਹਰਮਨਦੀਪ, ਪ੍ਰਿਅੰਕਾ, ਅਮਨਦੀਪ ਕੌਰ, ਟੀਨਾ ਸ਼ਰਮਾ, ਮਨਦੀਪ ਕੌਰ, ਅੰਮ੍ਰਿਤ ਕੌਰ, ਚਰਨਜੀਤ ਕੌਰ, ਪਰਮਜੀਤ ਕੌਰ, ਕੋਮਲ, ਸੁਮਨ, ਮਨਪ੍ਰੀਤ, ਪਰਵੀਨ ਕੌਰ, ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



## ਢੱਕ ਮਜਾਰਾ ਵਿਖੇ ਬੰਦ ਪਾਇਪਾਂ ਨੂੰ ਖੋਲ੍ਹਣ ਦਾ ਕੰਮ ਸ਼ੁਰੂ

**ਫਿਲੌਰ (ਨਿਰਮਲ)**- ਫਿਲੌਰ ਦੇ ਨਜ਼ਦੀਕੀ ਪਿੰਡ ਢੱਕ ਮਜਾਰਾ ਵਿਖੇ ਬੀਤੇ ਦਿਨੀਂ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਵੱਲੋਂ ਲੋਕ ਮਿਲਣੀ ਦੌਰਾਨ 200 ਦੇ ਕਰੀਬ ਪਰਵਾਰਾ ਨੂੰ ਆਮ ਆਦਮੀ ਪਾਰਟੀ ਚ ਸ਼ਾਮਲ ਕੀਤਾ ਸੀ। ਉਸ ਸਮੇ ਹਰਜੋਤ ਕੌਰ ਲੋਹਟੀਆ ਨੇ ਪਿੰਡ ਵਾਸੀਆਂ ਨਾਲ ਪਿੰਡ ਦੇ ਵਿਕਾਸ ਕਾਰਜ ਜੰਗੀ ਪੱਧਰ ਤੇ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਜਿਸ ਤੇ ਪਹਿਰਾ ਦਿੰਦੇ ਹੋਏ ਹਲਕਾ ਇੰਚਾਰਜ ਮੈਡਮ ਹਰਜੋਤ ਕੌਰ ਲੋਹਟੀਆ ਦੀ ਅਗਵਾਈ ਹੇਠ ਕਾਫੀ ਲੰਬੇ ਸਮੇਂ ਤੋਂ ਬੰਦ ਪਏ ਪਾਈਪਾਂ ਦਾ ਕੰਮ ਸ਼ੁਰੂ ਕਰਵਾਇਆ। ਪਿੰਡ ਵਿੱਚ ਪਾਈਪਾਂ ਦੇ ਕੰਮ ਦਾ ਉਦਘਾਟਨ ਕਰਨ ਮੌਕੇ ਪਹੁੰਚੇ ਜਗਜੀਤ ਸਿੰਘ ਰਾਮਾ, ਪਰਮਜੀਤ ਸਿੰਘ ਮਾਨ, ਸੁਖਜੀਤ ਸਿੰਘ, ਸੁਲੱਖਣ ਸਿੰਘ, ਹਰਨੇਕ ਸਿੰਘ ਸੁਲਤਾਨਪੁਰ, ਅਵਤਾਰ ਸਿੰਘ ਤਾਰੀ ਵੱਲੋਂ ਹਲਕਾ ਇੰਚਾਰਜ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਬੰਦ ਪਾਇਪਾਂ ਕਾਰਨ ਲੰਬੇ ਸਮੇਂ ਤੋਂ ਪ੍ਰੇਸ਼ਾਨ ਸਨ। ਉਨ੍ਹਾਂ ਇਸ ਲਈ ਹਲਕਾ ਇੰਚਾਰਜ ਮੈਡਮ ਹਰਜੋਤ ਕੌਰ ਲੋਹਟੀਆ ਅਤੇ ਸੰਗਠਨ ਇੰਚਾਰਜ ਡਾ: ਵਰਿੰਦਰ ਸਿੰਘ ਸੈਣੀ ਦਾ ਧੰਨਵਾਦ ਕੀਤਾ।



## ਬਿਜਲੀ ਸਪਲਾਈ ਅੱਜ ਬੰਦ ਰਹੇਗੀ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- 132 ਕੇਵੀ ਸਬ ਸਟੇਸ਼ਨ ਸ੍ਰੀ ਅਨੰਦਪੁਰ ਸਾਹਿਬ ਤੋਂ ਚਲਦੇ 11ਕੇ ਵੀ ਦਸ਼ਮੇਸ਼ ਅਕੈਡਮੀ ਫੀਡਰ ਦੀ ਸਪਲਾਈ ਜ਼ਰੂਰੀ ਮੈਂਟੀਨੈਂਸ ਕਰਨ ਲਈ ਮਿਤੀ 1 ਸਤੰਬਰ ਦਿਨ ਮੰਗਲਵਾਰ ਨੂੰ ਸਵੇਰੇ 9:30ਤੋਂ 15:00 ਵਜੇ ਤੱਕ ਬੰਦ ਰਹੇਗੀ ਜਿਸ ਦੇ ਨਾਲ ਪਿੰਡ ਮੀਆਂਪੁਰ, ਯੁਵਰਾਜ ਈ ਵੀ ਚਾਰਜਿੰਗ ਸਟੇਸ਼ਨ ਸਹੋਟਾ ਆਦਿ ਦੀ ਸਪਲਾਈ ਬੰਦ ਰਹੇਗੀ। ਇਲਾਕੇ ਦੇ ਖਪਤਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੀਣ ਵਾਲੇ ਪਾਣੀ ਅਤੇ ਹੋਰ ਰੁਝੇਵਿਆਂ ਕਾਰਨ ਪਹਿਲਾਂ ਹੀ ਅਗਾਊ ਪ੍ਰਬੰਧ ਕਰ ਲਏ ਜਾਣ । ਪ੍ਰੈਸ ਨੂੰ ਜਾਣਕਾਰੀ ਸਹਾਇਕ ਕਾਰਜਕਾਰੀ ਇੰਜੀਨੀਅਰ ਉਪਮੰਡਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਦਿੱਤੀ ਗਈ।

# ਸੰਤ ਬਾਬਾ ਮੇਲਾ ਰਾਮ ਦੀ ਸਾਲਾਨਾ ਬਰਸੀ ਮਨਾਈ

**ਬੰਗਾ (ਅਵਤਾਰ ਕਲੇਰ)**-ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ ਵਿਖੇ ਸੰਤਾਂ ਦੀ 73ਵੀਂ ਬਰਸੀ ਡੇਰੇ ਦੇ ਗੱਦੀ ਨਸ਼ੀਨ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਅਤੇ ਸੰਤ ਡਾ. ਲਸ਼ਮਣ ਦਾਸ ਕੈਨੇਡਾ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਿੰਦਰ ਪਾਲ ਪੰਡਵਾਂ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਜਸਵਿੰਦਰ ਸਿੰਘ ਡਾਂਡੀਆ ਖਜ਼ਾਨਚੀ, ਸੰਤ ਨਿਰਮਲ ਸਿੰਘ ਅਵਾਦਾਨ, ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੋਆਬਾ, ਸੰਤ ਹਾਕਮ ਦਾਸ ਸੰਧਵਾਂ, ਸੰਤ ਆਤਮਾ ਦਾਸ ਅੱਪਰਾ, ਸੰਤ ਬਲਵੀਰ ਦਾਸ ਸਾਹਰੀ, ਸੰਤ ਗੁਰਮੀਤ ਰਾਮ ਹਾਜੀਪੁਰ, ਸੰਤ ਸਤਨਾਮ ਸਿੰਘ ਨਰੂੜ, ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਗੰਗੋਤਰੀ ਦਾਸ ਫਗਵਾੜਾ, ਸੰਤ ਸੁਖਦੇਵ ਦਾਸ ਚੱਕਕਲਾਲ, ਸੰਤ ਸ਼ਾਮ ਦਾਸ ਝੰਡੇਰਾਂ, ਸੰਤ ਗੁਰਮੀਤ ਦਾਸ, ਸੰਤ ਹਰਵਿੰਦਰ ਲੱਲੀਆ, ਸੰਤ ਮਹਿੰਦਰਪਾਲ ਬੀਰਮਪੁਰ, ਸੰਤ ਕਪੂਰ ਦਾਸ ਜਲੰਧਰ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਸੰਤ ਮਹਾਂਪੁਰਸ਼ਾਂ ਅਤੇ ਕੀਰਤਨ ਜਥਿਆਂ ਵਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਬਸਪਾ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, 'ਆਪ' ਆਗੂ ਕੁਲਜੀਤ ਸਿੰਘ ਸਰਹਾਲ, 'ਆਪ' ਆਗੂ ਬੀਬੀ ਹਰਜੋਤ ਕੌਰ ਲੋਹਟੀਆ, ਕਾਂਗਰਸ ਪਾਰਟੀ ਦੇ ਆਗੂ ਕਮਲਜੀਤ ਬੰਗਾ ਵਿਸ਼ੇਸ਼ ਤੌਰ ਤੇ ਪਹੁੰਚੇ। ਗੱਦੀ ਨਸ਼ੀਨ ਸੰਤ ਕੁਲਵੰਤ ਰਾਮ ਵਲੋਂ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ, ਰਾਜਨੀਤਿਕ ਆਗੂਆਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਤ ਕੀਤਾ ਤੇ ਸਾਰਿਆਂ ਦਾ ਧੰਨਵਾਦ ਕੀਤਾ।



# ਪੰਜਾਬ ਸਰਕਾਰ ਨੇ ਨੈਸ਼ਨਲ ਟੈਸਟ ਹਾਊਸ ਨਾਲ ਹੱਥ ਮਿਲਾਇਆ : ਅਮਨ ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਸੂਬੇ ਦੇ ਉਦਯੋਗਿਕ ਈਕੋਸਿਸਟਮ ਅਤੇ ਇਸ ਦੀਆਂ ਵਿਸ਼ਵਵਿਆਪੀ ਸਮਰੱਥਾਵਾਂ ਨੂੰ ਵੱਡਾ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਨੇ ਵਿਸ਼ਵ ਪੱਧਰੀ ਟੈਸਟਿੰਗ ਅਤੇ ਸਰਟੀਫਿਕੇਸ਼ਨ ਸਹੂਲਤਾਂ ਸੂਬੇ ਦੇ ਉਦਯੋਗਿਕ ਕੇਂਦਰਾਂ ਨੂੰ ਉਨ੍ਹਾਂ ਦੇ ਨਜ਼ਦੀਕ ਪ੍ਰਦਾਨ ਕਰਨ ਵਾਸਤੇ ਨੈਸ਼ਨਲ ਟੈਸਟ ਹਾਊਸ (ਐੱਨ ਟੀ ਐੱਚ) ਨਾਲ ਭਾਈਵਾਲੀ ਕੀਤੀ ਹੈ। ਇਹ ਭਾਈਵਾਲੀ ਕੰਪਲਾਇੰਸ ਲਾਗਤਾਂ ਅਤੇ ਮਿਆਰੀ ਉਤਪਾਦਾਂ ਦੇ ਨਿਰਮਾਣ 'ਤੇ ਲੱਗਣ ਵਾਲਾ ਸਮਾਂ ਘਟਾਉਣ ਦੇ ਨਾਲ ਨਾਲ ਐੱਮ ਐੱਸ ਐੱਮ ਈਜ਼ ਅਤੇ ਨਿਰਯਾਤਕਾਂ ਲਈ ਬਿਹਤਰ ਲਾਭ ਯਕੀਨੀ ਬਣਾਏਗੀ। ਪੰਜਾਬ ਸਰਕਾਰ ਦੇ ਉਦਯੋਗ ਅਤੇ ਵਣਜ ਵਿਭਾਗ ਅਤੇ ਐੱਨ ਟੀ ਐੱਚ ਦਰਮਿਆਨ ਇਹ ਭਾਈਵਾਲੀ ਬੰਗਲੁਰੂ ਵਿੱਚ ਐੱਨ ਟੀ ਐੱਚ ਦੇ 115ਵੇਂ ਸਥਾਪਨਾ ਦਿਵਸ ਸਮਾਰੋਹ ਦੌਰਾਨ ਕੀਤੀ ਗਈ। ਇਸ ਸਮਝੌਤੇ ਦੇ ਦਸਤਾਵੇਜ਼ ਉਦਯੋਗ ਅਤੇ ਵਣਜ ਵਿਭਾਗ ਦੇ ਡਾਇਰੈਕਟਰ ਜਸਪ੍ਰੀਤ ਸਿੰਘ ਤੇ ਐੱਨ ਟੀ ਐੱਚ ਦੇ ਡਾਇਰੈਕਟਰ ਜਨਰਲ ਡਾ. ਆਲੋਕ ਕੁਮਾਰ ਸ੍ਰੀਵਾਸਤਵ ਦਰਮਿਆਨ ਐਕਸਚੇਂਜ ਕੀਤੇ ਗਏ। ਇਸ ਭਾਈਵਾਲੀ ਦਾ ਸਵਾਗਤ ਕਰਦਿਆਂ ਅਮਨ ਅਰੋੜਾ ਨੇ ਕਿਹਾ, ਪੰਜਾਬ ਦੇ ਐੱਮ ਐੱਸ ਐੱਮ ਈਜ਼ ਅਤੇ ਨਿਰਯਾਤਕ ਗੁਣਵੱਤਾ ਰਾਹੀਂ ਵਿਸ਼ਵ ਪੱਧਰੀ ਬਾਜ਼ਾਰਾਂ ਤੱਕ ਪਹੁੰਚ ਬਣਾ ਸਕਦੇ ਹਨ। ਸਾਡੇ ਉਦਯੋਗਿਕ ਕਲੱਸਟਰਾਂ ਦੇ ਨੇੜੇ ਉੱਨਤ ਟੈਸਟਿੰਗ ਸਹੂਲਤਾਂ ਲਿਆ ਕੇ, ਅਸੀਂ ਸਥਾਨਕ ਉੱਦਮਾਂ ਨੂੰ ਉਤਪਾਦ ਦੀ ਗੁਣਵੱਤਾ ਵਧਾਉਣ, ਨਿਯਮਾਂ ਦੀ ਪਾਲਣਾ ਸਬੰਧੀ ਲਾਗਤਾਂ ਨੂੰ ਘਟਾਉਣ ਅਤੇ ਵਿਸ਼ਵ ਪੱਧਰ 'ਤੇ ਵਧੇਰੇ ਵਿਸ਼ਵਾਸ ਨਾਲ ਮੁਕਾਬਲਾ ਕਰਨ ਵਿੱਚ ਮਦਦ ਕਰਾਂਗੇ। ਇਸ ਸਮਝੌਤੇ ਦੇ ਹਿੱਸੇ ਵਜੋਂ, ਨਾਰਥਨ ਇੰਡੀਅਨ ਇੰਸਟੀਚਿਊਟ ਆਫ਼ ਫੈਸ਼ਨ ਟੈਕਨਾਲੋਜੀ (ਐਨਆਈਆਈਐਫਟੀ), ਜਲੰਧਰ ਵਿਖੇ ਇੱਕ ਅਤਿ-ਆਧੁਨਿਕ ਐਨਟੀਐਚ ਲੈਬ ਸਥਾਪਤ ਕੀਤੀ ਜਾਵੇਗੀ, ਜੋ ਕਿ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਦੇ ਉਦਯੋਗਿਕ ਕੇਂਦਰਾਂ ਨੂੰ ਸੇਵਾਵਾਂ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਹ ਸਹੂਲਤ ਖੇਡਾਂ ਦੇ ਸਮਾਨ, ਟੈਕਸਟਾਈਲ, ਚਮੜਾ, ਹੈਂਡ ਟੂਲ, ਆਟੋ ਕੰਪੋਨੈਂਟ ਅਤੇ ਫੂਡ ਪ੍ਰੋਸੈਸਿੰਗ ਸਮੇਤ ਮੁੱਖ ਖੇਤਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗੀ।




# ਪ੍ਰਕਾਸ਼ ਪੁਰਬ ਨੂੰ ਸਮਰਪਤ ਸੂਬੇ ਭਰ 'ਚ ਕਰਵਾਏ ਜਾਣਗੇ ਡਰੋਨ ਸ਼ੋਅ

**ਜਲੰਧਰ (ਸ਼ੈਲੀ ਐਲਬਰਟ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੂਬੇ ਭਰ ਵਿੱਚ ਡ੍ਰੋਨ ਸ਼ੋਅ ਕਰਵਾਏ ਜਾ ਰਹੇ ਹਨ, ਜਿਸ ਤਹਿਤ ਅਗਲੇ ਮਹੀਨੇ ਜਲੰਧਰ ਜ਼ਿਲ੍ਹੇ 'ਚ ਵੱਖ-ਵੱਖ ਸਥਾਨਾਂ 'ਤੇ ਅਜਿਹੇ 6 ਸ਼ੋਅ ਕਰਵਾਏ ਜਾਣਗੇ।

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਅਤੇ ਪੰਜਾਬ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਅਤੇ ਸੰਤ ਸਮਾਜ ਦੇ ਮੈਂਬਰਾਂ ਨਾਲ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਪ੍ਰੋਗਰਾਮ ਬਾਰੇ ਵਿਸਥਾਰਪੂਰਵਕ ਦੱਸਿਆ।

ਉਨ੍ਹਾਂ ਕਿਹਾ ਕਿ ਡ੍ਰੋਨ ਸ਼ੋਅ ਵਿੱਚ ਸ਼ਾਨਦਾਰ ਦ੍ਰਿਸ਼ਾਂ ਦੇ ਜ਼ਰੀਏ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਫ਼ਲਸਫੇ ਅਤੇ ਸਿੱਖਿਆਵਾਂ ਨੂੰ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕ ਬਲਕਾਰ ਸਿੰਘ ਅਤੇ ਇੰਦਰਜੀਤ ਕੌਰ ਮਾਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ, ਪੰਜਾਬ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾਰੀ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ 'ਆਪ' ਦੇ ਸੀਨੀਅਰ ਆਗੂ ਪਿੰਦਰ ਪੰਡੋਰੀ, ਸੱਜਣ ਸਿੰਘ ਚੀਮਾ, ਰਾਜਵਿੰਦਰ ਕੌਰ ਥਿਆੜਾ ਤੇ ਹਰਜੋਤ ਕੌਰ ਵੀ ਮੌਜੂਦ ਸਨ। ਜਲੰਧਰ ਜ਼ਿਲ੍ਹੇ ਵਿੱਚ ਹੋਣ ਵਾਲੇ 6 ਸ਼ੋਅ ਜਲੰਧਰ ਸ਼ਹਿਰ, ਨਕੋਦਰ, ਸ਼ਾਹਕੋਟ, ਫਿਲੌਰ, ਆਦਮਪੁਰ ਅਤੇ ਕਰਤਾਰਪੁਰ ਖੇਤਰ ਨੂੰ ਕਵਰ ਕਰਨਗੇ।

ਸ੍ਰੀ ਭਗਤ ਅਤੇ ਸ੍ਰੀ ਬਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਇਤਿਹਾਸਕ ਪਹਿਲਕਦਮੀ ਕੀਤੀ ਹੈ। ਇਸ ਤਹਿਤ ਦਸਤਾਵੇਜ਼ੀ ਫਿਲਮਾਂ ਦਾ ਪ੍ਰਦਰਸ਼ਨ, ਬੂਟੇ ਲਗਾਉਣ ਦੀਆਂ ਮੁਹਿੰਮਾਂ, ਕੀਰਤਨ ਦਰਬਾਰ, ਸੈਮੀਨਾਰ ਅਤੇ ਮੈਰਾਥਨ ਵਰਗੇ ਪ੍ਰੋਗਰਾਮ ਪਹਿਲਾਂ ਹੀ ਕਰਵਾਏ ਜਾ ਚੁੱਕੇ ਹਨ।



# ਸਾਹਿਤ ਵਿਗਿਆਨ ਕੇਂਦਰ ਦੀ ਮਾਸਿਕ ਇਕੱਤਰਤਾ

**ਚੰਡੀਗੜ੍ਹ (ਸੁਰਜੀਤ ਸੁਮਨ)**-ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਮੀਟਿੰਗ ਰੋਟਰੀ ਭਵਨ ਵਿਖੇ ਹੋਈ, ਜਿਸ ਦੇ ਪ੍ਰਧਾਨਗੀ ਮੰਡਲ ਵਿਚ ਡਾ. ਮਨਜੀਤ ਸਿੰਘ ਬੱਲ, ਪ੍ਰਸਿੱਧ ਸਾਹਿਤਕਾਰਾ ਪਰਮਜੀਤ ਕੌਰ ਪਰਮ, ਕੇਂਦਰ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਢਿੱਲੋਂ, ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਅਤੇ ਸਟੇਜ ਸਕੱਤਰ ਭਰਪੂਰ ਸਿੰਘ ਸ਼ਾਮਲ ਸਨ। ਸ਼ੁਰੂ ਵਿਚ ਕੇਂਦਰ ਦੇ ਪ੍ਰਧਾਨ ਨੇ ਜੀ ਆਇਆਂ ਆਖਦਿਆਂ ਦੱਸਿਆ ਕਿ ਉਹ ਆਸਟ੍ਰੇਲੀਆ ਜਾ ਰਹੇ ਹਨ ਅਤੇ ਕੇਂਦਰ ਚਲਾਉਣ ਦੀ ਜ਼ਿੰਮੇਵਾਰੀ ਪਰਮਜੀਤ ਪਰਮ, ਭਰਪੂਰ ਸਿੰਘ ਅਤੇ ਬਲਵਿੰਦਰ ਸਿੰਘ ਢਿੱਲੋਂ ਨੂੰ ਸੌਂਪ ਰਹੇ ਹਨ। ਉਨ੍ਹਾਂ ਕੇਂਦਰ ਦੇ ਮੈਂਬਰਾਂ ਨੂੰ ਨਵੀਂ ਟੀਮ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਮੌਕੇ ਪ੍ਰਤਾਪ ਪਾਰਸ, ਰੂਪ ਸਿੰਘ ਦਿਓਲ, ਦਰਸ਼ਨ ਤਿਉਣਾ, ਰਤਨ ਬਾਬਕਵਾਲਾ, ਸੁਖਦੇਵ ਸਿੰਘ ਕਾਹਲੋਂ, ਲਾਭ ਸਿੰਘ ਲਹਿਲੀ, ਹਰਜੀਤ ਸਿੰਘ, ਤਰਸੇਮ ਰਾਜ, ਮਲਕੀਤ ਨਾਗਰਾ, ਮੰਦਰ ਗਿੱਲ ਸਾਹਿਬਚੰਦੀਆ, ਬਲਵਿੰਦਰ ਸਿੰਘ ਢਿੱਲੋਂ ਅਤੇ ਭਰਪੂਰ ਸਿੰਘ ਨੇ ਵਧੀਆ ਪੰਜਾਬੀ ਗੀਤ ਗਾ ਕੇ ਸਰੋਤੇ ਝੂਮਣ ਲਾ ਦਿੱਤੇ। ਇਸੇ ਤਰ੍ਹਾਂ ਗੁਰਮੇਲ ਸਿੰਘ ਮੌਜੋਵਾਲ, ਨਰਿੰਦਰ ਕੌਰ ਲੌਂਗੀਆ, ਸੁਰਿੰਦਰ ਕੁਮਾਰ, ਸਵਰਨਜੀਤ ਸਿੰਘ, ਤਿਲਕ ਸੇਠ (ਹਿੰਦੀ ਵਿਚ), ਬਲਜੀਤ ਕੌਰ ਢਿੱਲੋਂ, ਮਨਦੀਪ ਸੋਹਲ, ਭਗਵੰਤ ਸਿੰਘ, ਸ਼ਮਸ਼ੇਰ ਸਿੰਘ ਗਾਫਿਲ, ਜਸ਼ਨਦੀਪ ਕੌਰ, ਸਰਬਜੀਤ ਸਿੰਘ ਪੱਡਾ, ਗੁਰਦਰਸ਼ਨ ਸਿੰਘ ਮਾਵੀ, ਰਜਿੰਦਰ ਰੇਣੂੰ, ਮਲਕੀਤ ਬਸਰਾ ਆਦਿ ਨੇ ਵੀ ਸਮਾਜਿਕ ਸਰੋਕਾਰ ਵਾਲੀਆਂ ਖੂਬਸੂਰਤ ਕਵਿਤਾਵਾਂ ਪੇਸ਼ ਕੀਤੀਆਂ। ਬਾਬੂ ਰਾਮ ਦੀਵਾਨਾ, ਪ੍ਰਲਾਦ ਸਿੰਘ, ਮਹਿੰਦਰ ਸਿੰਘ ਗੋਸਲ ਨੇ ਤਰੰਨਮ ਵਿਚ ਗਜ਼ਲਾਂ ਪੇਸ਼ ਕੀਤੀਆਂ।ਡਾ. ਬੱਲ ਨੇ ਪ੍ਰਧਾਨਗੀ ਭਾਸ਼ਨ ਵਿਚ ਦੱਸਿਆ ਕਿ ਉਹਨਾਂ ਵਲੋਂ ਬਣਾਈ ਲਘੂ ਫਿਲਮ 12 ਸਤੰਬਰ ਨੂੰ ਟੀ ਐੱਸ ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ ਵਿਖਾਈ ਜਾਏਗੀ। ਉਹਨਾਂ ਨੇ ਇਸ ਫਿਲਮ ਦਾ ਇਕ ਗੀਤ ਗਾ ਕੇ ਸੁਣਾਇਆ। ਸਟੇਜ ਸੰਚਾਲਨ ਭਰਪੂਰ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ।



# ਕੌਰਨੀਆ ਬਲਾਈਂਡਨੈੱਸ ਤੇ ਆਈ ਡੋਨੇਸ਼ਨ ਸੈਮੀਨਾਰ 5 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਕੌਰਨੀਆ ਅੰਨ੍ਹੇਪਣ ਤੋਂ ਪੀੜਤ ਮਰੀਜ਼ਾਂ ਨੂੰ ਨਵੀਂ ਰੌਸ਼ਨੀ ਪ੍ਰਦਾਨ ਕਰਨ ਅਤੇ ਲੋਕਾਂ ਵਿੱਚ ਨੇਤਰ ਦਾਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਮੰਤਵ ਨਾਲ ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਦੇ ਵਫ਼ਦ ਨੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ। ਵਫ਼ਦ ਨੇ ਡਿਪਟੀ ਕਮਿਸ਼ਨਰ ਨੂੰ 5 ਸਤੰਬਰ ਨੂੰ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਦੇ ਆਡੀਟੋਰੀਅਮ ਵਿੱਚ ਕਰਵਾਏ ਜਾ ਰਹੇ ਕੌਰਨੀਆ ਬਲਾਈਂਡਨੈੱਸ ਐਂਡ ਆਈ ਡੋਨੇਸ਼ਨ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਸੱਦਾ ਦਿੱਤਾ। ਵਫ਼ਦ ਦੀ ਅਗਵਾਈ ਕਲੱਬ ਦੇ ਪ੍ਰਧਾਨ ਰੋਟੇਰੀਅਨ ਰਾਕੇਸ਼ ਕਪੂਰ ਨੇ ਕੀਤੀ। ਉਨ੍ਹਾਂ ਨਾਲ ਸਾਬਕਾ ਪ੍ਰਧਾਨ ਅਤੇ ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਅਵਤਾਰ ਸਿੰਘ, ਸਾਬਕਾ ਪ੍ਰਧਾਨ ਰੋਟੇਰੀਅਨ ਮਨੋਜ ਓਹਰੀ ਅਤੇ ਰੋਟੇਰੀਅਨ ਜਗਮੀਤ ਸਿੰਘ ਸੇਠੀ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਨੂੰ ਕਲੱਬ ਦੇ ਫਲੈਗਸ਼ਿਪ ਪ੍ਰੋਜੈਕਟ ਗਿਫ਼ਟ ਆਫ਼ ਸਾਈਟ ਬਾਰੇ ਜਾਣਕਾਰੀ ਦਿੱਤੀ, ਜੋ ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਅਤੇ ਰੋਟਰੀ ਕਲੱਬ ਪਲੇਨੋ ਮੈਟਰੋ, ਟੈਕਸਾਸ (ਅਮਰੀਕਾ) ਦੇ ਸਾਂਝੇ ਉਪਰਾਲੇ ਤਹਿਤ ਚਲਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਰੋਟਰੀ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੇਤਰ ਦਾਨ ਮਨੁੱਖਤਾ ਦੀ ਸਭ ਤੋਂ ਉੱਚੀ ਸੇਵਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀ ਵੱਲੋਂ ਮੌਤ ਉਪਰੰਤ ਕੀਤਾ ਗਿਆ ਨੇਤਰ ਦਾਨ ਦੋ ਵਿਅਕਤੀਆਂ ਦੀ ਜ਼ਿੰਦਗੀ ਵਿੱਚ ਚਾਨਣ ਭਰ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਸਮਾਜ ਵਿੱਚ ਨੇਤਰ ਦਾਨ ਨੂੰ ਲੈ ਕੇ ਕਈ ਤਰ੍ਹਾਂ ਦੇ ਭਰਮ ਅਤੇ ਗਲਤ ਧਾਰਨਾਵਾਂ ਮੌਜੂਦ ਹਨ, ਜਿਨ੍ਹਾਂ ਨੂੰ ਦੂਰ ਕਰਨ ਲਈ ਅਜਿਹੇ ਸੈਮੀਨਾਰ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਸ ਦੌਰਾਨ ਕਲੱਬ ਦੇ ਪ੍ਰਤੀਨਿਧੀਆਂ ਨੇ ਦੱਸਿਆ ਕਿ ਸੈਮੀਨਾਰ ਵਿੱਚ ਪ੍ਰਸਿੱਧ ਨੇਤਰ ਰੋਗ ਮਾਹਿਰ, ਸਮਾਜ ਸੇਵੀ ਅਤੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਸ਼ਿਰਕਤ ਕਰਨਗੇ।



# ਗੁਰਸੇਵਕ ਦੇ ਪਰਵਾਰ ਵੱਲੋਂ ਇਨਸਾਫ਼ ਦੀ ਮੰਗ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**-ਹੈੱਡ ਮਾਸਟਰ ਗੁਰਸੇਵਕ ਸਿੰਘ ਦੇ ਕਾਤਲ ਜਲਦੀ ਫੜਨ ਦਾ ਦਾਅਵਾ ਕਰਨ ਵਾਲੀ ਮੋਹਾਲੀ ਪੁਲਸ ਵੱਲੋਂ ਸਿਰਫ ਖੋਖਲੇ ਦਾਅਵੇ ਹੀ ਕੀਤੇ ਗਏ ਪਰ ਜ਼ਮੀਨੀ ਪੱਧਰ ਤੇ ਕੁੱਝ ਨਹੀਂ ਕੀਤਾ ਗਿਆ। ਮਰਹੂਮ ਹੈਡਮਾਸਟਰ ਗੁਰਸੇਵਕ ਸਿੰਘ ਦੀ ਪਤਨੀ ਰਘਬੀਰ ਕੌਰ ਨੇ ਖਰੜ ਕੋਰਟ ਦੇ ਸਾਹਮਣੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਦੇ ਮਰਹੂਮ ਪਤੀ ਦਾ ਕਾਤਲ ਪੁਲਸ ਵੱਲੋਂ ਦਿੱਲੀ ਏਅਰਪੋਟ ਤੇ ਫੜਨ ਦਾ ਦਾਅਵਾ ਕਰਕੇ ਕਿਹਾ ਗਿਆ ਕਿ ਉਹ ਜਲਦੀ ਹੀ ਸਾਰੇ ਦੋਸ਼ੀਆਂ ਨੂੰ ਫੜ ਲਵੇਗੀ ਪਰ ਪੁਲਸ ਵੱਲੋਂ ਸੱਤ ਦਿਨ ਰਿਮਾਂਡ ਲੈ ਕੇ ਖੀਸੇ ਖਾਲੀ ਹੀ ਰਹੇ ਤੇ ਖਰੜ ਅਦਾਲਤ ਵਿੱਚ ਪੁਲਸ ਕਾਤਲ ਦਾ ਹੋਰ ਰਿਮਾਂਡ ਮੰਗਣ ਦੀ ਬਜਾਏ ਜੁਡੀਸ਼ਲੀ ਕਾਰਵਾਈ ਦੀ ਮੰਗ ਕਰਦੀ ਨਜ਼ਰ ਆਈ ।ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਪ੍ਰਧਾਨ ਹਰਜੀਤ ਸਿੰਘ ਬਸੋਤਾ,ਜਿਲਾ ਪ੍ਰਧਾਨ ਗੁਰਜੀਤ ਸਿੰਘ ਤੇ ਫੈਡਰੇਸ਼ਨ ਵਿਗਿਆਨਿਕ ਦੇ ਸੂਬਾ ਜਨਰਲ ਸਕੱਤਰ ਐਨ ਡੀ ਤਿਵਾੜੀ ਨੇ ਕਿਹਾ ਕਿ ਮੋਹਾਲੀ ਪੁਲਸ ਵੱਲੋਂ ਮਰਹੂਮ ਹੈਡਮਾਸਟਰ ਗੁਰਸੇਵਕ ਸਿੰਘ 'ਤੇ ਇੱਕ ਮਈ ਦੀ ਕਾਤਲਾਨਾ ਵਾਰਦਾਤ 'ਤੇ ਕਾਰਵਾਈ ਕਰਨ ਦੀ ਬਜਾਏ ਚੁੱਪ ਚਾਪ ਸੁੱਤੀ ਰਹੀ ਤੇ ਜਿਸ ਦੇ ਨਤੀਜੇ ਵਜੋ 5 ਅਗਸਤ ਨੂੰ ਉਹਨਾਂ ਦੇ ਘਰ ਦੇ ਸਾਹਮਣੇ ਕਾਤਲਾਂ ਵੱਲੋਂ ਕੀਤੇ ਜਾਨਲੇਵਾ ਹਮਲੇ ਨੇ ਉਹਨਾਂ ਨੂੰ ਸਾਥੋਂ ਖੋ ਲਿਆ ।ਪਰ ਪੁਲਸ ਦੀ ਢਿੱਲੀ ਕਾਰਵਾਈ ਨੇ ਇਸ ਕਤਲ ਦੀ ਵਾਰਦਾਤ ਵਿਚ ਸ਼ਾਮਿਲ ਪੰਜ ਦੋਸ਼ੀਆਂ ਵਿਚੋਂ ਸਿਰਫ ਇਕ ਨੂੰ ਹੀ ਫੜ ਪਾਈ ਤੇ ਸੱਤ ਦਿਨ ਦਾ ਰਿਮਾਂਡ ਲੈ ਕੇ ਵੀ ਉਸ ਕਾਤਲ ਤੋ ਹੱਤਿਆ ਵਿਚ ਸ਼ਾਮਿਲ ਚਾਰ ਹੋਰ ਦੋਸ਼ੀਆਂ ਬਾਰੇ ਕੁਝ ਜਾਣਕਾਰੀ ਪ੍ਰਾਪਤ ਨਹੀਂ ਕਰ ਸਕੀ, ਸਗੋਂ ਫੜੇ ਕਾਤਲ ਦਾ ਹੋਰ ਰਿਮਾਂਡ ਲੈਣ ਦੀ ਬਜਾਏ ਉਹਦੇ ਲਈ ਜੂਡੀਸ਼ਲੀ ਕਾਰਵਾਈ ਹੀ ਮੰਗ ਲਈ ।ਮਰਹੂਮ ਹੈਡਮਾਸਟਰ ਦਾ ਪਰਵਾਰ ਤੇ ਅਧਿਆਪਕ ਜਥੇਬੰਦੀਆਂ ਵੱਲੋਂ ਸਾਰੇ ਕਾਤਲਾਂ ਨੂ ਫੜਨ ਲਈ ਐਸ ਐਸ ਪੀ ਮੋਹਾਲੀ ,ਏ ਡੀ ਜੀ ਪੀ ਬਿਊਰੋ ਆਫ ਇਨਵੈਸਟਿੰਗ ਪੰਜਾਬ, ਐੱਸ ਪੀ ਡੀ (ਕਰਾਈਮ) ਨਾਲ ਮੀਟਿੰਗ ਕੀਤੀ ਗਈ। ਸਾਰਿਆਂ ਵੱਲੋਂ ਜਲਦ ਸਾਰੇ ਕਾਤਲ ਫੜਨ ਤੇ ਸਖ਼ਤ ਸਜ਼ਾ ਕਰਾਉਣ ਦਾ ਵਿਸ਼ਵਾਸ ਹੀ ਦਿੱਤਾ ਗਿਆ ਪਰ ਕਾਰਵਾਈ ਕੋਈ ਨਹੀਂ ਹੋਈ ।ਇਸ ਲਈ ਮਰਹੂਮ ਹੈਡਮਾਸਟਰ ਦਾ ਪਰਿਵਾਰ ,ਸਮੂਹ ਅਧਿਆਪਕ ਮੁਲਾਜ਼ਮ ਜਥੇਬੰਦੀਆਂ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਮਰਹੂਮ ਹੈਡਮਾਸਟਰ ਦੇ ਪਰਵਾਰ ਨੂੰ ਇਨਸਾਫ਼ ਦਿਵਾਉਣ ਲਈ ਇਸ ਕੇਸ ਨਜਰਸਾਨੀ ਮੋਹਾਲੀ ਪੁਲਿਸ ਤੋ ਲੈ ਕੇ ਸਿਟ ਜਾ ਸੀਬੀਆਈ ਤੋ ਕਰਵਾਈ ਜਾਵੇ ਤਾਂ ਜੋ ਪਰਿਵਾਰ ਨੂੰ ਇਨਸਾਫ਼ ਮਿਲ ਸਕੇ ।ਇਸ ਮੌਕੇ ਹੈਡਮਾਸਟਰ ਵਿਸ਼ਾਲ ਕੁਮਾਰ , ਲਲਿਤ ਸਿੰਗਲਾ, ਸੁਰਜੀਤ ਸਿੰਘ, ਜਤਿੰਦਰ ਸਿੰਘ , ਪਵਨਦੀਪ ਸਿੰਘ, ਬਲਜੀਤ ਸਿੰਘ,ਹਰਵਿੰਦਰ ਸਿੰਘ, ਸੰਦੀਪ ਸਿੰਘ ਤੇ ਮਰਹੂਮ ਹੈਡਮਾਸਟਰ ਗੁਰਸੇਵਕ ਸਿੰਘ ਦੇ ਪਰਵਾਰਕ ਮੈਂਬਰ ਸ਼ਾਮਿਲ ਸਨ।



## ਬੱਚਿਆਂ ਦੀ ਉੱਚ ਵਿੱਦਿਆ ਲਈ ਰਾਕੇਸ਼ ਬੱਗਾ ਨੇ ਕੀਤਾ ਵੱਡਾ ਉਪਰਾਲਾ



**ਸਨੌਰ (ਰਾਜਿੰਦਰ ਸਿੰਘ ਥਿੰਦ)**- ਬੱਚੇ ਕਿਸੇ ਵੀ ਦੇਸ਼ ਅਤੇ ਸਮਾਜ ਦਾ ਸੁਨਹਿਰੀ ਭਵਿੱਖ ਹੁੰਦੇ ਹਨ।ਜੇਕਰ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਪੜ੍ਹਾਈ ਲਈ ਲੋੜੀਂਦੇ ਸਾਧਨ ਮੁਹੱਈਆ ਕਰਵਾਏ ਜਾਣ ਤਾਂ ਉਹ ਭਵਿੱਖ ਵਿੱਚ ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।ਇਸੇ ਸੋਚ ਨੂੰ ਮੁੱਖ ਰੱਖਦਿਆਂ ਰਾਕੇਸ਼ ਬੱਗਾ ਤੇ ਉਨ੍ਹਾਂ ਨਾਲ ਪਹੁੰਚੇ ਸਤਪਾਲ ਸਿੰਘ ਸਵਰਨ ਸਿੰਘ, ਜੱਗੀ, ਤਰਨਵੀਰ ਸਿੰਘ, ਬਲਵਿੰਦਰ ਸਿੰਘ ਫੌਜੀ ਵੱਲੋਂ ਬੱਚਿਆਂ ਦੀ ਉੱਚ ਵਿੱਦਿਆ ਨੂੰ ਉਤਸ਼ਾਹਤ ਕਰਨ ਲਈ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ।ਇਸ ਉਪਰਾਲੇ ਤਹਿਤ ਪਿੰਡ ਮੁਖਮੈਲਪੁਰ, ਚਿੜਵੀ ਤੇ ਤਾਜਲਪੁਰ ਵਿਖੇ ਬੱਚਿਆਂ ਨੂੰ ਪੜ੍ਹਾਈ ਵਿੱਚ ਸਹਾਇਤਾ ਦੇਣ ਲਈ ਕਾਪੀਆਂ, ਕਿਤਾਬਾਂ ਤੇ ਜ਼ਰੂਰੀ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ।ਬੱਚਿਆਂ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ।ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਸਾਫ ਨਜ਼ਰ ਆਈ।ਰਾਕੇਸ਼ ਬੱਗਾ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਬੱਚੇ ਦੇ ਜੀਵਨ ਨੂੰ ਬਦਲਣ ਦੀ ਸਭ ਤੋਂ ਵੱਡੀ ਤਾਕਤ ਹੈ।ਹਰ ਬੱਚੇ ਨੂੰ ਪੜ੍ਹਨ ਅਤੇ ਆਪਣੇ ਸੁਪਨੇ ਪੂਰੇ ਕਰਨ ਦਾ ਬਰਾਬਰ ਮੌਕਾ ਮਿਲਣਾ ਚਾਹੀਦਾ ਹੈ।ਕਈ ਵਾਰ ਆਰਥਿਕ ਮੁਸ਼ਕਲਾਂ ਕਾਰਨ ਬੱਚਿਆਂ ਨੂੰ ਪੜ੍ਹਾਈ ਲਈ ਲੋੜੀਂਦਾ ਸਮਾਨ ਪ੍ਰਾਪਤ ਕਰਨ ਵਿੱਚ ਦਿੱਕਤ ਆਉਂਦੀ ਹੈ।ਇਸ ਲਈ ਸਮਾਜ ਦੇ ਸਮਰੱਥ ਲੋਕਾਂ ਨੂੰ ਅੱਗੇ ਆ ਕੇ ਅਜਿਹੇ ਬੱਚਿਆਂ ਦੀ ਮਦਦ ਕਰਨੀ ਚਾਹੀਦੀ ਹੈ।ਬੱਗਾ ਜੀ ਨੇ ਇਹ ਵੀ ਸੰਦੇਸ਼ ਦਿੱਤਾ ਗਿਆ ਕਿ ਅੱਜ ਦੇ ਬੱਚੇ ਹੀ ਕੱਲ੍ਹ ਦੇ ਡਾਕਟਰ, ਅਧਿਆਪਕ, ਇੰਜੀਨੀਅਰ, ਅਫ਼ਸਰ, ਵਿਗਿਆਨੀ ਤੇ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਬਣਨਗੇ।ਇਸ ਲਈ ਉਨ੍ਹਾਂ ਦੀ ਸਿੱਖਿਆ ਵਿੱਚ ਕੀਤਾ ਗਿਆ ਨਿਵੇਸ਼ ਅਸਲ ਵਿੱਚ ਸਮਾਜ ਦੇ ਭਵਿੱਖ ਵਿੱਚ ਕੀਤਾ ਗਿਆ ਨਿਵੇਸ਼ ਹੈ।

## ਮੁਕੇਸ਼ ਕੁਮਾਰ ਪਿੰਟੂ ਮੁੜ ਸਰਬਸੰਮਤੀ ਨਾਲ ਪ੍ਰਧਾਨ ਚੁਣੇ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਸਨਾਤਨ ਧਰਮ ਭਾਰਤੀਆ ਮਹਾਵੀਰ ਦਲ ਸੇਵਾ ਸਮਿਤੀ ਦੀ ਇੱਕ ਜ਼ਰੂਰੀ ਮੀਟਿੰਗ ਦਲ ਦੇ ਸਰਪ੍ਰਸਤ ਨਿਰੰਜਨ ਦਾਸ ਗਰਗ ਟੁਸਰਾ ਵਾਲੇ ਦੀ ਪ੍ਰਧਾਨਗੀ ਹੇਠ ਵੈਭਵ ਕੁੰਜ ਤਿਲਕ ਨਗਰ ਵਿਖੇ ਹੋਈ।ਮੀਟਿੰਗ 'ਚ ਮੁਕੇਸ਼ ਕੁਮਾਰ ਪਿੰਟੂ ਭੱਠੇ ਵਾਲੇ ਨੂੰ ਸਰਬਸੰਮਤੀ ਨਾਲ ਮੁੜ ਦਲ ਦਾ ਪ੍ਰਧਾਨ ਚੁਣਿਆ ਗਿਆ।ਇਸ ਤੋਂ ਇਲਾਵਾ ਪ੍ਰਧਾਨ ਮੁਕੇਸ਼ ਕੁਮਾਰ ਨੂੰ ਦਲ ਦੀ ਮੈਨੇਜਮੈਂਟ ਚੁਣਨ ਦਾ ਅਧਿਕਾਰ ਦਿੱਤਾ ਗਿਆ।ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਗਵਾਨ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਦਲ ਵੱਲੋਂ ਪ੍ਰਾਚੀਨ ਦੁਰਗਾ ਮੰਦਰ ਦੇ ਸਾਹਮਣੇ ਠੰਢੇ ਪਾਣੀ ਦੀ ਛਬੀਲ ਲਗਾਈ ਜਾਵੇਗੀ।ਇਸ ਦੇ ਨਾਲ ਹੀ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੰਡੀ ਦੇ ਸਹਿਯੋਗ ਨਾਲ ਦੁਸਹਿਰੇ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ।ਇਸ ਮੌਕੇ ਨਿਰੰਜਨ ਦਾਸ ਗਰਗ, ਮੁਕੇਸ਼ ਕੁਮਾਰ ਗੋਇਲ, ਸੱਤਪਾਲ ਕਾਲਾ ਬਾਬਾ, ਸ਼ਿਵ ਕੁਮਾਰ ਚੋਪੜਾ, ਪ੍ਰਿੰਸ ਬੁੱਟਰ, ਸਾਹਿਲ ਗੋਇਲ ਆਦਿ ਹਾਜ਼ਰ ਸਨ।

## ਰੱਖੜ ਪੁੰਨਿਆ ਮੌਕੇ ਮਾਵਾਂ-ਭੈਣਾਂ ਨੂੰ ਸਨਮਾਨ ਰਾਸ਼ੀ ਦੇ ਕੇ ਮੁੱਖ ਮੰਤਰੀ ਨੇ ਨਿਭਾਇਆ ਵਾਅਦਾ : ਡਾ. ਜਵੰਧਾ



**ਭਵਾਨੀਗੜ੍ਹ (ਰਾਜ ਖੁਰਮੀ)**-ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਕਿਹਾ ਕਿ ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਸਾਹਿਬ ਦੀ ਇਤਿਹਾਸਕ ਧਰਤੀ 'ਤੇ ਕਰਵਾਏ ਸੂਬਾ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਮਾਵਾਂ-ਭੈਣਾਂ ਨੂੰ ਸਨਮਾਨ ਰਾਸ਼ੀ ਦੇਣਾ ਮਹਿਲਾ ਸਨਮਾਨ ਤੇ ਸਮਾਜਿਕ ਸੁਰੱਖਿਆ ਵੱਲ ਸਰਕਾਰ ਦਾ ਅਹਿਮ ਉਪਰਾਲਾ ਹੈ।ਡਾ. ਜਵੰਧਾ ਨੇ ਕਿਹਾ ਕਿ ਰੱਖੜੀ ਭੈਣ-ਭਰਾ ਦੇ ਪਵਿੱਤਰ ਪਿਆਰ, ਵਿਸ਼ਵਾਸ ਤੇ ਆਪਸੀ ਸਤਿਕਾਰ ਦਾ ਪ੍ਰਤੀਕ ਹੈ।ਇਸ ਪਵਿੱਤਰ ਦਿਹਾੜੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਾਬਾ ਬਕਾਲਾ ਸਾਹਿਬ ਵਿਖੇ ਸੂਬਾ ਪੱਧਰੀ ਸਮਾਗਮ ਵਿੱਚ ਸ਼ਿਰਕਤ ਕਰਕੇ ਪੰਜਾਬ ਵਾਸੀਆਂ ਨੂੰ ਰੱਖੜੀ ਦੀ ਵਧਾਈ ਦਿੱਤੀ ਤੇ ਮਾਵਾਂ-ਭੈਣਾਂ ਦੇ ਖਾਤਿਆਂ ਵਿੱਚ 3000 ਤੋਂ 4500 ਰੁਪਏ ਦੀ ਸਨਮਾਨ ਰਾਸ਼ੀ ਪਾ ਕੇ ਸਰਕਾਰ ਦੀ ਲੋਕ-ਪੱਖੀ ਸੋਚ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਸਮਾਜ ਦੀ ਅਸਲ ਤਰੱਕੀ ਤਾਂ ਹੀ ਸੰਭਵ ਹੈ, ਜਦੋਂ ਮਹਿਲਾਵਾਂ ਨੂੰ ਬਰਾਬਰ ਦਾ ਸਨਮਾਨ, ਸੁਰੱਖਿਆ ਤੇ ਆਰਥਿਕ ਮਜ਼ਬੂਤੀ ਮਿਲੇ।ਰੱਖੜੀ ਮੌਕੇ ਦਿੱਤੀ ਗਈ ਇਹ ਰਾਸ਼ੀ ਸਿਰਫ਼ ਵਿੱਤੀ ਸਹਾਇਤਾ ਨਹੀਂ, ਸਗੋਂ ਮਾਵਾਂ ਤੇ ਭੈਣਾਂ ਪ੍ਰਤੀ ਸਤਿਕਾਰ ਦਾ ਪ੍ਰਤੀਕ ਵੀ ਹੈ।ਡਾ. ਜਵੰਧਾ ਨੇ ਕਿਹਾ ਕਿ ਸਮਾਗਮ ਵਿੱਚ ਵੱਡੀ ਗਿਣਤੀ 'ਚ ਮਹਿਲਾਵਾਂ ਦੀ ਸ਼ਮੂਲੀਅਤ ਤੇ ਉਨ੍ਹਾਂ ਵੱਲੋਂ ਮੁੱਖ ਮੰਤਰੀ ਦਾ ਧੰਨਵਾਦ ਕਰਨਾ ਇਸ ਉਪਰਾਲੇ ਪ੍ਰਤੀ ਉਨ੍ਹਾਂ ਦੇ ਉਤਸ਼ਾਹ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੀ ਭਲਾਈ ਤੇ ਉਨ੍ਹਾਂ ਨੂੰ ਆਤਮਨਿਰਭਰ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

## ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਨਾਭਾ ਵੱਲੋਂ ਸਨਮਾਨ ਸਮਾਰੋਹ



**ਨਾਭਾ (ਅਮਨ ਗਰਗ)**-ਸ੍ਰੀ ਸਨਾਤਨ ਧਰਮ ਮਹਾਵੀਰ ਦਲ ਨਾਭਾ ਦੇ ਚੇਅਰਮੈਨ ਡਾਕਟਰ ਸਤਪਾਲ ਅਗਰਵਾਲ ਤੇ ਪ੍ਰਧਾਨ ਚਮਨ ਲਾਲ ਮਿੱਤਲ ਪੱਪੀ ਦੀ ਅਗਵਾਈ ਹੇਠ ਨਿੱਜੀ ਹੋਟਲ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ।ਇਸ ਸਮਾਰੋਹ ਦੇ ਮੁੱਖ ਮਹਿਮਾਨ ਪਰਮਿੰਦਰ ਬਾਂਸਲ ਭੋਲੀ ਤੇ ਉਨ੍ਹਾਂ ਦੀ ਸੁਪਤਨੀ ਵਰਸ਼ਾ ਬਾਂਸਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਸ੍ਰੀ ਸਨਾਤਨ ਧਰਮ ਮਹਾਵੀਰ ਦਲ ਨਾਭਾ ਵੱਲੋਂ ਹਰ ਸਾਲ ਦੀ ਤਰ੍ਹਾਂ ਮਾਤਾ ਸ੍ਰੀ ਨੈਣਾ ਦੇਵੀ ਜੀ ਵਿਖੇ ਲੰਗਰ ਲਗਾਇਆ ਜਾਂਦਾ ਹੈ, ਜੋ ਬਹੁਤ ਹੀ ਵਧੀਆ ਉਪਰਾਲਾ ਹੈ।ਉਨ੍ਹਾਂ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਸੰਸਥਾ ਵਿੱਚ ਵੱਧ ਚੜ੍ਹ ਕੇ ਸਹਿਯੋਗ ਕਰਦੇ ਰਹਿਣ।ਇਸ ਮੌਕੇ ਚੇਅਰਮੈਨ ਡਾਕਟਰ ਸਤਪਾਲ ਅਗਰਵਾਲ ਤੇ ਪ੍ਰਧਾਨ ਚਮਨ ਲਾਲ ਮਿੱਤਲ ਨੇ ਮੁੱਖ ਮਹਿਮਾਨ ਸਮਾਜ ਸੇਵੀ ਪਰਮਿੰਦਰ ਬਾਂਸਲ ਭੋਲੀ ਤੇ ਉਨ੍ਹਾਂ ਦੀ ਸੁਪਤਨੀ ਵਰਸ਼ਾ ਬਾਂਸਲ ਅਤੇ ਸਮੂਹ ਮੈਂਬਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਲੰਗਰ ਵਿੱਚ ਸੇਵਾ ਕਰਨ ਵਾਲਿਆਂ ਦਾ ਸਨਮਾਨ ਕਰਨਾ ਸਾਡਾ ਫਰਜ਼ ਹੈ।ਇਸ ਮੌਕੇ ਜਨਰਲ ਸਕੱਤਰ ਲਕਸ਼ਮਣ ਦਾਸ, ਦਫਤਰ ਸਕੱਤਰ ਰਕੇਸ਼ ਕੁਮਾਰ, ਕੈਸ਼ੀਅਰ ਦਵਿੰਦਰ ਕੌਸ਼ਲ, ਕੈਪਟਨ ਹੰਸ ਰਾਜ, ਸਟੋਰ ਇੰਚਾਰਜ ਧਰਮਿੰਦਰ ਕੁਮਾਰ ਤੇ ਚਮਕੌਰ ਸਿੰਘ, ਅਸ਼ਵਨੀ ਸਚਦੇਵਾ, ਰਾਜੇਸ਼ ਕੁਮਾਰ, ਸੁਰੇਸ਼ ਗੁਪਤਾ, ਚੰਦਰ ਪ੍ਰਕਾਸ਼, ਪਿਆਰਾ ਸਿੰਘ, ਅਨਿਲ ਕੁਮਾਰ ਅਰੋੜਾ, ਲੋਕੇਸ਼ ਬੋਨੀ, ਅਮਿਤ ਕੁਮਾਰ, ਸੁਮਿਤ ਕੁਮਾਰ, ਹੈਪੀ ਸ਼ਰਮਾ, ਕੇਵਲ ਸਿੰਘ, ਕਾਲੂ ਸ਼ਰਮਾ, ਪਵਨ ਸ਼ਰਮਾ, ਸਾਬੀ ਸਿੰਘ ਆਦਿ ਤੋਂ ਇਲਾਵਾ ਸੰਸਥਾ ਦੇ ਮੈਂਬਰ ਹਾਜ਼ਰ ਸਨ।

## ਮਰਾੜ੍ਹ ਤੇ ਦੀਪ ਸਿੰਘ ਵਾਲਾ ਦੇ ਨੌਜਵਾਨਾਂ, ਬਜ਼ੁਰਗਾਂ ਤੇ ਔਰਤਾਂ ਨੇ ਫੜਿਆ ਭਾਜਪਾ ਦਾ ਪੱਲਾ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਫ਼ਰੀਦਕੋਟ ਹਲਕੇ ਵਿੱਚ ਭਾਜਪਾ ਦਾ ਅਧਾਰ ਦਿਨ-ਬ-ਦਿਨ ਵਧੇਰੇ ਮਜ਼ਬੂਤ ਹੁੰਦਾ ਜਾ ਰਿਹਾ ਹੈ।ਫ਼ਰੀਦਕੋਟ ਵਿਧਾਨ ਸਭਾ ਕਨਵੀਨਰ ਗੌਰਵ ਕੱਕੜ ਦੀ ਸਰਗਰਮ ਅਗਵਾਈ ਹੇਠ ਚਲਾਈ ਜਾ ਰਹੀ ਚੋਣ ਮੁਹਿੰਮ ਦੌਰਾਨ ਹਲਕੇ ਦੇ ਪਿੰਡ ਮਰਾੜ੍ਹ ਤੇ ਦੀਪ ਸਿੰਘ ਵਾਲਾ ਵਿਖੇ ਪ੍ਰੋਗਰਾਮਾਂ ਦੌਰਾਨ ਪਾਰਟੀ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ, ਜਦੋਂ ਦੋਵਾਂ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ, ਬਜ਼ੁਰਗਾਂ ਤੇ ਮਹਿਲਾਵਾਂ ਨੇ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਦੁਖੀ ਹੋ ਕੇ ਭਾਜਪਾ ਵਿੱਚ ਸ਼ਮੂਲੀਅਤ ਦਾ ਐਲਾਨ ਕੀਤਾ।ਪਿੰਡ ਮਰਾੜ੍ਹ ਵਿਖੇ ਗੁਰਸੇਵਕ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਤੇ ਪਿੰਡ ਦੀਪ ਸਿੰਘ ਵਾਲਾ ਵਿੱਚ ਹੋਈਆਂ ਬੈਠਕਾਂ ਦੌਰਾਨ ਨੌਜਵਾਨ ਵਰਗ, ਇਲਾਕੇ ਦੇ ਤਜਰਬੇਕਾਰ ਬਜ਼ੁਰਗਾਂ ਤੇ ਪਰਵਾਰਾਂ ਦੀਆਂ ਔਰਤਾਂ ਵਿੱਚ ਭਾਜਪਾ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਮੌਕੇ ਫਰੀਦਕੋਟ ਵਿਧਾਨ ਸਭਾ ਕਨਵੀਨਰ ਗੌਰਵ ਕੱਕੜ ਨੇ ਕਿਹਾ ਕਿ ਸਭ ਵਰਗਾਂ ਦਾ ਸਮਰਥਨ, ਨੌਜਵਾਨਾਂ ਦਾ ਜੋਸ਼, ਬਜ਼ੁਰਗਾਂ ਦਾ ਆਸ਼ੀਰਵਾਦ ਤੇ ਮਹਿਲਾਵਾਂ ਦਾ ਮਿਲ ਰਿਹਾ ਸਮਰਥਨ ਇਹ ਸਾਬਿਤ ਕਰਦਾ ਹੈ ਕਿ ਲੋਕ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਕੇਂਦਰ ਦੀ ਬੀਜੇਪੀ ਸਰਕਾਰ ਦੀਆਂ ਵਿਕਾਸਮੁਖੀ ਨੀਤੀਆਂ 'ਤੇ ਪੂਰਾ ਵਿਸ਼ਵਾਸ ਜਤਾ ਰਹੇ ਹਨ।

## ਕੈਨੇਡੀਅਨ ਸ਼ਹਿਰ ਰੈੱਡ ਡੀਅਰ 'ਚ ਕੋਸਕੋ ਕੱਪ ਕਰਵਾਇਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਕੈਨੇਡਾ ਦੇ ਸ਼ਹਿਰ ਰੈੱਡ ਡੀਅਰ ਵਿੱਚ ਕੋਸਕੋ ਕੱਪ 2026 ਦਾ ਸ਼ਾਨਦਾਰ ਖੇਡ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਅਲਬਰਟਾ ਸਮੇਤ ਵੱਖ-ਵੱਖ ਸ਼ਹਿਰਾਂ ਤੋਂ ਆਈਆਂ ਕੁੱਲ 14 ਟੀਮਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਟੂਰਨਾਮੈਂਟ ਵਿੱਚ ਕੈਲਗਰੀ, ਐਡਮਿੰਟਨ, ਰੈੱਡ ਡੀਅਰ, ਮੈਡੀਸਨ ਹੈਟ ਤੇ ਸਰੀ ਸਮੇਤ ਵੱਖ-ਵੱਖ ਥਾਵਾਂ ਤੋਂ ਟੀਮਾਂ ਨੇ ਭਾਗ ਲਿਆ।ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਖੇਡਾਂ ਪ੍ਰਤੀ ਦਿਲਚਸਪੀ ਤੇ ਨੌਜਵਾਨਾਂ ਦੀ ਵੱਡੀ ਭਾਗੀਦਾਰੀ ਖਾਸ ਤੌਰ 'ਤੇ ਦੇਖਣ ਨੂੰ ਮਿਲੀ।ਅਲਬਰਟਾ ਦੀ ਮੁੱਢਲੀਆਂ ਤੇ ਰੋਕਥਾਮੀ ਸਿਹਤ ਸੇਵਾਵਾਂ ਬਾਰੇ ਮੰਤਰੀ ਮਾਣਯੋਗ ਐਡਰੀਆਨਾ ਲਾਗ੍ਰਾਂਜ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਖਿਡਾਰੀਆਂ ਤੇ ਪ੍ਰਬੰਧਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਉਤਸ਼ਾਹਤ ਕੀਤਾ।ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਤੇ ਦਰਸ਼ਕਾਂ ਨੇ ਵੀ ਪੂਰੇ ਜੋਸ਼ ਨਾਲ ਟੀਮਾਂ ਦਾ ਹੌਸਲਾ ਵਧਾਇਆ।ਨੌਰਥ ਈਸਟ ਪੰਜਾਬ ਕੈਲਗਰੀ ਦੀ ਟੀਮ ਕੋਸਕੋ ਕੱਪ 2026 ਦੀ ਜੇਤੂ ਰਹੀ।ਕੋਸਕੋ ਕੱਪ 2026 ਦੀ ਸਫਲਤਾ ਵਿੱਚ ਸਹਿਯੋਗੀਆਂ ਦਾ ਵੀ ਅਹਿਮ ਯੋਗਦਾਨ ਰਿਹਾ।ਇਸ ਮੌਕੇ ਸਹਿਯੋਗ ਦੇਣ ਵਾਲਿਆਂ ਵਿੱਚ ਨਿਸ਼ਾਨ ਸਿੰਘ ਸੰਧੂ, ਸਿਮਰਨਜੀਤ ਸਿੰਘ ਸਲੈਚ, ਉਜਵਲ ਕੌਸ਼ਿਕ, ਅਮਨਦੀਪ ਸਿੰਘ, ਬੈਂਸ, ਫੋਨਟੈਕ, ਗੁਰਪ੍ਰੀਤ ਸਿੰਘ ਨਾਗਰਾ, ਪ੍ਰਕਾਸ਼ ਢਾਬਾ, ਇੰਡੀਅਨ ਫਲੇਮ, ਪੈਟਰੋ ਕੈਨੇਡਾ ਤੇ ਐੱਮ.ਡੀ. ਮੋਟਰਜ਼ ਸ਼ਾਮਲ ਰਹੇ।ਇਸ ਮੌਕੇ ਤਾਜਵਿੰਦਰ ਸਿੰਘ ਭੰਡਾਰੀ, ਪਿੰਡ ਲੈਪੋ, ਪੰਜਾਬ ਤੇ ਸਮੂਹ ਪ੍ਰਬੰਧਕਾਂ ਵੱਲੋਂ ਸਾਰੇ ਖਿਡਾਰੀਆਂ, ਟੀਮਾਂ, ਦਰਸ਼ਕਾਂ, ਸਹਿਯੋਗੀਆਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# 70ਵੀਆਂ ਜ਼ਿਲ੍ਹਾ ਪੱਧਰੀ ਗਰਮ ਰੁੱਤ ਖੇਡਾਂ ਦੇ ਰਾਈਫ਼ਲ ਸ਼ੂਟਿੰਗ ਮੁਕਾਬਲੇ ਕਰਵਾਏ



**ਮਾਨਸਾ (ਆਤਮਾ ਸਿੰਘ ਪਮਾਰ)**

70ਵੀਆਂ ਜ਼ਿਲ੍ਹਾ ਪੱਧਰੀ ਗਰਮ ਰੁੱਤ ਖੇਡਾਂ ਤਹਿਤ ਰਾਈਫ਼ਲ ਸ਼ੂਟਿੰਗ ਦੇ ਮੁਕਾਬਲੇ ਭਾਈ ਬਹਿਲੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਫਫੜੇ ਭਾਈਕੇ ਵਿਖੇ ਕਰਵਾਏ ਗਏ।ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਪ੍ਰਿੰਸੀਪਲ ਕੁਲਦੀਪ ਸਿੰਘ ਬਲਾਕ ਨੋਡਲ ਅਫ਼ਸਰ ਮਾਨਸਾ ਵੱਲੋਂ ਨਿਭਾਈ ਗਈ।ਇਸ ਮੌਕੇ ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਅਹਿਮ ਹਿੱਸਾ ਹਨ ਤੇ ਰਾਈਫ਼ਲ ਸ਼ੂਟਿੰਗ ਵਰਗੀਆਂ ਖੇਡਾਂ ਖਿਡਾਰੀਆਂ 'ਚ ਇਕਾਗਰਤਾ, ਅਨੁਸ਼ਾਸਨ, ਸਬਰ ਤੇ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ।ਉਨ੍ਹਾਂ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਾਰ-ਜਿੱਤ ਤੋਂ ਉੱਪਰ ਉੱਠ ਕੇ ਖੇਡ ਭਾਵਨਾ ਨਾਲ ਮੈਦਾਨ 'ਚ ਉਤਰਨਾ ਹੀ ਇੱਕ ਸੱਚੇ ਖਿਡਾਰੀ ਦੀ ਪਹਿਚਾਣ ਹੈ।

ਇਨ੍ਹਾਂ ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਅਮ੍ਰਿਤਪਾਲ ਸਿੰਘ ਲੱਧੜ ਨੇ ਦੱਸਿਆ ਕਿ ਵੱਖ-ਵੱਖ ਉਮਰ ਵਰਗਾਂ ਤੇ ਸ਼੍ਰੇਣੀਆਂ ਵਿੱਚ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 10 ਮੀਟਰ ਏਅਰ ਪਿਸਟਲ ਅੰਡਰ-14 ਮੁੰਡੇ ਵਰਗ 'ਚ ਗੁਰਨੂਰ ਸਿੰਘ (ਜ਼ੋਨ ਫਫੜੇ ਭਾਈਕੇ) ਨੇ ਪਹਿਲਾ, ਹਰਵੀਰ ਸਿੰਘ (ਜ਼ੋਨ ਮਾਨਸਾ) ਨੇ ਦੂਜਾ ਤੇ ਯਸ਼ਨੂਰ ਸਿੰਘ (ਜ਼ੋਨ ਫਫੜੇ ਭਾਈਕੇ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।10 ਮੀਟਰ ਪੀਪ ਸਾਈਟ 'ਚ ਸਮਰਵੀਰ ਸਿੰਘ (ਜ਼ੋਨ ਫਫੜੇ ਭਾਈਕੇ) ਪਹਿਲੇ, ਗੁਰਕੁਦਰਤ ਸਿੰਘ (ਜ਼ੋਨ ਮਾਨਸਾ) ਦੂਜੇ ਤੇ ਦੀਪਇੰਦਰ ਸਿੰਘ (ਜ਼ੋਨ ਭੀਖੀ) ਤੀਜੇ ਸਥਾਨ 'ਤੇ ਰਹੇ।10 ਮੀਟਰ ਓਪਨ ਸਾਈਟ 'ਚ ਦਿਲਰਾਜ ਸਿੰਘ (ਜ਼ੋਨ ਫਫੜੇ ਭਾਈਕੇ) ਨੇ ਪਹਿਲਾ, ਸਿਫਤਵੀਰ ਸਿੰਘ (ਜ਼ੋਨ ਫਫੜੇ ਭਾਈਕੇ) ਨੇ ਦੂਜਾ ਤੇ ਜਾਵੇਸ਼ ਸ਼ਰਮਾ (ਜ਼ੋਨ ਭੀਖੀ) ਨੇ ਤੀਜਾ ਸਥਾਨ ਹਾਸਲ ਕੀਤਾ।

10 ਮੀਟਰ ਏਅਰ ਪਿਸਟਲ ਅੰਡਰ-14 ਕੁੜੀਆਂ ਵਰਗ ਵਿੱਚ ਜੈਸਮੀਨ ਕੌਰ (ਜ਼ੋਨ ਮਾਨਸਾ) ਪਹਿਲੇ, ਸੁਮਨਪ੍ਰੀਤ ਕੌਰ (ਜ਼ੋਨ ਭੀਖੀ) ਦੂਜੇ ਤੇ ਰਣਵੀਰ ਕੌਰ (ਜ਼ੋਨ ਭੀਖੀ) ਤੀਜੇ ਸਥਾਨ 'ਤੇ ਰਹੀ।10 ਮੀਟਰ ਪੀਪ ਸਾਈਟ 'ਚ ਐਸ਼ਰੀਤ ਕੌਰ (ਜ਼ੋਨ ਭੀਖੀ) ਨੇ ਪਹਿਲਾ, ਜੈਸਮੀਨ ਕੌਰ (ਜ਼ੋਨ ਭੀਖੀ) ਨੇ ਦੂਜਾ ਤੇ ਸਿਰਵਨਜੀਤ ਕੌਰ (ਜ਼ੋਨ ਬੁਢਲਾਡਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।10 ਮੀਟਰ ਓਪਨ ਸਾਈਟ 'ਚ ਨਿਮਰਤ ਕੌਰ (ਜ਼ੋਨ ਭੀਖੀ) ਪਹਿਲੇ, ਮਾਨਸੀ (ਜ਼ੋਨ ਫਫੜੇ ਭਾਈਕੇ) ਦੂਜੇ ਤੇ ਦਕਸ਼ਨੂਰ ਕੌਰ (ਜ਼ੋਨ ਬੋਹਾ) ਤੀਜੇ ਸਥਾਨ 'ਤੇ ਰਹੀ।

10 ਮੀਟਰ ਏਅਰ ਪਿਸਟਲ ਅੰਡਰ-17 ਮੁੰਡੇ ਵਰਗ 'ਚ ਉਦੈਵੀਰ ਸਿੰਘ ਸਿੱਧੂ (ਜ਼ੋਨ ਫਫੜੇ ਭਾਈਕੇ) ਨੇ ਪਹਿਲਾ, ਰੋਮਨਦੀਪ ਸਿੰਘ (ਜ਼ੋਨ ਬੁਢਲਾਡਾ) ਨੇ ਦੂਜਾ ਤੇ ਮਨਿੰਦਰ ਸਿੰਘ (ਜ਼ੋਨ ਫਫੜੇ ਭਾਈਕੇ) ਨੇ ਤੀਜਾ ਸਥਾਨ ਹਾਸਲ ਕੀਤਾ।10 ਮੀਟਰ ਪੀਪ ਸਾਈਟ 'ਚ ਇਵਤਾਸ਼ ਸਿੰਘ ਚਹਿਲ (ਜ਼ੋਨ ਭੀਖੀ) ਪਹਿਲੇ, ਕਰਨਵੀਰ ਸਿੰਘ (ਜ਼ੋਨ ਮਾਨਸਾ) ਦੂਜੇ ਤੇ ਜਸ਼ਨਪ੍ਰੀਤ ਸਿੰਘ (ਜ਼ੋਨ ਭੀਖੀ) ਤੀਜੇ ਸਥਾਨ 'ਤੇ ਰਹੇ।10 ਮੀਟਰ ਓਪਨ ਸਾਈਟ 'ਚ ਏਕਮਜੋਤ ਸਿੰਘ (ਜ਼ੋਨ ਬੋਹਾ) ਨੇ ਪਹਿਲਾ, ਗੁਰਨੂਰ ਸਿੰਘ (ਜ਼ੋਨ ਬੋਹਾ) ਨੇ ਦੂਜਾ ਅਤੇ ਸਤਗੁਰ ਪੁਰੀ (ਜ਼ੋਨ ਬੋਹਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।10 ਮੀਟਰ ਏਅਰ ਪਿਸਟਲ ਅੰਡਰ-17 ਕੁੜੀਆਂ ਵਰਗ ਵਿੱਚ ਪ੍ਰਭਜੋਤ ਸ਼ਰਮਾ (ਜ਼ੋਨ ਭੀਖੀ) ਪਹਿਲੇ, ਮਹਿਕਦੀਪ ਕੌਰ (ਜ਼ੋਨ ਭੀਖੀ) ਦੂਜੇ ਤੇ ਏਕਮਜੋਤ ਕੌਰ (ਜ਼ੋਨ ਭੀਖੀ) ਤੀਜੇ ਸਥਾਨ 'ਤੇ ਰਹੀ।10 ਮੀਟਰ ਪੀਪ ਸਾਈਟ 'ਚ ਹਰਮਨਦੀਪ ਕੌਰ (ਜ਼ੋਨ ਭੀਖੀ) ਨੇ ਪਹਿਲਾ, ਕਰਮਨਦੀਪ ਕੌਰ (ਜ਼ੋਨ ਭੀਖੀ) ਨੇ ਦੂਜਾ ਅਤੇ ਕੋਮਲਪ੍ਰੀਤ ਕੌਰ (ਜ਼ੋਨ ਬੋਹਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।10 ਮੀਟਰ ਓਪਨ ਸਾਈਟ 'ਚ ਰਮਨਪ੍ਰੀਤ ਕੌਰ (ਜ਼ੋਨ ਬੋਹਾ) ਪਹਿਲੇ, ਜਸ਼ਨਪ੍ਰੀਤ ਕੌਰ ਦੂਜੇ ਤੇ ਹਰਸਿਮਰਤ ਕੌਰ (ਜ਼ੋਨ ਬੁਢਲਾਡਾ) ਤੀਜੇ ਸਥਾਨ 'ਤੇ ਰਹੀ।10 ਮੀਟਰ ਏਅਰ ਪਿਸਟਲ ਅੰਡਰ-19 ਮੁੰਡੇ ਵਰਗ 'ਚ ਦਿਲਜੀਤ ਸਿੰਘ ਸਿੱਧੂ (ਜ਼ੋਨ ਫਫੜੇ ਭਾਈਕੇ) ਨੇ ਪਹਿਲਾ, ਪੁਖਰਾਜ ਮੋਦਗਿੱਲ (ਜ਼ੋਨ ਫਫੜੇ ਭਾਈਕੇ) ਨੇ ਦੂਜਾ ਤੇ ਏਕਮਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।10 ਮੀਟਰ ਪੀਪ ਸਾਈਟ 'ਚ ਮਨਤੇਸ਼ਵਰ ਸਿੰਘ (ਜ਼ੋਨ ਬੁਢਲਾਡਾ) ਨੇ ਪਹਿਲਾ, ਹਰਮਨ ਸਿੰਘ (ਜ਼ੋਨ ਫਫੜੇ ਭਾਈਕੇ) ਨੇ ਦੂਜਾ ਤੇ ਗੁਰਮੰਨਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।10 ਮੀਟਰ ਏਅਰ ਪਿਸਟਲ ਅੰਡਰ-19 ਕੁੜੀਆਂ ਵਰਗ ਵਿੱਚ ਹਰਸ਼ਇੰਦਰ ਸ਼ਰਮਾ (ਜ਼ੋਨ ਭੀਖੀ) ਨੇ ਪਹਿਲਾ, ਵੰਸਿਕਾ (ਜ਼ੋਨ ਮਾਨਸਾ) ਨੇ ਦੂਜਾ ਤੇ ਤਾਨਿਆ (ਜ਼ੋਨ ਭੀਖੀ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।10 ਮੀਟਰ ਪੀਪ ਸਾਈਟ 'ਚ ਜੈਸਮੀਨ ਕੌਰ (ਜ਼ੋਨ ਬੋਹਾ) ਨੇ ਪਹਿਲਾ, ਮਨਜੋਤ ਕੌਰ (ਜ਼ੋਨ ਬੋਹਾ) ਨੇ ਦੂਜਾ ਤੇ ਜਸ਼ਨਦੀਪ ਕੌਰ (ਜ਼ੋਨ ਬੋਹਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਸੁਸਾਇਟੀ ਦੇ ਸ਼ੈੱਡ ਲਈ ਵਿੱਤ ਮੰਤਰੀ ਵੱਲੋਂ ਤੀਹ ਲੱਖ ਦੀ ਗਰਾਂਟ



**ਦਿੜ੍ਹਬਾ (ਜਸਵੀਰ ਲਾਡੀ)**

ਇੱਥੋਂ ਨਾਲ ਪਿੰਡ ਦੀ ਕੋ-ਅਪ੍ਰੇਟਿਵ ਸੁਸਾਇਟੀ ਛਾਜਲੀ ਦਾ ਨਵਾਂ ਸ਼ੈੱਡ ਪਾਉਣ ਲਈ ਪੰਜਾਬ ਦੇ ਖਜ਼ਾਨਾ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ ਨੇ ਸਭਾ ਨੂੰ ਤੀਹ ਲੱਖ ਰੁਪਏ ਦਾ ਚੈੱਕ ਸੌਂਪਿਆ।ਸਭਾ ਦੇ ਪ੍ਰਧਾਨ ਮੁਖਤਿਆਰ ਸਿੰਘ ਸਿੱਧੂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਸਾਇਟੀ ਦੀ ਬਿਲਡਿੰਗ ਦੀ ਹਾਲਤਾ ਕਾਫ਼ੀ ਖ਼ਦਸ਼ਾ ਸੀ, ਜਿੱਥੇ ਕਦੇ ਵੀ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ, ਪਰ ਹੁਣ ਜਲਦੀ ਇਸ ਹੀ ਇਸ ਗ੍ਰਾਂਟ ਨਾਲ ਜਲਦੀ ਹੀ ਨਵੇਂ ਸ਼ੈੱਡ ਦੀ ਉਸਾਰੀ ਕੀਤੀ ਜਾਵੇਗੀ।

ਇਸ ਤੋਂ ਪਿੰਡ ਦੇ ਸਰਪੰਚ ਗੁਰਬਿਆਸ ਸਿੰਘ ਨੇ ਦੱਸਿਆ ਕਿ ਅੱਜ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਿੰਡ ਦੇ ਵਿਕਾਸ ਲਈ ਇੱਕ ਕਰੋੜ ਸਤਾਰਾਂ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ, ਜਿਸ ਵਿੱਚ 30 ਲੱਖ ਰੁਪਏ ਕੋ-ਆਪ੍ਰੇਟਿਵ ਸੁਸਾਇਟੀ ਛਾਜਲੀ, 10 ਲੱਖ ਰਾਮਦਾਸੀਆ ਧਰਮਸ਼ਾਲਾ ਦੀ ਉਸਾਰੀ ਲਈ, ਪਰਸੂਰਾਮ ਧਰਮਸ਼ਾਲਾ ਦੀ ਮੁਰੰਮਤ ਲਈ 5 ਲੱਖ, ਪਿੰਡ ਦੀਆਂ ਗਲੀਆਂ ਨਾਲੀਆਂ ਲਈ 10 ਲੱਖ, ਸ਼ਹੀਦ ਊਧਮ ਸਿੰਘ ਪਾਰਕ ਦੀ ਚਾਰਦੀਵਾਰੀ ਲਈ 5 ਲੱਖ, ਕਾਹਲ ਪੱਤੀ ਦੇ ਪਾਰਕ ਦੀ ਮੁਰੰਮਤ ਲਈ 5 ਲੱਖ, ਸਮਰਾਓ ਪੱਤੀ ਐੱਸ. ਸੀ. ਧਰਮਸ਼ਾਲਾ ਦੀ ਮੁਰੰਮਤ ਲਈ 10 ਲੱਖ, ਸਹਾਰਨਾ ਪੱਤੀ ਜਨਰਲ ਧਰਮਸ਼ਾਲਾ ਦੀ ਮੁਰੰਮਤ ਲਈ 7 ਲੱਖ, ਸਮਰਾਓ ਪੱਤੀ ਦੀ ਜਨਰਲ ਧਰਮਸ਼ਾਲਾ ਦੀ ਮੁਰੰਮਤ ਲਈ 5 ਲੱਖ, ਪੂੰਨੀਆਂ ਪੱਤੀ ਦੀ ਜਨਰਲ ਧਰਮਸ਼ਾਲਾ ਦੀ ਮੁਰੰਮਤ ਲਈ 5 ਲੱਖ, ਕਾਹਲ ਪੱਤੀ ਦੀ ਧਰਮਸ਼ਾਲਾ ਦੀ ਮੁਰੰਮਤ ਲਈ 5 ਲੱਖ, ਬਾਬਾ ਭਾਈ ਮੂਲ ਚੰਦ ਦੀ ਧਰਮਸ਼ਾਲਾ ਦੇ ਕਮਰੇ ਲਈ 5 ਲੱਖ, ਗਊਸ਼ਾਲਾ ਦਾ ਸ਼ੈੱਡ ਪਾਉਣ ਲਈ 10 ਲੱਖ ਤੇ ਸ਼੍ਰੋਮਣੀ ਭਗਤ ਧੰਨਾ ਜੱਟ ਯਾਦਗਾਰੀ ਪਾਰਕ ਵਿੱਚ ਕਮਰਾ ਬਣਾਉਣ ਲਈ 5 ਲੱਖ ਦਿੱਤਾ ਗਿਆ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ, ਸਮੂਹ ਮੈਂਬਰ ਤੇ ਸਟਾਫ, ਸਰਪੰਚ ਤੇ ਸਮੂਹ ਗ੍ਰਾਮ ਪੰਚਾਇਤ ਛਾਜਲੀ, ਹਰਬੰਸ ਸਿੰਘ ਸੂਚ ਆਮ ਆਦਮੀ ਪਾਰਟੀ ਜਾਇੰਟ ਸਕੱਤਰ ਕਿਸਾਨ ਵਿੰਗ ਪੰਜਾਬ, ਹਰਵਿੰਦਰ ਸਿੰਘ ਮੰਡੇਰ ਚੇਅਰਮੈਨ ਮਾਰਕਿਟ ਕਮੇਟੀ ਸਲੂਰ-ਘਰਾਟ, ਗੁਰਵਿੰਦਰ ਸਿੰਘ ਚੱਠਾ ਪੀ ਏ, ਨਰਿੰਦਰ ਕੌਰ ਭਰਾਜ, ਜਗਤਾਰ ਸਿੰਘ ਤਾਰਾ ਪੱਲੇਦਾਰ ਮਜ਼ਦੂਰ ਯੂਨੀਅਨ, ਮੈਡਮ ਸਿਮਰਨ ਜਿੰਦਲ, ਹਰਬੰਸ ਸਿੰਘ ਰਿਖੀ ਚੇਅਰਮੈਨ ਬ੍ਰਹਮਣ ਵੈੱਲਫੇਅਰ ਬੋਰਡ, ਗੁਰਸੇਵਕ ਸਿੰਘ ਧਾਲੀਵਾਲ ਪੰਚ ਆਦਿ ਹਾਜ਼ਰ ਸਨ।

## ਮਹਿਲਾ ਸਣੇ ਤਿੰਨ ਵਿਅਕਤੀ ਹੈਰੋਇਨ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਚੈਕਿੰਗ ਦੌਰਾਨ ਇੱਕ ਮਹਿਲਾ ਸਣੇ ਤਿੰਨ ਵਿਅਕਤੀਆਂ ਨੂੰ ਹੈਰੋਇਨ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਸ ਪਾਰਟੀ ਪੁਲ ਸੂਆ ਲਾਡਪੁਰ ਨਜ਼ਦੀਕ ਚੈਕਿੰਗ ਤੇ ਗਸ਼ਤ ਦੇ ਸਬੰਧ ਵਿੱਚ ਮੌਜੂਦ ਸੀ, ਜਿਸ ਦੌਰਾਨ ਪੁਲਸ ਕਰਮਚਾਰੀਆਂ ਵੱਲੋਂ ਸ਼ੱਕ ਦੇ ਆਧਾਰ ਤੇ ਡਿੰਪਲ ਕੌਰ, ਰਕੀਬ ਖ਼ਾਨ ਤੇ ਮਹਿੰਦਰ ਸਿੰਘ ਵਾਸੀਆਨ ਮੰਡੀ ਗੋਬਿੰਦਗੜ੍ਹ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਦੇ ਕਬਜ਼ੇ ਵਿੱਚੋਂ ਤਲਾਸ਼ੀ ਦੌਰਾਨ 6 ਗ੍ਰਾਮ ਹੈਰੋਇਨ ਬਰਾਮਦ ਹੋਈ।

ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 21/61/85 ਐੱਨ ਡੀ ਪੀ ਐਸ ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਡਿੰਪਲ ਕੌਰ, ਰਕੀਬ ਖ਼ਾਨ ਤੇ ਮਹਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਪੱਤਰਕਾਰ ਸਿੱਧੂ 'ਤੇ ਇੱਕ ਹੋਰ ਪਰਚਾ ਦਰਜ ਕਰਨਾ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ 'ਤੇ ਹਮਲਾ : ਖੰਨਾ

### ਲੋਕ ਸੰਘਰਸ਼ਾਂ ਦੀ ਆਵਾਜ਼ ਬਣਨ ਵਾਲੇ ਪੱਤਰਕਾਰਾਂ ਦਾ ਵਾਲ ਵਿੰਗਾ ਨਹੀਂ ਹੋਣ ਦੇਵਾਂਗੇ : ਮਨਜੀਤ ਧਨੇਰ

**ਲੁਧਿਆਣਾ (ਸਤੀਸ਼ ਸਚਦੇਵਾ)**

ਲੋਕ ਆਵਾਜ਼ ਟੀਵੀ ਦੇ ਪੱਤਰਕਾਰ ਮਨਿੰਦਰਜੀਤ ਸਿੰਘ ਸਿੱਧੂ ਉੱਪਰ ਖੁਦਕੁਸ਼ੀ ਲਈ ਉਕਸਾਉਣ ਦਾ ਪਰਚਾ ਦਰਜ ਕਰਨ ਦੀ ਵੱਖ ਵੱਖ ਇਨਕਲਾਬੀ ਜਮਹੂਰੀ ਜਨਤਕ ਜਥੇਬੰਦੀਆਂ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਭਾਕਿਯੂ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਧਨੇਰ, ਗੁਰਦੀਪ ਰਾਮਪੁਰਾ, ਹਰਨੇਕ ਸਿੰਘ ਮਹਿਮਾ ਜਮਹੂਰੀ ਅਧਿਕਾਰ ਸਭਾ ਦੇ ਆਗੂਆਂ ਜਸਵੰਤ ਜੀਰਖ, ਗੁਰਮੀਤ ਸੁਖਪੁਰਾ, ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸੂਬਾ ਸਤਿੰਦਰਪਾਲ ਸਿੰਘ ਜੱਸੜ, ਕੁਲਵੀਰ ਸਿੰਘ ਔਲਖ, ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂਆਂ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਬਲਵੰਤ ਸਿੰਘ ਬਰਨਾਲਾ, ਡੀਟੀਐੱਫ ਦੇ ਆਗੂਆਂ ਨਿਰਮਲ ਸਿੰਘ ਚੁਹਾਣਕੇ, ਬੇਅੰਤ ਸਿੰਘ ਫੂਲੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਪਿਛਲੇ ਲੰਬੇ ਸਮੇਂ ਤੋਂ ਪੱਤਰਕਾਰਾਂ ਤੇ ਸਿਆਸੀ ਵਿਰੋਧੀਆਂ ਦੀ ਆਵਾਜ਼ ਦਬਾਉਣ ਦਾ ਯਤਨ ਕਰ ਰਹੀ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਜਬਰ ਜ਼ੁਲਮ ਖਿਲਾਫ਼ ਲੋਕ ਟਾਕਰੇ ਦਾ ਐਲਾਨਨਾਮਾ-ਮਹਿਲ ਕਲਾਂ ਲੋਕ ਘੋਲ, ਦਿੱਲੀ ਦੇ ਇਤਿਹਾਸਕ ਕਿਸਾਨ ਘੋਲ ਤੇ ਹੁਣ ਜੰਤਰ ਮੰਤਰ 'ਤੇ ਵਿਦਿਆਰਥੀਆਂ ਦੇ ਇਤਿਹਾਸਿਕ ਜੇਤੂ ਘੋਲ ਨੇ ਲੋਕਾਂ ਨੂੰ ਬੋਲਣ ਦੀ ਜਾਗ ਲਾਈ ਹੈ ਅਤੇ ਲੋਕ ਹੁਣ ਇਨ੍ਹਾਂ ਕੋਰਟ ਕੇਸਾਂ ਤੇ ਜੇਲ੍ਹਾਂ, ਥਾਣਿਆਂ ਤੋਂ ਨਹੀਂ ਡਰਦੇ।ਇਸ ਲਈ ਪੰਜਾਬ ਸਰਕਾਰ ਨੂੰ ਪੱਤਰਕਾਰਾਂ ਖਿਲਾਫ਼ ਕੇਸ ਦਰਜ ਕਰਕੇ ਜਾਂ ਹੱਕ ਮੰਗਦੇ ਲੋਕਾਂ 'ਤੇ ਜਬਰ ਕਰਕੇ ਉਨ੍ਹਾਂ ਦੀ ਜ਼ੁਬਾਨ ਬੰਦੀ ਕਰਨ ਦਾ ਭਰਮ ਛੱਡ ਦੇਣਾ ਚਾਹੀਦਾ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੱਕ ਮੰਗਦੇ ਮਗਨਰੇਗਾ ਕਾਮਿਆਂ, ਮੁਲਾਜ਼ਮਾਂ, ਪੈਨਸ਼ਨਰਾਂ, 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ, ਕੰਪਿਊਟਰ ਅਧਿਆਪਕਾਂ, ਅਪ੍ਰੈਂਟਿਸ਼ਿਪ ਲਾਈਨਮੈਨਾਂ, ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਅਤੇ ਕਿਸਾਨਾਂ ਤੇ ਮਜ਼ਦੂਰਾਂ 'ਤੇ ਜਬਰ ਕਰਕੇ ਦੇਖ ਲਿਆ ਹੈ, ਪਰ ਜਿੰਨਾ ਜਬਰ ਹੁੰਦਾ ਹੈ ਲੋਕ ਉਸ ਤੋਂ ਵੱਧ ਸ਼ਕਤੀ ਨਾਲ ਉਠਦੇ ਹਨ। ਸੰਘਰਸ਼ਾਂ ਦੀ ਧਾਰ ਹੋਰ ਤੇਜ਼ ਹੁੰਦੀ ਹੈ।ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਇਹ ਝੂਠਾ ਪਰਚਾ ਰੱਦ ਕੀਤਾ ਜਾਵੇ।ਪੋਸਟਮਾਰਟਮ ਦੀ ਰਿਪੋਰਟ ਤੇ ਖੁਦਕੁਸ਼ੀ ਨੋਟ ਤੋਂ ਬਿਨਾਂ ਇਸ ਗੱਲ ਦਾ ਕੀ ਸਬੂਤ ਹੈ ਕਿ ਮਰਨ ਵਾਲੇ ਨੇ ਖੁਦਕਸ਼ੀ ਕੀਤੀ ਹੈ ਜਾਂ ਕੁਦਰਤੀ ਮੌਤ ਹੈ? ਆਗੂਆਂ ਨੇ ਕਿਹਾ ਕਿ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰਾਂ ਨੂੰ ਆਮ ਆਦਮੀ ਪਾਰਟੀ ਸਰਕਾਰ ਦੇ ਇਸ਼ਾਰਿਆਂ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਕਦੇ ਉਨ੍ਹਾਂ ਦੇ ਚੈਨਲ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਕਦੇ ਕੰਟੈਂਟ ਹਟਾਉਣ ਲਈ ਕਿਹਾ ਜਾਂਦਾ ਹੈ।ਆਗੂਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਤੋਂ ਬਾਜ਼ ਆਵੇ।ਲੋਕਾਂ ਦੀ ਆਵਾਜ਼ ਬਣਨ ਵਾਲੀਆਂ ਇਨ੍ਹਾਂ ਕਲਮਾਂ ਦਾ ਪੂਰੀ ਦ੍ਰਿੜ੍ਹਤਾ ਨਾਲ ਸਾਥ ਦਿੰਦਿਆਂ ਕਲਮ ਕਲਾ ਸੰਗਰਾਮ ਦੀ ਜੋਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

## ਪੰਜਾਬੀ ਯੂਨੀਵਰਸਿਟੀ ਵੱਲੋਂ ਫੀਸਾਂ 'ਚ ਕੀਤਾ ਵਾਧਾ ਵਾਪਸ ਲੈਣ ਦਾ ਫ਼ੈਸਲਾ

### ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ ਫ਼ੈਸਲਾ ਲਿਆ : ਡਾ. ਜਗਦੀਪ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬੀ ਯੂਨੀਵਰਸਿਟੀ ਵੱਲੋਂ ਫੀਸਾਂ ਵਿੱਚ ਕੀਤਾ ਗਿਆ ਹਾਲੀਆ ਵਾਧਾ ਪੂਰੀ ਤਰ੍ਹਾਂ ਵਾਪਸ ਲੈਣ ਦਾ ਫ਼ੈਸਲਾ ਲਿਆ ਗਿਆ ਹੈ।ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਯੂਨੀਵਰਸਿਟੀ ਕੈਂਪਸ ਵਿਖੇ ਯੂਨੀਵਰਸਿਟੀ ਅਥਾਰਿਟੀ ਦੇ ਉੱਚ ਅਧਿਕਾਰੀਆਂ ਦੀ ਇੱਕ ਅਹਿਮ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਵਿਦਿਆਰਥੀਆਂ ਦੀਆਂ ਮੰਗਾਂ ਤੇ ਹਿੱਤਾਂ ਨੂੰ ਮੁੱਖ ਰੱਖਦਿਆਂ ਸੈਸ਼ਨ 2026-27 ਦੌਰਾਨ ਟਿਊਸ਼ਨ/ਕੋਰਸ ਫੀਸ, ਰਜਿਸਟ੍ਰੇਸ਼ਨ ਫੀਸ ਤੇ ਹੋਸਟਲ ਫੀਸਾਂ ਵਿੱਚ ਕੀਤਾ ਗਿਆ ਸਮੁੱਚਾ ਵਾਧਾ ਪੂਰਨ ਤੌਰ 'ਤੇ ਵਾਪਸ ਲੈਣ ਦਾ ਅਹਿਮ ਫੈਸਲਾ ਲਿਆ ਗਿਆ ਹੈ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬੀ ਯੂਨੀਵਰਸਿਟੀ ਨੇ ਇਹ ਅਹਿਮ ਫ਼ੈਸਲਾ ਲਿਆ ਹੈ।ਉਨ੍ਹਾਂ ਦੱਸਿਆ ਕਿ ਇਹ ਫ਼ੈਸਲਾ ਵਿਦਿਆਰਥੀ ਨੁਮਾਇੰਦਿਆਂ ਤੇ ਹੋਰ ਹਿੱਸੇਦਾਰਾਂ ਵੱਲੋਂ ਫੀਸ ਵਾਧੇ ਸਬੰਧੀ ਪ੍ਰਗਟਾਈਆਂ ਗਈਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਵਿਚਾਰਨ ਉਪਰੰਤ ਲਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਖੇਤਰ ਦੇ ਲੋਕਾਂ ਨੂੰ ਪਹੁੰਚਯੋਗ ਤੇ ਕਿਫ਼ਾਇਤੀ ਉੱਚ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਯੂਨੀਵਰਸਿਟੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਵਚਨਬੱਧਤਾ ਨੂੰ ਧਿਆਨ ਵਿੱਚ ਰੱਖਦਿਆਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਪ੍ਰਸਤਾਵਿਤ ਫੀਸ ਵਾਧੇ ਨੂੰ ਪੂਰੀ ਤਰ੍ਹਾਂ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ 2026-27 ਦੇ ਅਕਾਦਮਿਕ ਸੈਸ਼ਨ ਲਈ ਫੀਸਾਂ ਦਾ ਢਾਂਚਾ ਪਿਛਲੇ ਅਕਾਦਮਿਕ ਸੈਸ਼ਨ ਦੌਰਾਨ ਲਾਗੂ ਫੀਸਾਂ ਦੇ ਪੱਧਰ 'ਤੇ ਹੀ ਕਾਇਮ ਰਹੇਗਾ ਤੇ ਫੀਸਾਂ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਰਹੇਗੀ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਭਲਾਈ ਤੇ ਅਕਾਦਮਿਕ ਹਿੱਤ ਯੂਨੀਵਰਸਿਟੀ ਦੀ ਸਭ ਤੋਂ ਵੱਡੀ ਤਰਜੀਹ ਹਨ।ਭਾਵੇਂ ਯੂਨੀਵਰਸਿਟੀ ਇਸ ਸਮੇਂ ਗੰਭੀਰ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਫਿਰ ਵੀ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕੋਈ ਵੀ ਯੋਗ ਵਿਦਿਆਰਥੀ ਆਰਥਿਕ ਮੁਸ਼ਕਲਾਂ ਕਾਰਨ ਮਿਆਰੀ ਉੱਚ ਸਿੱਖਿਆ ਤੋਂ ਵਾਂਝਾ ਨਾ ਰਹੇ।

## ਮਿਸ਼ਨ ਕਲੀਨ ਪੰਜਾਬ ਦਾ ਉਦੇਸ਼ ਲੋਕਾਂ 'ਚ ਸਫਾਈ ਪ੍ਰਤੀ ਜਾਗਰੂਕਤਾ ਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ : ਵਿਧਾਇਕ ਰਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਿਸ਼ਨ ਕਲੀਨ ਪੰਜਾਬ ਦੇ ਤਹਿਤ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਨਗਰ ਕੌਂਸਲ ਸਰਹਿੰਦ ਦੇ ਅਧੀਨ ਵਿਸ਼ਵਕਰਮਾ ਚੌਕ ਸਰਹਿੰਦ ਤੋਂ ਦੂਜੇ ਦਿਨ ਸਫਾਈ ਮੁਹਿੰਮ ਦੀ ਸ਼ੁਰੂਆਤ ਕਰਵਾਈ ਗਈ।ਇਸ ਮੌਕੇ ਵਿਧਾਇਕ ਰਾਏ ਨੇ ਕਿਹਾ ਕਿ ਮਿਸ਼ਨ ਕਲੀਨ ਪੰਜਾਬ ਦਾ ਉਦੇਸ਼ ਸਿਰਫ ਸਫਾਈ ਕਰਨਾ ਹੀ ਨਹੀਂ, ਸਗੋਂ ਲੋਕਾਂ ਵਿੱਚ ਸਫਾਈ ਪ੍ਰਤੀ ਜਾਗਰੂਕਤਾ ਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਹੈ।ਸਰਹਿੰਦ ਸ਼ਹਿਰ ਵਿੱਚ ਜਿੱਥੇ ਵੀ ਕੂੜੇ ਦੇ ਢੇਰ ਤੇ ਗੰਦਗੀ ਦੀ ਸਮੱਸਿਆ ਹੈ, ਉਨ੍ਹਾਂ ਦੀ ਵਿਸ਼ੇਸ਼ ਤੌਰ 'ਤੇ ਨਿਸ਼ਾਨਦੇਹੀ ਕਰਕੇ ਸਫਾਈ ਕਰਵਾਈ ਜਾਵੇਗੀ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਿਸ਼ਨ ਕਲੀਨ ਪੰਜਾਬ ਨੂੰ ਸਫਲ ਬਣਾਉਣ ਲਈ ਆਪਣਾ ਸਰਗਰਮ ਸਹਿਯੋਗ ਦੇਣ ਤੇ ਸ਼ਹਿਰ ਦੀ ਸਫਾਈ ਤੇ ਸੁੰਦਰੀਕਰਨ ਸਬੰਧੀ ਆਪਣੇ ਕੀਮਤੀ ਸੁਝਾਅ ਤੇ ਵਿਚਾਰ ਸਾਂਝੇ ਕਰਨ।

ਲੋਕਾਂ ਦੀ ਭਾਗੀਦਾਰੀ ਨਾਲ ਹੀ ਸਾਫ ਸੁਥਰਾ ਤੇ ਸੁੰਦਰ ਪੰਜਾਬ ਦਾ ਟੀਚਾ ਹਾਸਲ ਕੀਤਾ ਜਾ ਸਕਦਾ ਹੈ।ਜਲਦ ਹੀ ਸ਼ਹਿਰ ਵਾਸੀਆਂ ਨੂੰ ਕੂੜੇ ਤੋਂ ਨਿਜਾਤ ਦਿਵਾਉਣ ਲਈ ਇੱਕ ਨਵਾਂ ਪ੍ਰੋਜੈਕਟ ਲਿਆਂਦਾ ਜਾ ਰਿਹਾ ਹੈ, ਜਿਸ ਦੇ ਨਾਲ ਸ਼ਹਿਰ ਵਾਸੀ ਖੁਦ ਕੂੜਾ ਰਹਿਤ ਸ਼ਹਿਰ ਦੇਖਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਸਰਹੰਦ ਦੀ ਪ੍ਰਧਾਨ ਆਸ਼ਾ ਰਾਣੀ, ਕੌਂਸਲਰ ਅਸ਼ੀਸ਼ ਅੱਤਰੀ, ਕੌਂਸਲਰ ਪਵੇਲ ਹਾਂਡਾ, ਕੌਂਸਲਰ ਸਨੀ ਚੋਪੜਾ, ਦਿਲਪ੍ਰੀਤ ਭੱਟੀ, ਰਵਿੰਦਰ ਬਬਲਾ, ਹਿਤੇਸ਼ ਉੱਪਲ, ਮੋਹਿਤ ਸੂਦ, ਡਾ. ਸੁਨੀਤ ਕੁਮਾਰ, ਮਾਨਵ ਟਿਵਾਣਾ, ਗੋਲਡੀ, ਅਮਨ ਵੈਦ ਆਦਿ ਹਾਜ਼ਰ ਸਨ।

# ਨਵੀਂ ਪ੍ਰਮਾਣੂ ਸ਼ਕਤੀ ਏ ਆਈ ਦੀ ਗਲਤ ਵਰਤੋਂ ਹੀਰੋਸ਼ੀਮਾ ਨਾਗਾਸਾਕੀ ਵਰਗੇ ਹਾਲਾਤ ਪੈਦਾ ਕਰ ਸਕਦੀ : ਪ੍ਰੋ. ਵਿਵੇਕ ਲਾਲ




**ਸਮਰਾਲਾ (ਸੁਰਜੀਤ ਸਿੰਘ)**-ਕ੍ਰਿਤਿਮ ਬੁੱਧੀ (ਏ ਆਈ) ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇੱਕ ਬਦਲਾਅਕਾਰੀ ਸ਼ਕਤੀ ਵਜੋਂ ਉੱਭਰੀ ਹੈ, ਪਰ ਇਸ ਦੀ ਵਧਦੀ ਸਮਰੱਥਾ ਦੇ ਨਾਲ ਨੈਤਿਕਤਾ, ਜਵਾਬਦੇਹੀ, ਕਲੀਨਿਕਲ ਵਿਵੇਕ ਤੇ ਮਨੁੱਖੀ ਸੰਵੇਦਨਾਵਾਂ ਨੂੰ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ।ਇਹ ਗੱਲ ਪੀਜੀਆਈ ਚੰਡੀਗੜ੍ਹ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਪੀਜੀਆਈ ਦੇ ਜੀ.ਆਈ. ਸਰਜਰੀ, ਐੱਚਪੀਬੀ ਤੇ ਲਿਵਰ ਟ੍ਰਾਂਸਪਲਾਂਟ ਵਿਭਾਗ ਦੇ ਛੇਵੇਂ ਸਥਾਪਨਾ ਦਿਵਸ ਮੌਕੇ ਕਹੀ।ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਪ੍ਰੋ. ਲਾਲ ਨੇ ਏ ਆਈ ਨੂੰ ਨਵੀਂ ਪ੍ਰਮਾਣੂ ਸ਼ਕਤੀ ਦੱਸਿਆ ਤੇ ਕਿਹਾ ਕਿ ਇਸ ਦੀ ਅਪਾਰ ਸਮਰੱਥਾ ਦਾ ਲਾਭ ਮਰੀਜ਼ਾਂ ਨੂੰ ਤਾਂ ਹੀ ਮਿਲ ਸਕਦਾ ਹੈ, ਜੇਕਰ ਇਸ ਦੀ ਵਰਤੋਂ ਜ਼ਿੰਮੇਵਾਰੀ ਤੇ ਸਮਝਦਾਰੀ ਨਾਲ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਏ ਆਈ ਨਵੀਂ ਪ੍ਰਮਾਣੂ ਸ਼ਕਤੀ ਹੈ। ਜੇਕਰ ਪ੍ਰਮਾਣੂ ਸ਼ਕਤੀ ਦੀ ਗਲਤ ਵਰਤੋਂ ਕੀਤੀ ਜਾਵੇ ਤਾਂ ਹੀਰੋਸ਼ੀਮਾ ਤੇ ਨਾਗਾਸਾਕੀ ਵਰਗੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ।ਜੇਕਰ ਸਾਨੂੰ ਏ ਆਈ ਦੀ ਵਰਤੋਂ ਕਿਸੇ ਚੰਗੇ ਤੇ ਲੋਕ-ਹਿੱਤਕਾਰੀ ਉਦੇਸ਼ ਲਈ ਕਰਨੀ ਹੈ ਤਾਂ ਨੈਤਿਕਤਾ ਬਿਲਕੁਲ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਏ ਆਈ ਨੂੰ ਡਾਕਟਰੀ ਫੈਸਲੇ ਲੈਣ ਵਿੱਚ ਇੱਕ ਸ਼ਕਤੀਸ਼ਾਲੀ ਸਹਾਇਕ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਡਾਕਟਰਾਂ ਦੇ ਤਜਰਬੇ ਤੇ ਵਿਵੇਕ ਦੇ ਬਦਲ ਵਜੋਂ।ਪ੍ਰੋ. ਲਾਲ ਨੇ ਕਿਹਾ ਕਿ ਉਹ ਅੱਜ ਵੀ ਐੱਨ ਆਈ-ਨੈਚੁਰਲ ਇੰਟੈਲੀਜੈਂਸ ਵਿੱਚ ਵਿਸ਼ਵਾਸ ਰੱਖਦੇ ਹਨ।ਉਨ੍ਹਾਂ ਕਿਹਾ ਕਿ ਤਜਰਬਾ ਇੱਕ ਅਜਿਹੀ ਚੀਜ਼ ਹੈ, ਜਿਸ ਨੂੰ ਏ ਆਈ ਦੁਹਰਾ ਨਹੀਂ ਸਕਦਾ।ਪ੍ਰੋ. ਲਾਲ ਨੇ ਸਿਹਤ ਸੇਵਾਵਾਂ ਵਿੱਚ ਏ ਆਈ ਨਾਲ ਜੁੜੇ ਇੱਕ ਮਹੱਤਵਪੂਰਨ ਉੱਭਰਦੇ ਨੈਤਿਕ ਤੇ ਕਾਨੂੰਨੀ ਸਵਾਲ ਨੂੰ ਵੀ ਉਠਾਇਆ ਕਿ ਜਦੋਂ ਏ ਆਈ ਦੀ ਮਦਦ ਨਾਲ ਲਿਆ ਗਿਆ ਕੋਈ ਡਾਕਟਰੀ ਫੈਸਲਾ ਗਲਤ ਹੋ ਜਾਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ?

ਪ੍ਰੋਗਰਾਮ ਦੌਰਾਨ ਦਿਖਾਏ ਗਏ ਏ ਆਈ ਅਧਾਰਤ ਵਿਜ਼ੂਅਲਾਈਜ਼ੇਸ਼ਨ ਤੇ ਵੱਖ-ਵੱਖ ਐਪਲੀਕੇਸ਼ਨਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਤਕਨਾਲੋਜੀ ਆਧੁਨਿਕ ਸਿਹਤ ਸੇਵਾਵਾਂ ਤੇ ਸਰਜੀਕਲ ਪ੍ਰੈਕਟਿਸ 'ਤੇ ਪਹਿਲਾਂ ਹੀ ਪ੍ਰਭਾਵ ਪਾ ਰਹੀ ਹੈ।ਹਾਲਾਂਕਿ, ਉਨ੍ਹਾਂ ਜ਼ੋਰ ਦਿੱਤਾ ਕਿ ਸਭ ਤੋਂ ਵਧੀਆ ਨਤੀਜੇ ਉੱਨਤ ਤਕਨਾਲੋਜੀ, ਮਜ਼ਬੂਤ ਕਲੀਨਿਕਲ ਆਧਾਰ ਤੇ ਤਜਰਬੇ ਦੇ ਸੁਮੇਲ ਨਾਲ ਹੀ ਪ੍ਰਾਪਤ ਹੋ ਸਕਦੇ ਹਨ।ਪ੍ਰੋ. ਲਾਲ ਨੇ ਬਹੁਤ ਜ਼ਿਆਦਾ ਮਰੀਜ਼ਾਂ ਦੇ ਭਾਰ ਦੇ ਬਾਵਜੂਦ ਜੀ.ਆਈ. ਸਰਜਰੀ, ਐੱਚਪੀਬੀ ਅਤੇ ਲਿਵਰ ਟ੍ਰਾਂਸਪਲਾਂਟ ਵਿਭਾਗ ਦੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਹਰ ਸਾਲ ਲਗਭਗ 35 ਲੱਖ ਮਰੀਜ਼ਾਂ ਦਾ ਫੁੱਟਫਾਲ ਹੁੰਦਾ ਹੈ ਤੇ ਵਿਭਾਗ ਦੀਆਂ ਪ੍ਰਾਪਤੀਆਂ ਨੂੰ ਉਸ ਚੁਣੌਤੀਪੂਰਨ ਮਾਹੌਲ ਦੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਇੱਥੋਂ ਦੇ ਡਾਕਟਰ ਕੰਮ ਕਰਦੇ ਹਨ।ਪ੍ਰੋ. ਲਾਲ ਨੇ ਵਿਭਾਗ ਦੇ ਫੈਕਲਟੀ ਮੈਂਬਰਾਂ ਤੇ ਰੈਜ਼ੀਡੈਂਟ ਡਾਕਟਰਾਂ ਦੀ ਵਚਨਬੱਧਤਾ ਦੀ ਵੀ ਸ਼ਲਾਘਾ ਕੀਤੀ ਤੇ ਕਿਹਾ ਕਿ ਸੰਸਥਾ ਦੇ ਜਨ-ਜ਼ੈੱਡ ਡਾਕਟਰਾਂ ਦਾ ਉਤਸ਼ਾਹ ਤੇ ਦਖਲ ਇੱਥੋਂ ਦੇ ਮਜ਼ਬੂਤ ਅਕਾਦਮਿਕ ਤੇ ਕਲੀਨਿਕਲ ਮਾਹੌਲ ਦਾ ਪ੍ਰਤੀਬਿੰਬ ਹੈ।ਇਸ ਮੌਕੇ ਪ੍ਰੋ. ਰਾਜੇਸ਼ ਗੁਪਤਾ, ਡਾ. ਜੀ ਵੀ ਰਾਓ, ਡਾ. ਆਦਰਸ਼ ਚੌਧਰੀ ਤੇ ਡਾ. ਸੈਲੈਸ਼ ਵੀ ਸ੍ਰੀ ਖੰਡੇ ਨੇ ਵੀ ਸਿਹਤ ਸੇਵਾਵਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ।ਡਾ. ਸੁਰਿੰਦਰ ਰਾਣਾ ਪ੍ਰੋਫੈਸਰ ਗੈਸਟ੍ਰੋਐਂਟਰੋਲੋਜੀ ਵਿਭਾਗ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਤੇ ਸਾਰੇ ਵਿਸ਼ੇਸ਼ ਮਹਿਮਾਨਾਂ, ਬੁਲਾਰਿਆਂ, ਫੈਕਲਟੀ ਮੈਂਬਰਾਂ ਤੇ ਪ੍ਰਤੀਨਿਧੀਆਂ ਦਾ ਧੰਨਵਾਦ ਕੀਤਾ।

## ਗੁਰੂ ਰਵਿਦਾਸ ਜੀ ਦਾ ਜਨਮ ਸ਼ਤਾਬਦੀ ਸੰਬੰਧੀ ਸਮਾਗਮ ਕਰਵਾਇਆ



**ਭੁੰਨਰਹੇੜੀ/ਸਨੌਰ (ਰਾਜਿੰਦਰ ਸਿੰਘ ਥਿੰਦ)**- ਗੁਰੂ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਸਬੰਧੀ ਸਮਾਗਮ ਭੁੰਨਰਹੇੜੀ ਵਿਖੇ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਗੁਰੂ ਰਵਿਦਾਸ ਨੂੰ ਸਾਡਾ ਸੱਚਾ ਸਤਿਕਾਰ ਇਹ ਹੈ ਕਿ ਉਨ੍ਹਾਂ ਦੇ ਦਰਸਾਏ ਹੋਏ ਮਾਰਗ 'ਤੇ ਚੱਲੀਏ। ਗੁਰੂ ਜੀ ਨੇ ਜਿਸ ਬੇਗਮਪੁਰਾ ਦਾ ਸੰਕਲਪ ਉਸ ਸਮੇਂ ਸਮੁੱਚੀ ਮਨੁੱਖਤਾ ਲਈ ਦਿੱਤਾ, ਉਸ ਸੰਕਲਪ ਨੂੰ ਜੇ ਅੱਜ ਦਾ ਸਿਸਟਮ ਅਮਲੀ ਜਾਮਾ ਪਹਿਨਾਵੇ ਤਾਂ ਸਾਰੇ ਝਗੜਿਆਂ ਤੇ ਵਿਵਾਦ ਖਤਮ ਹੋ ਜਾਣਗੇ। ਉਨ੍ਹਾਂ ਕਿਹਾ ਕਿ ਬੇਗਮਪੁਰਾ ਦਾ ਸੰਕਲਪ ਭੇਦ ਭਾਵ ਖਤਮ ਕਰਨ ਤੇ ਬਰਾਬਰਤਾ ਦੀ ਗੱਲ 'ਤੇ ਹਰ ਤਰ੍ਹਾਂ ਨਿੰਦਰ ਤੇ ਕੇ ਬਰਾਬਰ ਦੀ ਇਜਾਜ਼ਤ ਦਿੰਦਾ ਹੈ।ਇਸ ਮੌਕੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਕਹਿੰਦੇ ਹਨ ਕਿ ਹਉਮੈ ਤੇ ਹੰਕਾਰ ਛੱਡੋ ਫਿਰ ਅਸੀਂ ਉਨ੍ਹਾਂ ਦੀ ਕਹੀ ਗੱਲ ਤੋਂ ਉਲਟ ਚੱਲ ਕੇ ਹਉਮੈ ਤੇ ਹੰਕਾਰ ਨੂੰ ਆਪਣਾ ਕੇ ਜਿੱਥੇ ਆਪਣੇ ਰਿਸ਼ਤੇ ਖਰਾਬ ਕਰਦੇ, ਉੱਥੇ ਸਮਾਜਿਕ ਰਿਸ਼ਤਿਆਂ ਵਿੱਚ ਵੀ ਤਰੇੜਾਂ ਪਾਉਂਦੇ ਹਾਂ। ਇਸ ਮੌਕੇ ਪ੍ਰੋਫੈਸਰ ਮੋਹਨ ਸਿੰਘ ਤਿਆਗੀ ਨੇ ਵੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦਾ ਜ਼ੋਰ ਦਿੱਤਾ ਤੇ ਗੁਰੂ ਜੀ ਦੀ ਬਾਣੀ ਸੰਬੰਧੀ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਇਸ ਮੌਕੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ ਦੇ ਹੈੱਡ ਗ੍ਰੰਥੀ ਅਵਤਾਰ ਸਿੰਘ ਨੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਢਾਡੀ ਰਾਗੀ ਤੇ ਕੀਰਤਨੀ ਜਥੇ ਨੇ ਵੀ ਸੰਗਤਾਂ ਨੂੰ ਗੁਰੂ ਜੀ ਦੀ ਬਾਣੀ ਰਾਹੀਂ ਨਿਹਾਲ ਕੀਤਾ। ਇਸ ਮੌਕੇ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੱਡਾ ਸਹਿਯੋਗ ਰਿਹਾ ਤੇ ਗੁਰੂ ਰਵਿਦਾਸ ਜੀ ਦਾ 650 ਸਾਲਾ ਸਮਾਗਮ ਸ਼ਤਾਬਦੀ ਸਮਾਗਮ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ।

## ਲੋਕ ਸੇਵਾ ਸੁਸਾਇਟੀ ਵੱਲੋਂ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ



**ਜਗਰਾਉਂ (ਅਮਿਤ ਖੰਨਾ)**-ਸਵਰਗਵਾਸੀ ਸ੍ਰੀਮਤੀ ਕਮਲੇਸ਼ ਰਾਣੀ ਦੀ ਤੀਸਰੀ ਬਰਸੀ ਨੂੰ ਸਮਰਪਤ ਵਿਸ਼ਨੂ ਰਾਈਸ ਮਿੱਲ ਅਜੀਤਵਾਲ ਵੱਲੋਂ ਲੋਕ ਸੇਵਾ ਸੁਸਾਇਟੀ ਰਜਿਸਟਰ ਜਗਰਾਉਂ ਤੇ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਅਤੇ ਸਿਹਤ ਵਿਭਾਗ ਪੰਜਾਬ ਦੇ ਸਹਿਯੋਗ ਨਾਲ 80ਵਾਂ ਅੱਖਾਂ ਦੇ ਚਿੱਟੇ ਮੋਤੀਏ ਦਾ ਮੁਫਤ ਆਪ੍ਰੇਸ਼ਨ ਕੈਂਪ ਲੰਮਿਆਂ ਵਾਲਾ ਬਾਗ ਨੇੜੇ ਡੀ ਏ ਵੀ ਕਾਲਜ ਜਗਰਾਉਂ ਵਿਖੇ ਲਗਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਦਨ ਲਾਲ ਅਰੋੜਾ, ਸੈਕਟਰੀ ਡਾਕਟਰ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲਗਾਏ ਇਸ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ 153 ਮਰੀਜ਼ਾਂ ਦਾ ਚੈੱਕਅਪ ਕਰਦਿਆਂ ਜਿੱਥੇ ਮਰੀਜ਼ਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੋਂ ਬਚਣ ਦੇ ਤਰੀਕੇ ਦੱਸੇ, ਉੱਥੇ ਉਨ੍ਹਾਂ ਲੋੜਵੰਦ ਮਰੀਜ਼ਾਂ ਨੂੰ ਅੱਖਾਂ ਦੀਆਂ ਦਵਾਈਆਂ ਮੁਫਤ ਦਿੱਤੀਆਂ। ਕੈਂਪ ਵਿੱਚ 44 ਮਰੀਜ਼ਾਂ ਦੀ ਚੋਣ ਕੀਤੀ ਗਈ, ਜਿਨਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਸ਼ੰਕਰਾ ਹਸਪਤਾਲ ਵਿੱਚ ਕਰਵਾਏ ਜਾਣਗੇ। ਇਸ ਮੌਕੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਮਦਨ ਨਾਲ ਅਰੋੜਾ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਜਿਨ੍ਹਾਂ ਮਰੀਜ਼ਾਂ ਦੇ ਅੱਖਾਂ ਦੇ ਆਪ੍ਰੇਸ਼ਨ ਕਰਵਾਏ ਜਾਂਦੇ ਹਨ, ਉਨ੍ਹਾਂ ਦਾ ਕੋਈ ਵੀ ਖਰਚ ਨਹੀਂ ਆਉਂਦਾ ਬਲਕਿ ਕੈਂਪ ਵਾਲੀ ਜਗ੍ਹਾ ਤੋਂ ਮਰੀਜ਼ ਨੂੰ ਹਸਪਤਾਲ ਲੈ ਕੇ ਜਾਣ ਤੇ ਵਾਪਸ ਆਪ੍ਰੇਸ਼ਨ ਤੋਂ ਬਾਅਦ ਮਰੀਜ਼ ਨੂੰ ਕੈਂਪ ਵਾਲੇ ਜਗ੍ਹਾ ਛੱਡਣ ਦਾ ਸਾਰਾ ਇੰਤਜ਼ਾਮ ਸੁਸਾਇਟੀ ਵੱਲੋਂ ਕੀਤਾ ਜਾਂਦਾ ਹੈ। ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਕੰਵਲ ਕੱਕੜ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ, ਪੀ ਆਰ ਓ ਸੁਖਦੇਵ ਗਰਗ, ਪ੍ਰਵੀਨ ਮਿੱਤਲ, ਗੋਪਾਲ ਗੁਪਤਾ, ਜਸਵੰਤ ਸਿੰਘ, ਆਰ ਕੇ ਗੋਇਲ, ਕੈਪਟਨ ਨਰੇਸ਼ ਵਰਮਾ, ਅਨਿਲ ਮਲਹੋਤਰਾ, ਲਕੇਸ਼ ਟੰਡਨ, ਰਾਜਪਾਲ ਜੈਨ, ਕਪਿਲ ਸ਼ਰਮਾ ਆਦਿ ਮੈਂਬਰਾਂ ਨੇ ਕੈਂਪ ਵਿੱਚ ਮਰੀਜ਼ਾਂ ਦੀ ਦੇਖਭਾਲ ਵਿੱਚ ਕਰਨ ਵਿੱਚ ਅਹਿਮ ਭੂਮਿਕਾ ਅਦਾ ਕੀਤੀ।

## ਡੀ ਏ ਵੀ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ




**ਰਾਜਪੁਰਾ (ਰਮੇਸ਼ ਕਟਾਰੀਆ)**-ਡੀ ਏ ਵੀ ਪਬਲਿਕ ਸਕੂਲ ਰਾਜਪੁਰਾ ਵਿਖੇ ਰੱਖੜੀ ਦਾ ਤਿਉਹਾਰ ਬੜੇ ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ ਗਿਆ।ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਵਿਦਿਆਰਥੀਆਂ ਨੇ ਰੱਖੜੀ ਨਾਲ ਸਬੰਧਤ ਕਵਿਤਾਵਾਂ ਤੇ ਭਾਸ਼ਣ ਪੇਸ਼ ਕਰਕੇ ਇਸ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਨੰਨ੍ਹੇ-ਮੁੰਨੇ ਬੱਚਿਆਂ ਨੇ ਰੰਗ-ਬਿਰੰਗੀਆਂ ਤੇ ਸੁੰਦਰ ਰੱਖੜੀਆਂ ਬਣਾਈਆਂ ਅਤੇ ਇੱਕ-ਦੂਜੇ ਦੀ ਕਲਾਈ 'ਤੇ ਰੱਖੜੀ ਬੰਨ੍ਹ ਕੇ ਭੈਣ-ਭਰਾ ਦੇ ਪਿਆਰ ਤੇ ਸਨੇਹ ਦਾ ਸੰਦੇਸ਼ ਦਿੱਤਾ।ਵਿਦਿਆਰਥੀਆਂ ਨੇ ਰੁੱਖਾਂ ਨੂੰ ਰੱਖੜੀ ਬੰਨ੍ਹ ਕੇ ਵਾਤਾਵਰਣ ਦੀ ਸੰਭਾਲ ਦਾ ਸੰਕਲਪ ਵੀ ਲਿਆ।ਪ੍ਰਿੰਸੀਪਲ ਅਲਪਨਾ ਪਾਠਕ ਨੇ ਵਿਦਿਆਰਥੀਆਂ ਨੂੰ ਰੱਖੜੀ ਦੀਆਂ ਸ਼ੁਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਪਿਆਰ, ਵਿਸ਼ਵਾਸ ਤੇ ਸੁਰੱਖਿਆ ਦੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਹੈ।ਉਨ੍ਹਾਂ ਨੇ ਸਭ ਨੂੰ ਕੁਦਰਤ ਦੀ ਰੱਖਿਆ ਲਈ ਪ੍ਰੇਰਿਤ ਕੀਤਾ।

## ਡੀ ਬੀ ਯੂ ਵੱਲੋਂ ਨੇਪਾਲੀ ਵਿਦਿਆਰਥੀਆਂ ਲਈ 'ਨੇਪਾਲ ਸਹਿਯੋਗ ਵਜ਼ੀਫ਼ਾ-2026' ਦਾ ਐਲਾਨ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਨੇ ਨੇਪਾਲ ਦੇ ਵਿਦਿਆਰਥੀਆਂ ਦੀ ਸਹਾਇਤਾ ਲਈ 'ਡੀਬੀਯੂ-ਨੇਪਾਲ ਸਹਿਯੋਗ ਵਜ਼ੀਫ਼ਾ-2026' ਦਾ ਐਲਾਨ ਕੀਤਾ ਹੈ।ਇਹ ਪਹਿਲ ਵਿਸ਼ੇਸ਼ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਦੇ ਪਰਿਵਾਰ ਹਾਲ ਹੀ ਵਿੱਚ ਆਈ ਕੁਦਰਤੀ ਆਫ਼ਤ ਤੋਂ ਪ੍ਰਭਾਵਿਤ ਹੋਏ ਹਨ।ਇਸ ਪਹਿਲ ਤਹਿਤ ਨੇਪਾਲ ਦੇ ਸਾਰੇ ਯੋਗ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੋਰਸ ਦੀ ਪੂਰੀ ਮਿਆਦ ਦੌਰਾਨ ਟਿਊਸ਼ਨ ਫੀਸ 'ਤੇ 25 ਫ਼ੀਸਦੀ ਵਜ਼ੀਫ਼ਾ ਪ੍ਰਦਾਨ ਕੀਤਾ ਜਾਵੇਗਾ।ਅੰਸ਼ਿਕ ਤੌਰ 'ਤੇ ਪ੍ਰਭਾਵਿਤ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ 50 ਫ਼ੀਸਦੀ ਤੱਕ ਵਜ਼ੀਫ਼ਾ, ਜਦਕਿ ਗੰਭੀਰ ਤੌਰ 'ਤੇ ਪ੍ਰਭਾਵਿਤ ਪਰਿਵਾਰਾਂ ਦੇ ਯੋਗ ਤੇ ਲੋੜਵੰਦ ਵਿਦਿਆਰਥੀਆਂ ਨੂੰ ਤਸਦੀਕ ਤੇ ਯੂਨੀਵਰਸਿਟੀ ਦੀ ਵਜ਼ੀਫ਼ਾ ਨੀਤੀ ਦੇ ਅਨੁਸਾਰ ਟਿਊਸ਼ਨ ਫੀਸ 'ਤੇ 100 ਫ਼ੀਸਦੀ ਤੱਕ ਵਜ਼ੀਫ਼ਾ ਦਿੱਤਾ ਜਾ ਸਕਦਾ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਕਿਹਾ ਕਿ ਡੀਬੀਯੂ-ਨੇਪਾਲ ਸਹਿਯੋਗ ਵਜ਼ੀਫ਼ਾ ਇਸ ਵਚਨਬੱਧਤਾ ਨੂੰ ਦਰਸਾਉਂਦਾ ਹੈ ਕਿ ਆਰਥਿਕ ਮੁਸ਼ਕਲਾਂ ਜਾਂ ਉਨ੍ਹਾਂ ਦੇ ਵੱਸ ਤੋਂ ਬਾਹਰ ਦੀਆਂ ਪਰਸਥਿਤੀਆਂ ਕਾਰਨ ਕੋਈ ਵੀ ਯੋਗ ਵਿਦਿਆਰਥੀ ਉੱਚ ਸਿੱਖਿਆ ਤੋਂ ਵਾਂਝਾ ਨਾ ਰਹੇ।ਦੇਸ਼ ਭਗਤ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. (ਡਾ.) ਹਰਸ਼ ਕੁਮਾਰ ਸਦਾਵਰਤੀ ਨੇ ਕਿਹਾ ਕਿ ਨੇਪਾਲੀ ਵਿਦਿਆਰਥੀ ਡੀਬੀਯੂ ਭਾਈਚਾਰੇ ਦਾ ਅਟੁੱਟ ਹਿੱਸਾ ਰਹੇ ਹਨ ਤੇ ਉਨ੍ਹਾਂ ਨੇ ਯੂਨੀਵਰਸਿਟੀ ਦੀਆਂ ਵੱਖ-ਵੱਖ ਫੈਕਲਟੀਆਂ ਤੇ ਵਿਸ਼ਿਆਂ ਵਿੱਚ ਸਿੱਖਿਆ ਪ੍ਰਾਪਤ ਕੀਤੀ ਹੈ।ਉਨ੍ਹਾਂ ਕਿਹਾ ਕਿ ਵਜ਼ੀਫ਼ਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸੁਚਾਰੂ ਅਕਾਦਮਿਕ ਤਬਦੀਲੀ ਯਕੀਨੀ ਬਣਾਉਣ ਲਈ ਯੂਨੀਵਰਸਿਟੀ ਵੱਲੋਂ ਅਕਾਦਮਿਕ ਮਾਰਗਦਰਸ਼ਨ, ਦਾਖ਼ਲਾ ਸਬੰਧੀ ਸਹਾਇਤਾ ਤੇ ਵਿਦਿਆਰਥੀ ਸਹਾਇਤਾ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।ਯੋਗ ਵਿਦਿਆਰਥੀ ਵਧੇਰੇ ਜਾਣਕਾਰੀ ਲਈ ਯੂਨੀਵਰਸਿਟੀ ਦੇ ਸੰਪਰਕ ਨੰਬਰ 82838-33333 ਜਾਂ 82838-11111 'ਤੇ ਸੰਪਰਕ ਕਰ ਸਕਦੇ ਹਨ।

## ਸ੍ਰੀ ਸ਼ਿਵ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਗਰਗ ਪਰਵਾਰ ਦਾ ਵਿਸ਼ੇਸ਼ ਸਨਮਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਨੂੰ ਲੈ ਕੇ ਬਾਘਾ ਪੁਰਾਣਾ ਸ਼ਹਿਰ ਵਿੱਚ ਧਾਰਮਿਕ ਉਤਸ਼ਾਹ ਤੇ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।ਸ਼ਹਿਰ ਦੇ ਮੰਦਰਾਂ, ਬਾਜ਼ਾਰਾਂ ਤੇ ਘਰਾਂ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦਿਹਾੜੇ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ।ਮੰਦਰਾਂ ਨੂੰ ਸੁੰਦਰ ਢੰਗ ਨਾਲ ਸਜਾਇਆ ਜਾ ਰਿਹਾ ਹੈ ਤੇ ਸ਼ਰਧਾਲੂਆਂ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਤੇ ਗੁਣਗਾਨ ਕੀਤਾ ਜਾ ਰਿਹਾ ਹੈ।ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਵੀ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਲੈ ਕੇ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ ਤੇ ਕ੍ਰਿਸ਼ਨ ਗਰਗ ਦੀ ਅਗਵਾਈ ਹੇਠ 4 ਸਤੰਬਰ ਨੂੰ ਸ੍ਰੀ ਸ਼ਿਵ ਮੰਦਰ ਧਰਮਸ਼ਾਲਾ, ਮੋਗਾ ਰੋਡ, ਬਾਘਾ ਪੁਰਾਣਾ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ।ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ ਤੇ ਕ੍ਰਿਸ਼ਨ ਗਰਗ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ ਵਿੱਚ 1 ਸਤੰਬਰ ਨੂੰ ਬਾਘਾ ਪੁਰਾਣਾ ਸ਼ਹਿਰ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਜਾਵੇਗੀ। ਇਸ ਸ਼ੋਭਾ ਯਾਤਰਾ ਨੂੰ ਹਰੀ ਝੰਡੀ ਦੇਣ ਦੀ ਰਸਮ ਬਾਸਪਤੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ ਪਰਵਾਰ ਵੱਲੋਂ ਇਸ ਸ਼ੋਭਾ ਯਾਤਰਾ ਨੂੰ ਰਵਾਨਾ ਕੀਤਾ ਜਾਵੇਗਾ। ਉਨ੍ਹਾਂ ਸ਼ਹਿਰ ਵਾਸੀਆਂ ਤੇ ਇਲਾਕੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਸ਼ੋਭਾ ਯਾਤਰਾ ਤੇ ਜਨਮ ਅਸ਼ਟਮੀ ਸਮਾਗਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ।ਇਸ ਮੌਕੇ ਅਸ਼ਵਨੀ ਸ਼ਰਮਾ ਰੋਸ਼ਨ ਲਾਲ ਰੋਸ਼ੀ ਸੰਦੀਪ ਗੋਇਲ ਠੰਡੂ ਬਿੰਦੂ ਜੈਦਕਾ, ਵਿਜੇ ਸ਼ਰਮਾ ਦੀਪੂ ਗੋਇਲ ਦਵਿੰਦਰ ਚੀਕਾ, ਸੰਦੀਪ ਗੋਇਲ ਸਾਹਿਲ ਗੋਇਲ, ਠਾਕਰ ਦਾਸ ਮਿੱਤਲ, ਰਿਚੀ ਗਰਗ ਵਿਨੇ ਸ਼ਰਮਾ, ਰਾਹੁਲ ਗਰਗ, ਦਵਿੰਦਰ ਬਾਸਲ, ਸੰਜੀਵ ਮਿੱਤਲ ਆੜ੍ਹਤੀ, ਮਿਲਣ ਗਰਗ ਤੇ ਹੋਰ ਸ਼ਾਮਲ ਸਨ।

## ਨਸ਼ਾ ਮੁਕਤ ਸਮਾਜ ਦਾ ਸੁਨੇਹਾ ਦੇਣ ਲਈ ਰੈੱਡ ਰਿਬਨ ਮੈਰਾਥਨ



**ਧੂਰੀ (ਮਨੋਹਰ ਸਿੰਘ ਸੱਗੂ)**- ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਵਿੱਚ ਰੈੱਡ ਰਿਬਨ ਕਲੱਬ ਤੇ ਐੱਨਐੱਸਐੱਸ ਯੂਨਿਟਾਂ ਵੱਲੋਂ ਸਾਂਝੇ ਤੌਰ 'ਤੇ ਸਿਹਤਮੰਦ ਤੇ ਨਸ਼ਾ ਮੁਕਤ ਜੀਵਨ ਦਾ ਸੁਨੇਹਾ ਦੇਣ ਲਈ ਰੈੱਡ ਰਿਬਨ ਮੈਰਾਥਨ ਕਰਵਾਈ ਗਈ।ਮੈਰਾਥਨ 'ਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਲੜਕਿਆਂ ਦੇ ਵਰਗ ਵਿੱਚ ਹਰਸ਼ਪ੍ਰੀਤ ਸਿੰਘ ਨੇ ਪਹਿਲਾ, ਮੰਥਨ ਨੇ ਦੂਜਾ ਤੇ ਗੁਰਸ਼ਰਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਲੜਕੀਆਂ ਦੇ ਵਰਗ ਵਿੱਚ ਹਰਮਨਦੀਪ ਕੌਰ ਪਹਿਲੇ, ਨਵਪ੍ਰੀਤ ਕੌਰ ਦੂਜੇ ਤੇ ਸੁਮਨਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀਆਂ।ਰੈੱਡ ਰਿਬਨ ਕਲੱਬ ਦੇ ਕੋਆਰਡੀਨੇਟਰ ਡਾ. ਗਗਨਦੀਪ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਜਾਗਰੂਕਤਾ ਦੇ ਨਾਲ ਖੇਡਾਂ ਤੇ ਸਿਹਤਮੰਦ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ ਜ਼ਰੂਰੀ ਹੈ।ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਖੇਡਾਂ ਨੂੰ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਮਹੱਤਵਪੂਰਨ ਦੱਸਿਆ।ਇਸ ਮੌਕੇ ਡਾ. ਅਸ਼ੋਕ ਕੁਮਾਰ, ਡਾ. ਊਸ਼ਾ ਰਾਣੀ ਤੇ ਡਾ. ਰਾਕੇਸ਼ ਕੁਮਾਰ ਹਾਜ਼ਰ ਸਨ।

## ਸਨੌਰ ਹਲਕੇ ਦੇ ਦਰਜਨ ਪਿੰਡਾਂ 'ਚ ਸੈਣੀ ਮਹਾਂ ਸਭਾ ਵੱਲੋਂ ਮੀਟਿੰਗਾਂ

### ਸਮਾਜ ਦੀ ਏਕਤਾ, ਸਹਿਯੋਗ ਤੇ ਮਜ਼ਬੂਤੀ ਸਮੇਂ ਦੀ ਮੁੱਖ ਲੋੜ : ਲਵਲੀਨ ਸੈਣੀ



**ਸਨੌਰ/ਪਟਿਆਲਾ (ਰਜਿੰਦਰ ਸਿੰਘ ਥਿੰਦ)**-ਸੈਣੀ ਮਹਾ ਸਭਾ ਜ਼ਿਲ੍ਹਾ ਪਟਿਆਲਾ ਵੱਲੋਂ ਸੈਣੀ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ, ਆਪਸੀ ਸਾਂਝ ਵਧਾਉਣ ਤੇ ਪਿੰਡ ਪੱਧਰ 'ਤੇ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਨ ਦੇ ਉਦੇਸ਼ ਨਾਲ ਸਨੌਰ ਕਸਬੇ ਸਮੇਤ ਹਲਕੇ ਦੇ ਲਗਭਗ ਇੱਕ ਦਰਜਨ ਪਿੰਡਾਂ ਵਿੱਚ ਵਿਸ਼ੇਸ਼ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੈਣੀ ਸਮਾਜ ਦੇ ਲੋਕਾਂ ਨੇ ਉਤਸ਼ਾਹ ਨਾਲ ਭਾਗ ਲਿਆ। ਇਨ੍ਹਾਂ ਮੀਟਿੰਗਾਂ ਦੀ ਅਗਵਾਈ ਆਲ ਇੰਡੀਆ ਸੈਣੀ ਸੇਵਾ ਸਮਾਜ, ਪੰਜਾਬ ਸਟੇਟ ਯੂਨਿਟ ਦੇ ਸੂਬਾ ਪ੍ਰਧਾਨ ਤੇ ਸੈਣੀ ਮਹਾ ਸਭਾ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਲਵਲੀਨ ਸਿੰਘ ਸੈਣੀ ਨੇ ਕੀਤੀ।ਇਸ ਮੌਕੇ ਉਨ੍ਹਾਂ ਨੇ ਵੱਖ-ਵੱਖ ਪਿੰਡਾਂ ਦੇ ਸੈਣੀ ਭਾਈਚਾਰੇ ਦੇ ਲੋਕਾਂ ਨਾਲ ਸਿੱਧਾ ਸੰਪਰਕ ਕਰਦਿਆਂ ਸਮਾਜ ਨਾਲ ਸਬੰਧਤ ਸਮਾਜਿਕ, ਸਿੱਖਿਆ, ਰੁਜ਼ਗਾਰ, ਨੌਜਵਾਨਾਂ ਤੇ ਸੰਗਠਨਾਤਮਕ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ।ਉਨ੍ਹਾਂ ਕਿਹਾ ਕਿ ਸੈਣੀ ਭਾਈਚਾਰੇ ਦੀ ਤਰੱਕੀ ਤੇ ਮਜ਼ਬੂਤੀ ਲਈ ਪਿੰਡ-ਪਿੰਡ ਪੱਧਰ 'ਤੇ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਨਾ ਤੇ ਉਨ੍ਹਾਂ ਨੂੰ ਇੱਕ ਮਜ਼ਬੂਤ ਸੰਗਠਨਾਤਮਕ ਮੰਚ 'ਤੇ ਇਕੱਠਾ ਕਰਨਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ ਸੈਣੀ ਮਹਾ ਸਭਾ ਵੱਲੋਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਤੇ ਉਨ੍ਹਾਂ ਦੇ ਸੁਝਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੇ ਹੱਲ ਲਈ ਸੰਗਠਿਤ ਯਤਨ ਕੀਤੇ ਜਾ ਰਹੇ ਹਨ।ਸਨੌਰ ਕਸਬੇ ਤੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਹੋਈਆਂ ਇਨ੍ਹਾਂ ਮੀਟਿੰਗਾਂ ਦੌਰਾਨ ਸੈਣੀ ਭਾਈਚਾਰੇ ਦੇ ਲੋਕਾਂ ਵੱਲੋਂ ਸੂਬਾ ਪ੍ਰਧਾਨ ਲਵਲੀਨ ਸਿੰਘ ਸੈਣੀ ਤੇ ਉਨ੍ਹਾਂ ਦੀ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ।

## ਨਕਟੇ ਦੇ ਆਂਗਣਵਾੜੀ ਸੈਂਟਰ ਸੰਬੰਧੀ ਅਰਵਿੰਦ ਖੰਨਾ ਵੱਲੋਂ ਲਗਾਏ ਦੋਸ਼ ਬੇਬੁਨਿਆਦ : ਸਰਪੰਚ ਜਗਦੀਪ

### ਪਿੰਡ ਦੀ ਪੰਚਾਇਤ ਨੇ ਨਵੀਂ ਇਮਾਰਤ ਬਣਾਈ, ਸੀਵਰੇਜ ਦੀ ਸਮੱਸਿਆ ਵੀ ਕਰਵਾਈ ਦੂਰ : ਵਿਕਰਮ ਨਕਟੇ



**ਭਵਾਨੀਗੜ੍ਹ (ਰਾਜ ਖੁਰਮੀ)**

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਰਵਿੰਦ ਖੰਨਾ ਵੱਲੋਂ ਬੀਤੇ ਦਿਨੀਂ ਸੋਸ਼ਲ ਮੀਡੀਆ ਰਾਹੀਂ ਪਿੰਡ ਨਕਟੇ ਦੇ ਆਂਗਣਵਾੜੀ ਸੈਂਟਰ ਦੀ ਇਮਾਰਤ ਦੀ ਖ਼ਸਤਾ ਹਾਲਤ ਤੇ ਪਾਣੀ ਦੇ ਮਾੜੇ ਨਿਕਾਸ ਪ੍ਰਬੰਧਾਂ ਸਬੰਧੀ ਲਗਾਏ ਦੋਸ਼ਾਂ ਦੇ ਜਵਾਬ ਵਿੱਚ ਅੱਜ ਪਿੰਡ ਦੇ ਸਰਪੰਚ ਜਗਦੀਪ ਸਿੰਘ ਤੇ ਬਲਾਕ ਸੰਮਤੀ ਮੈਂਬਰ ਤੇ ਹਲਕਾ ਸੰਗਠਨ ਸਕੱਤਰ ਵਿਕਰਮ ਸਿੰਘ ਨਕਟੇ ਨੇ ਪ੍ਰੈੱਸ ਕਾਨਫਰੰਸ ਕਰਕੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਪਿੰਡ ਨਕਟੇ ਵਿੱਚ ਪਿਛਲੇ ਕਰੀਬ 25 ਸਾਲਾਂ ਤੋਂ ਧਰਮਸ਼ਾਲਾ ਦੀ ਇਮਾਰਤ ਵਿੱਚ ਆਂਗਣਵਾੜੀ ਸੈਂਟਰ ਚੱਲ ਰਿਹਾ ਸੀ।ਕੁਝ ਸਾਲ ਪਹਿਲਾਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਰਕਾਰੀ ਸਕੂਲ ਵਿੱਚ ਇੱਕ ਕਮਰਾ ਵੀ ਤਿਆਰ ਕਰਵਾ ਕੇ ਦਿੱਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਅਰਵਿੰਦ ਖੰਨਾ ਵੱਲੋਂ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਵੀਡੀਓ ਪੁਰਾਣੀ ਇਮਾਰਤ ਦੀ ਹੈ, ਜਦਕਿ ਮੌਜੂਦਾ ਸਮੇਂ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਭੇਜੀ ਗਈ ਗ੍ਰਾਂਟ ਨਾਲ ਆਂਗਣਵਾੜੀ ਸੈਂਟਰ ਦੀ ਨਵੀਂ ਇਮਾਰਤ ਬਣਾਈ ਜਾ ਚੁੱਕੀ ਹੈ।ਪਾਣੀ ਦੇ ਨਿਕਾਸ ਸਬੰਧੀ ਉਨ੍ਹਾਂ ਕਿਹਾ ਕਿ ਪਿੰਡ ਦੀ ਪੰਚਾਇਤ ਵੱਲੋਂ ਪੁਰਾਣੇ ਟੋਬੇ ਦੀ ਕਰੀਬ ਇੱਕ ਵਿੱਘਾ ਜ਼ਮੀਨ ਨੂੰ ਵਧਾ ਕੇ ਢਾਈ ਵਿੱਘੇ ਵਿੱਚ ਤਬਦੀਲ ਕੀਤਾ ਗਿਆ ਹੈ, ਤਾਂ ਜੋ ਪਿੰਡ ਦੇ ਪਾਣੀ ਦੀ ਨਿਕਾਸੀ ਦਾ ਢੁੱਕਵਾਂ ਪ੍ਰਬੰਧ ਹੋ ਸਕੇ।ਉਨ੍ਹਾਂ ਦੱਸਿਆ ਕਿ ਪਿੰਡ ਦਾ ਸੀਵਰੇਜ ਸਿਸਟਮ ਮਿੱਟੀ ਤੇ ਹੋਰ ਸਮੱਗਰੀ ਭਰ ਜਾਣ ਕਾਰਨ ਬੰਦ ਹੋ ਗਿਆ ਸੀ, ਜਿਸ ਨੂੰ ਪਿਛਲੇ ਹਫ਼ਤੇ ਤੋਂ ਸੀਵਰੇਜ ਦੀ ਸਫ਼ਾਈ ਕਰਨ ਵਾਲੇ ਕਾਰੀਗਰਾਂ ਨੂੰ ਲਗਾ ਕੇ ਖੁੱਲ੍ਹਵਾ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪਿੰਡ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ ਤੇ ਪੰਚਾਇਤ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।ਉਨ੍ਹਾਂ ਅਰਵਿੰਦ ਖੰਨਾ ਨੂੰ ਅਪੀਲ ਕੀਤੀ ਕਿ ਕਿਸੇ ਵੀ ਮੁੱਦੇ 'ਤੇ ਬਿਆਨ ਦੇਣ ਤੋਂ ਪਹਿਲਾਂ ਮੌਜੂਦਾ ਸਥਿਤੀ ਦੀ ਜਾਣਕਾਰੀ ਲੈਣੀ ਚਾਹੀਦੀ ਹੈ।ਇਸ ਮੌਕੇ ਬਲਾਕ ਪ੍ਰਧਾਨ ਮਨਿੰਦਰ ਫੁੰਮਣਵਾਲ, ਕੁਲਵਿੰਦਰ ਫੁੰਮਣਵਾਲ, ਜੱਸਾ ਭੜੋ, ਜਗਵਿੰਦਰ ਡੇਲੇਵਾਲ, ਬਲਾਕ ਸੰਮਤੀ ਮੈਂਬਰ ਨਿਰਭੈ ਫੁੰਮਣਵਾਲ ਤੇ ਸਰਪੰਚ ਸੁਖਚੈਨ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਸ਼ਿਵ ਸ਼ਨੀ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਸੰਕੀਰਤਨ ਦੀ ਲੜੀ ਜਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜੈ ਸ੍ਰੀ ਕ੍ਰਿਸ਼ਨ, ਰਾਧੇ-ਰਾਧੇ ਦੇ ਜੈਕਾਰਿਆਂ ਨਾਲ ਪ੍ਰਾਚੀਨ ਸ੍ਰੀ ਸ਼ਿਵ ਸ਼ਨੀ ਮੰਦਰ ਪ੍ਰਬੰਧਕ ਕਮੇਟੀ (ਮਾਲ ਸਾਹਿਬ) ਵੱਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਨੂੰ ਸਮਰਪਤ ਧਾਰਮਿਕ ਸਮਾਗਮਾਂ ਦੀ ਲੜੀ ਸ਼ਰਧਾ ਤੇ ਉਤਸ਼ਾਹ ਨਾਲ ਪ੍ਰਧਾਨ ਰਾਜ ਕੁਮਾਰ ਗਰਗ, ਸ਼੍ਰੀਮਤੀ ਰਵਿਤਾ ਸ਼ਾਹੀ, ਯੋਗੇਸ਼ ਬਾਂਸਲ ਯੋਗੀ, ਮੁਨੀਸ਼ ਗਰਗ ਟੀਨੀ, ਵਿਮਲ ਗਰਗ ਵਿੱਕੀ ਵਿੱਕੀ, ਦੀਪਕ ਬਾਂਸਲ ਰੇਲੂ ਦੀ ਅਗਵਾਈ ਵਿੱਚ ਜਾਰੀ ਹੈ।ਕਮੇਟੀ ਵੱਲੋਂ ਘਰ-ਘਰ ਰਾਧਾ-ਕ੍ਰਿਸ਼ਨ ਦੇ ਨਾਮ ਦਾ ਪ੍ਰਚਾਰ ਕਰਨ ਤੇ ਲੋਕਾਂ ਨੂੰ ਭਗਤੀ ਨਾਲ ਜੋੜਨ ਦੇ ਉਦੇਸ਼ ਨਾਲ ਰੋਜ਼ਾਨਾ ਇੱਕ ਘਰ ਵਿੱਚ ਸੰਕੀਰਤਨ ਕਰਵਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਅੱਜ ਦੂਸਰਾ ਸੰਕੀਰਤਨ ਸ੍ਰੀ ਓਮ ਪ੍ਰਕਾਸ਼ ਗਰਗ, ਸਾਹਿਲ ਗਰਗ ਤੇ ਸੁਮੀਲ ਗਰਗ (ਨੈਸ਼ਨਲ ਮੈਡੀਕਲ ਸਟੋਰ ਵਾਲੇ) ਦੇ ਗ੍ਰਹਿ ਵਿਖੇ ਕਰਵਾਇਆ ਗਿਆ।ਗਰਗ ਪਰਿਵਾਰ ਵੱਲੋਂ ਸੰਕੀਰਤਨ ਦਾ ਆਯੋਜਨ ਬੜੀ ਹੀ ਸ਼ਰਧਾ, ਭਗਤੀ ਤੇ ਉਤਸ਼ਾਹ ਨਾਲ ਕੀਤਾ ਗਿਆ।ਇਸ ਮੌਕੇ ਪਰਿਵਾਰਕ ਮੈਂਬਰਾਂ ਤੇ ਇਲਾਕਾ ਨਿਵਾਸੀਆਂ ਨੇ ਭਗਵਾਨ ਸ੍ਰੀ ਰਾਧਾ-ਕ੍ਰਿਸ਼ਨ ਦਾ ਗੁਣਗਾਨ ਕਰਦੇ ਹੋਏ ਸੰਕੀਰਤਨ ਵਿੱਚ ਸ਼ਰਧਾ ਨਾਲ ਭਾਗ ਲਿਆ।ਸੰਕੀਰਤਨ ਦੌਰਾਨ ਸੁਮਿਤ, ਸਾਹਿਲ, ਚੰਚਲ, ਕਮਲ ਕਿਸ਼ੋਰ ਤੇ ਪੰਡਿਤ ਕਾਕੂ ਸ਼ਰਮਾ ਵੱਲੋਂ ਭਗਤੀਮਈ ਭਜਨਾਂ ਦੀ ਪੇਸ਼ਕਾਰੀ ਕੀਤੀ ਗਈ।ਭਜਨ ਮੰਡਲੀ ਵੱਲੋਂ ਪੇਸ਼ ਕੀਤੇ ਗਏ ਸੁੰਦਰ ਭਜਨਾਂ ਨਾਲ ਸੰਗਤ ਭਗਤੀ ਰਸ ਵਿੱਚ ਰੰਗੀ ਗਈ ਤੇ ਸਮੁੱਚਾ ਮਾਹੌਲ ਰਾਧਾ-ਕ੍ਰਿਸ਼ਨ ਦੀ ਭਗਤੀ ਨਾਲ ਗੂੰਜ ਉੱਠਿਆ।ਕਮੇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ 4 ਸਤੰਬਰ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਬੜੀ ਹੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾਵੇਗਾ।ਜਨਮ ਅਸ਼ਟਮੀ ਮੌਕੇ ਝਾਕੀ ਉਦਘਾਟਨ ਦੀ ਰਸਮ ਸ਼੍ਰੀ ਸੁਖਜੀਵਨ ਬਾਂਸਲ ਭਗਤੂ ਜੀ, ਪ੍ਰਧਾਨ ਸ਼੍ਰੀ ਗਣਪਤੀ ਸੇਵਾ ਮੰਡਲ, ਬਾਘਾ ਪੁਰਾਣਾ ਵੱਲੋਂ ਅਦਾ ਕੀਤੀ ਜਾਵੇਗੀ।ਇਸ ਉਪਰੰਤ ਭਗਵਾਨ ਬਿਹਾਰੀ ਜੀ ਦੇ ਨਾਮ ਦਾ ਵਿਸ਼ੇਸ਼ ਸੰਕੀਰਤਨ ਕਰਵਾਇਆ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਦੇ ਸ਼ਾਮਲ ਹੋਣ ਦੀ ਉਮੀਦ ਹੈ।ਕਮੇਟੀ ਵੱਲੋਂ ਦੱਸਿਆ ਗਿਆ ਕਿ ਰਾਤ 12 ਵਜੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਉਤਸਵ ਮੌਕੇ ਵਿਸ਼ੇਸ਼ ਆਰਤੀ ਕੀਤੀ ਜਾਵੇਗੀ।ਇਸ ਮੌਕੇ ਪ੍ਰਧਾਨ ਰਾਜ ਕੁਮਾਰ ਗਰਗ, ਸ਼੍ਰੀਮਤੀ ਰਵਿਤਾ ਸ਼ਾਹੀ, ਯੋਗੇਸ਼ ਬਾਂਸਲ ਯੋਗੀ, ਮੁਨੀਸ਼ ਗਰਗ ਟੀਨੀ, ਵਿੱਕੀ ਗਰਗ, ਦੀਪਕ ਬਾਂਸਲ ਰੇਲੂ, ਕੇਵਲ ਕੁਮਾਰ ਬਿੱਟਾ, ਅਮਿਤ ਅਗਰਵਾਲ, ਜਸਵੀਰ ਕੁਮਾਰ ਸ਼ੇਰੀ, ਲਵਪ੍ਰੀਤ ਲਵ, ਰੈਂਟਾ ਜਿੰਦਲ, ਜੋਨੀ ਗਰਗ, ਜਤਿਨ ਅਰੋੜਾ, ਅਭੀ ਜਿੰਦਲ, ਜੁਗਨੂੰ ਗਰੋਵਰ, ਨਵੂ ਅਰੋੜਾ, ਰਾਹੁਲ ਖੱਤਰੀ, ਸਾਹਿਲ ਕੁਮਾਰ, ਗਗਨ ਗੋਇਲ, ਰਿੰਕੂ ਮੰਗਲਾ, ਆਸ਼ੂ ਭੰਡਾਰੀ, ਸ਼ਿਵਮ ਕਟਾਰੀਆ, ਰੋਹਿਤ ਕੁਮਾਰ ਰਿੰਕੂ ਤੇ ਦੀਪਾਂਸ਼ੂ ਕਪੂਰ ਸਮੇਤ ਕਮੇਟੀ ਦੇ ਹੋਰ ਮੈਂਬਰ ਤੇ ਸ਼ਰਧਾਲੂ ਹਾਜ਼ਰ ਸਨ।ਕਮੇਟੀ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਨੂੰ ਜਨਮ ਅਸ਼ਟਮੀ ਦੇ ਪਵਿੱਤਰ ਸਮਾਗਮ ਵਿੱਚ ਪਰਵਾਰ ਸਮੇਤ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

## 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਡਰੋਨ ਸ਼ੋਅ ਸੰਬੰਧੀ ਮੀਟਿੰਗ



**ਬੁਢਲਾਡਾ (ਅਸ਼ੋਕ ਲਾਕੜਾ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਟੇਡੀਅਮ ਬੁਢਲਾਡਾ ਵਿਖੇ 3 ਸਤੰਬਰ ਨੂੰ ਕਰਵਾਏ ਜਾ ਰਹੇ ਵਿਸ਼ਾਲ ਡਰੋਨ ਸ਼ੋਅ ਨੂੰ ਸਫ਼ਲ ਬਣਾਉਣ ਲਈ ਤਿਆਰੀਆਂ ਜ਼ੋਰਾਂ 'ਤੇ ਹਨ।ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਕਰਿਸ਼ਮ ਹੋਟਲ ਵਿਖੇ ਹਲਕੇ ਦੇ ਸਮੂਹ ਬਲਾਕ ਪ੍ਰਧਾਨਾਂ ਅਤੇ ਵਰਕਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਤੇ ਇਸ ਵਿੱਚ ਵੱਧ ਤੋਂ ਵੱਧ ਨਾਗਰਿਕਾਂ ਨੂੰ ਸ਼ਾਮਲ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਉਣ ਵਾਸਤੇ ਆਖਿਆ।ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਇਸ ਵਿਲੱਖਣ ਡਰੋਨ ਸ਼ੋਅ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਹਾਨ ਜੀਵਨੀ, ਉਨ੍ਹਾਂ ਦੇ ਉੱਚੇ-ਸੁੱਚੇ ਵਿਚਾਰਾਂ ਤੇ ਮਨੁੱਖਤਾ ਨੂੰ ਦਿੱਤੀਆਂ ਅਮੁੱਲ ਸਿੱਖਿਆਵਾਂ ਨੂੰ ਆਧੁਨਿਕ ਤਕਨੀਕ ਦੇ ਮਾਧਿਅਮ ਰਾਹੀਂ ਅਸਮਾਨ ਵਿੱਚ ਪ੍ਰਦਰਸ਼ਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ 3 ਸਤੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਟੇਡੀਅਮ ਬੁਢਲਾਡਾ ਵਿਖੇ ਸ਼ਾਮ 6.30 ਵਜੇ ਇਹ ਡਰੋਨ ਸ਼ੋਅ ਕਰਵਾਇਆ ਜਾ ਰਿਹਾ ਹੈ ਅਤੇ ਇਹ ਸਮਾਗਮ ਬੁਢਲਾਡਾ ਇਲਾਕੇ ਲਈ ਇੱਕ ਇਤਿਹਾਸਿਕ ਤੇ ਯਾਦਗਾਰ ਪਲ ਹੋਵੇਗਾ।

## ਹਲਕਾ ਰਾਮਪੁਰਾ ਫੂਲ ਦੇ 3 ਨਵੇਂ ਬਲਾਕ ਪ੍ਰਧਾਨਾਂ ਦਾ ਐਲਾਨ



**ਬਠਿੰਡਾ (ਰਾਜੀਵ ਗੋਇਲ)**-ਆਮ ਆਦਮੀ ਪਾਰਟੀ ਵੱਲੋਂ ਹਲਕਾ ਰਾਮਪੁਰਾ ਫੂਲ ਨਾਲ ਸੰਬੰਧਤ ਤਿੰਨ ਨਵੇਂ ਬਲਾਕ ਪ੍ਰਧਾਨਾਂ ਦਾ ਐਲਾਨ ਕੀਤਾ ਗਿਆ। ਪਾਰਟੀ ਵੱਲੋਂ ਜਾਰੀ ਕੀਤੀ ਗਈ ਸੂਚੀ ਮੁਤਾਬਿਕ ਵਿਧਾਇਕ ਬਲਕਾਰ ਸਿੱਧੂ ਦਾ ਸਾਬਕਾ ਸਾਥੀ ਜਗਜੀਤ ਸਿੰਘ ਉਰਫ ਸੀਰਾ ਮੱਲੂਆਣਾ, ਚੇਅਰਮੈਨ ਬੂਟਾ ਸਿੰਘ ਜਲਾਲ ਦਾ ਨੇੜਲਾ ਸਾਥੀ ਗੁਰਮੀਤ ਸਿੰਘ ਜਲਾਲ ਤੇ ਗੁਰਚਰਨ ਸਿੰਘ ਗੁਰਨੂਰ ਨੂੰ ਬਲਾਕ ਪ੍ਰਧਾਨ ਦੀ ਜ਼ੁੰਮੇਵਾਰੀ ਸੌਂਪੀ ਗਈ ਹੈ। ਇਸ ਸੂਚੀ ਦੇ ਜਾਰੀ ਹੋਣ ਨਾਲ ਪਾਰਟੀ ਵੱਲੋਂ ਮੁੜ ਤੋਂ ਇੰਦਰਜੀਤ ਸਿੰਘ ਮਾਨ ਦੀ ਪਿੱਠ ਥਾਪੜੀ ਗਈ ਹੈ, ਕਿਉਂਕਿ ਇਹ ਤਿੰਨੇ ਨਿਯੁਕਤੀਆਂ ਮਾਨ ਦੇ ਨਜ਼ਦੀਕੀਆਂ ਦੀਆਂ ਹੋਈਆਂ ਜਾਪਦੀਆਂ ਹਨ। ਉਧਰ ਦੂਜੇ ਪਾਸੇ ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਇੰਦਰਜੀਤ ਮਾਨ ਦੇ ਸਭ ਤੋਂ ਨੇੜਲੇ ਸਾਥੀ ਤੇ ਮਾਰਕੀਟ ਕਮੇਟੀ ਭਗਤਾ ਦੇ ਚੇਅਰਮੈਨ ਬੂਟਾ ਸਿੰਘ ਜ਼ਲਾਲ ਨੂੰ ਵੀ ਜ਼ਿਲ੍ਹਾ ਪੱਧਰ 'ਤੇ ਕੋਈ ਵੱਡੀ ਜ਼ੁੰਮੇਵਾਰੀ ਮਿਲਣ ਦੀ ਸੰਭਾਵਨਾ ਹੈ।

## ਚੀਮਾ ਵੱਲੋਂ ਦਿੜ੍ਹਬਾ ਹਲਕੇ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਹੁਲਾਰਾ, 3.75 ਕਰੋੜ ਰੁਪਏ ਦੀਆਂ ਵਿਕਾਸ ਗ੍ਰਾਂਟਾਂ ਵੰਡੀਆਂ



**ਦਿੜ੍ਹਬਾ/ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਹਲਕੇ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਦਿਆਂ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 3 ਕਰੋੜ 75 ਲੱਖ ਰੁਪਏ ਦੀਆਂ ਗ੍ਰਾਂਟਾਂ ਵੰਡੀਆਂ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ, ਛਾਜਲੀ, ਉਗਰਾਹਾਂ, ਮੈਦੇਵਾਸ, ਜਖੇਪਲ, ਹੰਬਲਵਾਸ, ਧਾਲੀਵਾਲਵਾਸ, ਫਲੇੜਾ ਅਤੇ ਖਨਾਲ ਖੁਰਦ ਵਿਖੇ ਪਹੁੰਚ ਕੇ ਪੰਚਾਇਤਾਂ, ਪਤਵੰਤਿਆਂ ਅਤੇ ਪਿੰਡ ਵਾਸੀਆਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ।ਉਨ੍ਹਾਂ ਲੋਕਾਂ ਤੋਂ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਫੀਡਬੈਕ ਲੈਣ ਦੇ ਨਾਲ-ਨਾਲ ਸਥਾਨਕ ਪੱਧਰ ਦੀਆਂ ਲੋੜਾਂ ਤੇ ਹੋਰ ਵਿਕਾਸ ਕਾਰਜਾਂ ਸਬੰਧੀ ਮੰਗਾਂ ਵੀ ਸੁਣੀਆਂ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਵੱਲੋਂ ਉਠਾਏ ਗਏ ਜਾਇਜ਼ ਮਸਲਿਆਂ ਦੇ ਸਮਾਂਬੱਧ ਹੱਲ ਲਈ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ।ਵੱਖ-ਵੱਖ ਪਿੰਡਾਂ ਵਿੱਚ ਪਹੁੰਚਣ 'ਤੇ ਪੰਚਾਇਤਾਂ ਤੇ ਪਿੰਡ ਵਾਸੀਆਂ ਵੱਲੋਂ ਕੈਬਨਿਟ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਪਿੰਡਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਗ੍ਰਾਂਟਾਂ ਲਈ ਧੰਨਵਾਦ ਕੀਤਾ ਗਿਆ। ਚੀਮਾ ਨੇ ਦੱਸਿਆ ਕਿ ਪਿੰਡ ਛਾਜਲੀ ਦੇ ਵੱਖ-ਵੱਖ ਵਿਕਾਸ ਕਾਰਜਾਂ ਲਈ 01 ਕਰੋੜ 17 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ।ਇਸੇ ਤਰ੍ਹਾਂ ਦਿੜ੍ਹਬਾ ਲਈ 45 ਲੱਖ ਰੁਪਏ, ਉਗਰਾਹਾਂ ਲਈ 35 ਲੱਖ ਰੁਪਏ, ਜਖੇਪਲ ਲਈ 45 ਲੱਖ ਰੁਪਏ, ਧਾਲੀਵਾਲਵਾਸ ਲਈ 32 ਲੱਖ ਰੁਪਏ, ਹੰਬਲਵਾਸ ਲਈ 40 ਲੱਖ ਰੁਪਏ, ਮੈਦੇਵਾਸ ਲਈ 10 ਲੱਖ ਰੁਪਏ, ਖਨਾਲ ਖੁਰਦ ਲਈ 46 ਲੱਖ ਰੁਪਏ ਅਤੇ ਫਲੇੜਾ ਲਈ 5 ਲੱਖ ਰੁਪਏ ਦੀਆਂ ਵਿਕਾਸ ਗ੍ਰਾਂਟਾਂ ਦਿੱਤੀਆਂ ਗਈਆਂ ਹਨ।ਇਸ ਤਰ੍ਹਾਂ ਵੱਖ-ਵੱਖ ਪਿੰਡਾਂ ਨੂੰ ਦਿੱਤੀਆਂ ਗਈਆਂ ਵਿਕਾਸ ਗ੍ਰਾਂਟਾਂ ਦੀ ਕੁੱਲ ਰਾਸ਼ੀ 03 ਕਰੋੜ 75 ਲੱਖ ਰੁਪਏ ਬਣਦੀ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਵਿਕਾਸ ਗ੍ਰਾਂਟਾਂ ਪਿੰਡਾਂ ਵਿੱਚ ਲੋਕਾਂ ਦੀਆਂ ਤਰਜੀਹੀ ਲੋੜਾਂ ਮੁਤਾਬਕ ਵੱਖ-ਵੱਖ ਬੁਨਿਆਦੀ ਸਹੂਲਤਾਂ ਤੇ ਸਾਂਝੇ ਵਿਕਾਸ ਕਾਰਜਾਂ ਨੂੰ ਹੋਰ ਬਿਹਤਰ ਬਣਾਉਣ ਲਈ ਵਰਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਅਜਿਹੇ ਵਿਕਾਸ ਕਾਰਜਾਂ ਨੂੰ ਪਹਿਲ ਦੇਣਾ ਹੈ, ਜਿਨ੍ਹਾਂ ਦਾ ਲਾਭ ਪਿੰਡ ਦੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚੇ ਅਤੇ ਪੇਂਡੂ ਵਸੋਂ ਦੇ ਜੀਵਨ ਪੱਧਰ ਵਿੱਚ ਸਾਰਥਕ ਸੁਧਾਰ ਆਵੇ।ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੇਂਡੂ ਖੇਤਰ ਪੰਜਾਬ ਦੀ ਸਮਾਜਿਕ ਤੇ ਆਰਥਿਕ ਤਰੱਕੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਪਿੰਡਾਂ ਵਿੱਚ ਬਿਹਤਰ ਬੁਨਿਆਦੀ ਢਾਂਚਾ ਮੁਹੱਈਆ ਕਰਾਏ ਬਿਨਾਂ ਸੂਬੇ ਦੇ ਸਮੁੱਚੇ ਵਿਕਾਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਇਸ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਸੜਕਾਂ, ਗਲੀਆਂ-ਨਾਲੀਆਂ, ਪੀਣ ਵਾਲੇ ਪਾਣੀ, ਗੰਦੇ ਪਾਣੀ ਦੀ ਨਿਕਾਸੀ, ਖੇਡ ਸਹੂਲਤਾਂ, ਸਾਂਝੀਆਂ ਥਾਵਾਂ ਅਤੇ ਹੋਰ ਜਨਤਕ ਸਹੂਲਤਾਂ ਨੂੰ ਬਿਹਤਰ ਬਣਾਉਣ ਉੱਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਯੋਜਨਾਵਾਂ ਲੋਕਾਂ ਦੀਆਂ ਅਸਲ ਲੋੜਾਂ ਅਤੇ ਸਥਾਨਕ ਤਰਜੀਹਾਂ ਨੂੰ ਧਿਆਨ ਵਿੱਚ ਰੱਖ ਕੇ ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਹਨ।ਇਸੇ ਮਕਸਦ ਤਹਿਤ ਉਹ ਲਗਾਤਾਰ ਹਲਕੇ ਦੇ ਪਿੰਡਾਂ ਵਿੱਚ ਜਾ ਕੇ ਲੋਕਾਂ ਨਾਲ ਸਿੱਧੀ ਗੱਲਬਾਤ ਕਰਦੇ ਹਨ ਤੇ ਉਨ੍ਹਾਂ ਵੱਲੋਂ ਉਠਾਏ ਜਾਣ ਵਾਲੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਸਬੰਧਤ ਵਿਭਾਗਾਂ ਨੂੰ ਦਿਸ਼ਾ-ਨਿਰਦੇਸ਼ ਦਿੰਦੇ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਦਿੜ੍ਹਬਾ ਹਲਕੇ ਵਿੱਚ ਪਿਛਲੇ ਸਮੇਂ ਦੌਰਾਨ ਵੱਡੀ ਗਿਣਤੀ ਵਿੱਚ ਵਿਕਾਸ ਕਾਰਜ ਕਰਾਏ ਗਏ ਹਨ ਤੇ ਬਾਕੀ ਰਹਿੰਦੀਆਂ ਲੋੜਾਂ ਨੂੰ ਵੀ ਪੜਾਅਵਾਰ ਢੰਗ ਨਾਲ ਪੂਰਾ ਕੀਤਾ ਜਾ ਰਿਹਾ ਹੈ।ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਕਾਸ ਕਾਰਜਾਂ ਲਈ ਦਿੱਤਾ ਜਾਣ ਵਾਲਾ ਪੈਸਾ ਲੋਕਾਂ ਦਾ ਪੈਸਾ ਹੈ ਤੇ ਇਸ ਦਾ ਇੱਕ-ਇੱਕ ਪੈਸਾ ਲੋਕਾਂ ਦੀ ਭਲਾਈ ਅਤੇ ਪਿੰਡਾਂ ਦੀ ਬਿਹਤਰੀ ਲਈ ਹੀ ਖਰਚਿਆ ਜਾਣਾ ਚਾਹੀਦਾ ਹੈ।ਸਾਡੀ ਸਰਕਾਰ ਦੀ ਤਰਜੀਹ ਹੈ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਖਰਚ ਹੋਣ ਵਾਲੇ ਹਰੇਕ ਰੁਪਏ ਦਾ ਲਾਭ ਆਮ ਲੋਕਾਂ ਤੱਕ ਪਹੁੰਚੇ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਨਿਯਮਤ ਨਿਗਰਾਨੀ ਕੀਤੀ ਜਾਵੇ ਤੇ ਜਿੱਥੇ ਕਿਸੇ ਤਕਨੀਕੀ ਜਾਂ ਪ੍ਰਸ਼ਾਸਕੀ ਅੜਚਣ ਕਾਰਨ ਕੰਮ ਪ੍ਰਭਾਵਤ ਹੋ ਰਿਹਾ ਹੋਵੇ, ਉਸ ਨੂੰ ਤੁਰੰਤ ਦੂਰ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਮਨਜ਼ੂਰਸ਼ੁਦਾ ਵਿਕਾਸ ਕਾਰਜਾਂ ਨੂੰ ਬੇਲੋੜੀ ਦੇਰੀ ਤੋਂ ਬਿਨਾਂ ਮੁਕੰਮਲ ਕਰਵਾਇਆ ਜਾਵੇ ਤਾਂ ਜੁ ਲੋਕਾਂ ਨੂੰ ਇਨ੍ਹਾਂ ਸਹੂਲਤਾਂ ਦਾ ਜਲਦੀ ਤੋਂ ਜਲਦੀ ਲਾਭ ਮਿਲ ਸਕੇ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਪਿੰਡਾਂ ਤੇ ਸ਼ਹਿਰਾਂ ਵਿਚਕਾਰ ਬੁਨਿਆਦੀ ਸਹੂਲਤਾਂ ਦੇ ਪੱਧਰ 'ਤੇ ਮੌਜੂਦ ਅੰਤਰ ਨੂੰ ਘਟਾਉਣਾ ਹੈ।

## ਪੰਜਾਬੀ ਸਾਹਿਤ ਅਕਾਦਮੀ ਵੱਲੋਂ ਮਹਿੰਦਰ ਸਿੰਘ ਦੋਸਾਂਝ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਤੇ ਸਮੂਹ ਮੈਂਬਰਾਂ ਵੱਲੋਂ ਅਕਾਦਮੀ ਦੇ ਜੀਵਨ ਮੈਂਬਰ, ਉੱਘੇ ਸਫ਼ਲ ਕਿਸਾਨ ਸ੍ਰ. ਮਹਿੰਦਰ ਸਿੰਘ ਦੋਸਾਂਝ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਖੇਤੀਬਾੜੀ ਵਿੱਚ ਨਵੀਆਂ ਪਿਰਤਾਂ ਪਾਉਣ, ਪੇਂਡੂ ਵਿਕਾਸ, ਵਾਤਾਵਰਨ ਤੇ ਸਮਾਜ ਸੇਵਾ ਨਾਲ ਜੁੜਿਆ ਅਗਾਂਹਵਧੂ ਪੰਜਾਬੀ ਬੋਲੀ, ਸੱਭਿਆਚਾਰ ਨੂੰ ਸਮਰਪਤ ਕਿਸਾਨ ਮਹਿੰਦਰ ਸਿੰਘ ਦੋਸਾਂਝ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਬਣਿਆ ਰਹੇਗਾ।ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬੀ ਲੇਖਕ ਤੇ ਲਿਖਾਰੀ ਸਭਾ ਜਗਤਪੁਰ ਦੇ ਬਾਨੀ ਸ੍ਰ. ਮਹਿੰਦਰ ਸਿੰਘ ਦੋਸਾਂਝ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਸਾਹਿਤ, ਕਿਸਾਨੀ ਤੇ ਪੇਂਡੂ ਸਮਾਜ ਲਈ ਵੱਡਾ ਘਾਟਾ ਹੈ।ਇਸ ਦੁੱਖ ਦੀ ਘੜੀ 'ਚ ਅਕਾਦਮੀ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸ੍ਰ. ਦੋਸਾਂਝ ਦੇ ਸਦੀਵੀ ਵਿਛੋੜੇ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਦੱਸਿਆ ਕਿ ਉਨ੍ਹਾ ਦਿਸ਼ਾ, ਕਿਰਤ ਲਾਲ ਜੁੜੇ ਰਿਸ਼ਤੇ, ਰੌਸ਼ਨੀ ਦੀ ਭਾਲ ਤੇ ਯਾਦਾਂ ਪਾਕਿਸਤਾਨ ਦੀਆਂ ਵਰਗੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਨੂੰ ਆਪਣੀ ਸਿਰਜਣਾਤਮਕ ਦੇਣ ਦਿੱਤੀ।ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਵੀ ਰਹੇ ਤੇ ਸਾਹਿਤਕ ਸਰਗਰਮੀਆਂ ਨੂੰ ਪਿੰਡਾਂ ਤੱਕ ਪਹੁੰਚਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ, ਡਾ. ਸਰਬਜੀਤ ਕੌਰ ਸੋਹਲ, ਜਸਪਾਲ ਮਾਨਖੇੜਾ, ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ, ਸ੍ਰੀਮਤੀ ਸੁਰਿੰਦਰ ਨੀਰ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਹਰਵਿੰਦਰ ਸਿੰਘ ਸਿਰਸਾ, ਡਾ. ਅੰਮੀਆਂ ਕੁੰਵਰ, ਡਾ. ਹਰੀ ਸਿੰਘ ਜਾਚਕ, ਕੇ. ਸਾਧੂ ਸਿੰਘ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਡਾ. ਸਿਮਰਜੀਤ ਕੌਰ ਗਿੱਲ, ਡਾ. ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਪ੍ਰਭਜੋਤ ਸਿੰਘ ਸੋਹੀ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਰਜਿੰਦਰ ਸਿੰਘ ਰਾਜਨ, ਮੱਖਣ ਮਾਨ, ਰੋਜ਼ੀ ਸਿੰਘ ਸ਼ਾਮਲ ਹਨ।

## ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਰਾਲੀ ਪ੍ਰਬੰਧਨ ਸੰਬੰਧੀ ਕੈਂਪ



**ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਨਿਰਦੇਸ਼ਕ ਪਸਾਰ ਸਿੱਖਿਆ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਤੇ ਆਈ.ਸੀ.ਏ.ਆਰ. ਅਟਾਰੀ ਜ਼ੋਨ-1, ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਮਿੱਡਾ ਬਲਾਕ ਮਲੋਟ ਵਿਖੇ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਪਿੰਡ ਪੱਧਰੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ।ਕੈਂਪ 'ਚ ਪਿੰਡ ਦੇ ਲਗਭਗ 70 ਸੂਝਵਾਨ ਕਿਸਾਨ ਵੀਰਾਂ ਨੇ ਭਾਗ ਲਿਆ।ਇਸ ਕੈਂਪ ਦੌਰਾਨ ਡਾ. ਕਰਮਜੀਤ ਸ਼ਰਮਾ, ਐਸੋਸੀਏਟ ਡਾਇਰੈਕਟਰ (ਸਿਖਲਾਈ), ਕੇ.ਵੀ.ਕੇ. ਸ੍ਰੀ ਮੁਕਤਸਰ ਸਾਹਿਬ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ, ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਤੇ ਖੇਤੀਬਾੜੀ ਲਈ ਵਾਤਾਵਰਣ ਦੀ ਰਾਖੀ ਲਈ ਫਸਲਾਂ ਦੀ ਰਹਿੰਦ-ਖੂੰਹਦ ਦੇ ਕੁਸ਼ਲ ਪ੍ਰਬੰਧਨ ਲਈ ਪ੍ਰੇਰਿਤ ਕੀਤਾ।ਡਾ. ਵਿਵੇਕ ਕੁਮਾਰ, ਸਹਾਇਕ ਪ੍ਰੋਫ਼ੈਸਰ (ਫਸਲ ਵਿਗਿਆਨ) ਨੇ ਪਰਾਲੀ ਵਾਲੇ ਖੇਤਾਂ ਵਿੱਚ ਕਣਕ ਦੀ ਸਫ਼ਲ ਕਾਸ਼ਤ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਨੇ ਝੋਨੇ ਦੀ ਪਰਾਲੀ ਦੇ ਕੁਸ਼ਲ ਪ੍ਰਬੰਧਨ ਲਈ ਵੱਖ-ਵੱਖ ਮਸ਼ੀਨਾਂ ਜਿਵੇਂ ਹੈਪੀ ਸੀਡਰ, ਸਮਾਰਟ ਸੀਡਰ, ਸਰਫੇਸ ਸੀਡਰ, ਮਲਚਰ, ਸੀਡ ਡਰਿਲ ਆਦਿ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।ਡਾ. ਜਗਮਨਜੋਤ ਸਿੰਘ ਸਹਾਇਕ ਪ੍ਰੋਫ਼ੈਸਰ (ਭੂਮੀ ਵਿਗਿਆਨ) ਨੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਨਾਲ ਭੂਮੀ ਦੀ ਸਿਹਤ ਸੁਧਾਰ ਤੇ ਫਸਲਾਂ ਦੇ ਉਤਪਾਦਨ ਵਿੱਤ ਹੋਣ ਵਾਲੇ ਵਾਧੇ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ।ਕੈਂਪ ਦੌਰਾਨ ਮੰਚ ਦੀ ਕਾਰਵਾਈ ਚਲਾਉਂਦਿਆਂ ਡਾ. ਗੁਰਵਿੰਦਰ ਸਿੰਘ, ਸਹਾਇਕ ਪ੍ਰੋਫ਼ੈਸਰ (ਪਸਾਰ ਸਿੱਖਿਆ) ਨੇ ਕੈਂਪ ਵਿੱਚ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ।

## ਜ਼ਿਲ੍ਹਾ ਪੱਧਰੀ ਖੇਡਾਂ 'ਚ ਬਣਵਾਲਾ ਦੀਆਂ ਲੜਕੀਆਂ ਨੇ ਮਾਰੀਆਂ ਮੱਲਾਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਜ਼ਿਲ੍ਹਾ ਪੱਧਰੀ ਸਕੂਲੀ ਖੇਡਾਂ ਵਿੱਚ ਪਿੰਡ ਬਣਵਾਲਾ ਦੀਆਂ ਅੰਡਰ-14 ਤੇ ਅੰਡਰ-17 ਲੜਕੀਆਂ ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕਰਕੇ ਪਿੰਡ ਦਾ ਨਾਂਅ ਰੌਸ਼ਨ ਕੀਤਾ।ਜੇਤੂ ਖਿਡਾਰਨਾਂ ਦੇ ਪਿੰਡ ਪਹੁੰਚਣ 'ਤੇ ਗ੍ਰਾਮ ਪੰਚਾਇਤ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਪੰਚਾਇਤ ਮੈਂਬਰ ਗੁਰਮੇਲ ਕੌਰ ਨੇ ਦੱਸਿਆ ਕਿ ਬਣਵਾਲਾ ਦੀਆਂ ਲਗਭਗ 12 ਲੜਕੀਆਂ ਸੂਬਾ ਪੱਧਰੀ ਸਕੂਲੀ ਖੇਡਾਂ ਵਿੱਚ ਭਾਗ ਲਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਹ ਪਿੰਡ ਲਈ ਮਾਣ ਵਾਲੀ ਗੱਲ ਹੈ ਕਿ ਇੱਥੋਂ ਦੀਆਂ ਧੀਆਂ ਖੇਡਾਂ ਦੇ ਖੇਤਰ ਵਿੱਚ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਰਹੀਆਂ ਹਨ।ਉਨ੍ਹਾਂ ਖਿਡਾਰਨਾਂ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਬੱਚੀਆਂ ਦੀ ਸਫਲਤਾ ਪਿੱਛੇ ਕੋਚਾਂ ਦੀ ਮਿਹਨਤ ਤੇ ਸਮਰਪਣ ਦਾ ਵੀ ਵੱਡਾ ਯੋਗਦਾਨ ਹੈ।ਉਨ੍ਹਾਂ ਨੇ ਕੋਚ ਗੁਰਪ੍ਰੀਤ ਸਿੰਘ ਗੋਪੀ, ਸਨਮਦੀਪ ਸਿੰਘ ਤੇ ਬਿਕਰਮਜੀਤ ਸਿੰਘ ਨੂੰ ਪਿੰਡ ਵਿੱਚੋਂ ਚੰਗੇ ਖਿਡਾਰੀ ਤਿਆਰ ਕਰਨ ਲਈ ਵਿਸ਼ੇਸ਼ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਪਿੰਡ ਦੀਆਂ ਲੜਕੀਆਂ ਵੱਲੋਂ ਖੇਡਾਂ ਵਿੱਚ ਹਾਸਲ ਇਹ ਪ੍ਰਾਪਤੀ ਹੋਰ ਬੱਚਿਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ।

## 9 ਨੂੰ ਧਰਮਕੋਟ ਵਿਖੇ ਹੋਣ ਜਾ ਰਹੀ ਪੰਜਾਬ ਬਚਾਓ ਰੈਲੀ ਨੂੰ ਲੈ ਕੇ ਅਕਾਲੀ ਆਗੂ ਤੇ ਵਰਕਰ ਲਾਮਬੰਦ



**ਕੋਟ ਈਸੇ ਖਾਂ (ਅਰੋੜਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ 9 ਸਤੰਬਰ ਨੂੰ ਧਰਮਕੋਟ ਵਿਖੇ ਪੰਜਾਬ ਬਚਾਓ ਰੈਲੀ ਕੀਤੀ ਜਾ ਰਹੀ ਹੈ, ਜਿਸ ਨੂੰ ਲੈ ਕੇ ਧਰਮਕੋਟ ਰੋਡ 'ਤੇ ਸਥਿਤ ਬਾਬਾ ਬਚਿੱਤਰ ਸਿੰਘ ਗੁਰਦੁਆਰਾ ਵਿਖੇ ਹਲਕਾ ਧਰਮਕੋਟ ਦੇ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਦੀ ਹਾਜ਼ਰੀ ਵਿੱਚ ਅਹਿਮ ਮੀਟਿੰਗ ਹੋਈ, ਜਿਸ ਵਿੱਚ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਇਸ ਰੈਲੀ ਵਿੱਚ ਜਾਣ ਲਈ ਲਾਮਬੰਦ ਕੀਤਾ ਗਿਆ ਤੇ ਰੈਲੀ ਨੂੰ ਸਫਲ ਬਣਾਉਣ ਲਈ ਅਕਾਲੀ ਦਲ ਦੇ ਵੱਖ-ਵੱਖ ਨੁਮਾਇੰਦਿਆਂ ਅਤੇ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ।ਖਾਸ ਤੌਰ 'ਤੇ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਇਲਾਕਿਆਂ ਤੋਂ ਵਰਕਰਾਂ ਨੂੰ ਰੈਲੀ ਵਿੱਚ ਲੈ ਕੇ ਆਉਣ ਲਈ ਬੱਸਾਂ ਦੇ ਪ੍ਰਬੰਧ ਸਬੰਧੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਆਗੂਆਂ ਨੇ ਕਿਹਾ ਕਿ ਪੰਜਾਬ ਬਚਾਓ ਰੈਲੀ ਨੂੰ ਲੈ ਕੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਪਾਰਟੀ ਵੱਲੋਂ ਲਗਾਤਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਹਲਕੇ ਦੇ ਸੇਵਾਦਾਰ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਦੱਸਿਆ ਕਿ 9 ਸਤੰਬਰ ਨੂੰ ਧਰਮਕੋਟ ਵਿਖੇ ਬਹੁਤ ਵੱਡੀ ਰੈਲੀ ਹੋਣ ਜਾ ਰਹੀ ਹੈ, ਜਿਸ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਪਾਰਟੀ ਦੇ ਹੋਰ ਆਗੂ ਪਹੁੰਚ ਕੇ ਲੋਕਾਂ ਨੂੰ ਸੰਬੋਧਨ ਕਰਨਗੇ।

## ਮਹਿੰਗਾਈ ਦੇ ਹੱਲ ਲਈ ਹਕੂਮਤੀ ਨੀਤੀਆਂ ਖਿਲਾਫ਼ ਲਾਮਬੰਦ ਹੋਣ ਦਾ ਸੱਦਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਲੋਕ ਮੋਰਚਾ ਪੰਜਾਬ ਦੇ ਸਰਗਰਮ ਕਾਰਕੁੰਨਾਂ ਦੀ ਮੀਟਿੰਗ 30 ਅਗਸਤ ਨੂੰ ਪੈਨਸ਼ਨਰ ਭਵਨ ਵਿਖੇ ਹੋਈ, ਜਿਸ ਵਿੱਚ ਮਹਿੰਗਾਈ ਦੇ ਕਾਰਨਾਂ ਤੇ ਇਸ ਦੇ ਹੱਲ ਬਾਰੇ ਵਿਚਾਰ ਚਰਚਾ ਕੀਤੀ ਗਈ।ਲੋਕ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਜਗਮੇਲ ਸਿੰਘ ਤੇ ਸੂਬਾ ਕਮੇਟੀ ਮੈਂਬਰ ਸ਼ੀਰੀਂ ਨੇ ਵਿਚਾਰ ਚਰਚਾ ਕਰਦੇ ਹੋਏ ਕਿਹਾ ਕਿ ਸਰਕਾਰ ਨੇ ਗੰਨੇ ਦਾ ਇੱਕ ਹਿੱਸਾ ਖੰਡ ਦੀ ਥਾਂ ਪੈਟਰੋਲ ਵਿੱਚ ਮਿਲਾਉਣ ਲਈ ਈਥਾਨੌਲ ਬਣਾਉਣ ਵਾਸਤੇ ਰਾਖਵਾਂ ਕਰ ਲਿਆ ਹੈ।

ਈਥਾਨੋਲ ਪੈਦਾਵਾਰ ਵਾਸਤੇ ਗੰਨੇ ਨੂੰ ਝੋਕਣ ਨਾਲ 30 ਲੱਖ ਟਨ ਖੰਡ ਦੀ ਪੈਦਾਵਾਰ ਘਟੀ ਹੈ ਅਤੇ ਗੁੜ ਖੰਡ ਤੇ ਇਹਨਾਂ ਨਾਲ ਜੁੜੀਆਂ ਵਸਤਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ।ਨਾਲ ਹੀ ਅਮਰੀਕਾ ਵੱਲੋਂ ਈਰਾਨ ਉੱਤੇ ਮੜ੍ਹੀ ਗਈ ਨਿਹੱਕੀ ਜੰਗ ਸਦਕਾ ਤੇਲ ਦੀਆਂ ਕੀਮਤਾਂ ਵਧਣ ਨਾਲ ਢੋਆ ਢੁਆਈ ਦੇ ਖਰਚੇ ਵਧੇ ਹਨ, ਜਿਸ ਕਰਕੇ ਸਾਰੀਆਂ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧੀਆਂ ਹਨ।ਰੂਸੀ ਤੇਲ ਦੀ ਖਰੀਦ ਨਾ ਕਰਨ ਸਬੰਧੀ ਅਮਰੀਕਾ ਦੀਆਂ ਹਦਾਇਤਾਂ ਨੇ ਤੇਲ ਦੇ ਮਾਮਲੇ ਵਿੱਚ ਹਾਲਤ ਹੋਰ ਵੀ ਕਠਿਨ ਅਤੇ ਬੇਯਕੀਨੀ ਵਾਲੀ ਬਣਾ ਦਿੱਤੀ ਹੈ। ਪਿਆਜਾਂ ਤੇ ਹੋਰ ਫਸਲਾਂ ਦੇ ਮਾਮਲੇ ਵਿੱਚ ਸਰਕਾਰੀ ਮੰਡੀਕਰਨ ਢਾਂਚੇ ਅਤੇ ਸਰਕਾਰੀ ਖਰੀਦ ਦੀ ਗੈਰ ਮੌਜੂਦਗੀ ਵਰਗੀ ਹਾਲਤ ਤੇ ਲੋੜੀਂਦੇ ਭੰਡਾਰਨ ਢਾਂਚੇ ਦੀ ਘਾਟ ਸਦਕਾ ਇਹ ਫਸਲਾਂ ਮੁਨਾਫੇ ਖੋਰਾ ਲਈ ਅਕਸਰ ਕਾਲਾਬਜ਼ਾਰੀ ਦਾ ਸਾਧਨ ਬਣਦੀਆਂ ਰਹਿੰਦੀਆਂ ਹਨ ਤੇ ਲੋਕਾਂ ਨੂੰ ਬੇਹਦ ਮਹਿੰਗੀਆਂ ਕੀਮਤਾਂ ਉੱਤੇ ਖਰੀਦਣੀਆਂ ਪੈਂਦੀਆਂ ਹਨ।ਲੋਕਾਂ ਦੀਆਂ ਲੋੜਾਂ ਤੱਜ ਕੇ ਸਾਡੇ ਦੇਸ਼ ਵਿੱਚ ਹੁੰਦੀ ਬਰਾਮਦ ਮੁਖੀ ਪੈਦਾਵਾਰ ਆਮ ਵਸਤਾਂ ਦੀ ਮਹਿੰਗਾਈ ਦਾ ਇੱਕ ਹੋਰ ਕਾਰਨ ਹੈ।ਭਾਰਤ ਨੂੰ ਵੱਡਾ ਅਰਥਚਾਰਾ ਬਣਾਉਣ ਦੀਆਂ ਡੀਗਾਂ ਦਰਮਿਆਨ ਸਾਡੀ ਖੇਤੀ ਦਾ ਅਜੇ ਵੀ ਵੱਡੀ ਹੱਦ ਤੱਕ ਮਾਨਸੂਨ ਤੇ ਨਿਰਭਰ ਹੋਣਾ ਵੀ ਫਸਲਾਂ ਦੇ ਮਾਰੇ ਜਾਣ ਸਦਕਾ ਮਹਿੰਗਾਈ ਦੀ ਹਾਲਤ ਪੈਦਾ ਕਰਦਾ ਹੈ। ਇਸੇ ਮੌਸਮੀ ਕਰੋਪੀ ਸਦਕਾ ਇਸ ਵਾਰ ਗੰਨੇ ਅਤੇ ਪਿਆਜ਼ ਦੀ ਪੈਦਾਵਾਰ ਘਟੀ ਹੈ।

ਹੁਣ ਹੋਣ ਜਾ ਰਹੇ ਭਾਰਤ ਅਮਰੀਕਾ ਵਪਾਰ ਸਮਝੌਤੇ ਵਰਗੀ ਅਨੇਕਾਂ ਅਣਸਾਵੀਆਂ ਸੰਧੀਆਂ ਸਦਕਾ ਵਿਦੇਸ਼ੀ ਮਾਲ ਉੱਤੇ ਬਣੀ ਨਿਰਭਰਤਾ ਮਹਿੰਗਾਈ ਦਾ ਵੱਡਾ ਕਾਰਨ ਹੈ।ਇਸ ਮੌਕੇ ਗੰਨੇ ਨੂੰ ਈਥਨੋਲ ਬਣਾਉਣ ਲਈ ਵਰਤਣਾ ਬੰਦ ਕਰਨ, ਪਿਆਜ ਵਰਗੀਆਂ ਵਸਤਾਂ ਕੰਟਰੋਲ ਰੇਟ ਤੇ ਮੁਹੱਈਆ ਕਰਨ ਅਤੇ ਕਾਲਾਬਜ਼ਾਰੀ ਨੂੰ ਸਖਤੀ ਨਾਲ ਨੱਥ ਪਾਉਣ, ਤੇਲ ਦੀ ਖਰੀਦ ਦੇ ਮਾਮਲੇ ਵਿੱਚ ਅਮਰੀਕੀ ਦਬਾਅ ਨਾਂ ਮੰਨਣ, ਦੇਸ਼ ਦੀ ਪੈਦਾਵਾਰ ਨੂੰ ਲੋਕਾਂ ਦੀਆਂ ਲੋੜਾਂ ਦੁਆਲੇ ਕੇਂਦਰਿਤ ਕਰਨ ਅਤੇ ਭਾਰਤ ਅਮਰੀਕਾ ਵਪਾਰ ਸਮਝੌਤੇ ਸਮੇਤ ਪਹਿਲਾਂ ਹੋਏ ਸਾਰੇ ਸਮਝੌਤੇ ਰੱਦ ਕਰਨ ਦੀਆਂ ਮੰਗਾਂ ਉਭਾਰੀਆਂ ਗਈਆਂ।ਆਗੂਆਂ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਮਹਿੰਗਾਈ ਦੇ ਇਨ੍ਹਾਂ ਕਾਰਨਾਂ ਦੀ ਵਿਆਖਿਆ ਕਰਦੀ ਮੁਹਿੰਮ ਹੱਥ ਲਈ ਜਾ ਰਹੀ ਹੈ, ਜੋ 15 ਸਤੰਬਰ ਤੱਕ ਜਾਰੀ ਰਹੇਗੀ।

## ਪਰੇਗਾਬਾਲਿਨ ਕੈਪਸੂਲ ਤੇ ਗੋਲੀਆਂ ਦੀ ਦੁਰਵਰਤੋਂ 'ਤੇ ਰੋਕ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਡੈਵੀ ਗੋਇਲ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਹਦੂਦ ਅੰਦਰ ਪਰੇਗਾਬਾਲਿਨ ਕੈਪਸੂਲ/ਗੋਲੀਆਂ ਨੂੰ ਬਿਨਾਂ ਲਾਇਸੰਸ ਰੱਖਣ, ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਰੱਖਣ, ਵੇਚਣ ਤੇ ਇਹ ਦਵਾਈ ਬਿਨਾਂ ਕਿਸੇ ਡਾਕਟਰੀ ਪਰਚੀ (ਪਰੈਸਕਰਿਪਸ਼ਨ) ਤੋਂ ਵਿਕਰੀ 'ਤੇ ਰੋਕ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਇਹ ਹੁਕਮ ਜ਼ਿਲ੍ਹੇ ਦੇ ਹਦੂਦ ਅੰਦਰ 17 ਅਕਤੂਬਰ 2026 ਤੱਕ ਲਾਗੂ ਰਹਿਣਗੇ।ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਵਾਰਡ ਨੰਬਰ 6 ਤੇ 7 'ਚ ਸੀਵਰੇਜ ਓਵਰਫਲੋਅ, ਗੰਦਾ ਪਾਣੀ ਭਰਨ ਨਾਲ ਲੋਕਾਂ ਦਾ ਜੀਵਨ ਹੋਇਆ ਅਸਤ-ਵਿਅਸਤ



**ਮਾਨਸਾ (ਆਤਮਾ ਸਿੰਘ ਪਮਾਰ)**

ਸ਼ਹਿਰ ਦੇ ਵਾਰਡ ਨੰਬਰ 6 ਤੇ 7 'ਚ 33 ਫੁੱਟ ਰੋਡ 'ਤੇ ਸੀਵਰੇਜ਼ ਸਿਸਟਮ ਪੂਰੀ ਤਰ੍ਹਾਂ ਫਲਾਪ ਹੋਣ ਕਾਰਨ ਇਲਾਕੇ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।ਸੀਵਰੇਜ਼ ਓਵਰਫਲੋਅ ਹੋਣ ਤੇ ਪਾਣੀ ਦੀ ਸਹੀ ਨਿਕਾਸੀ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਗਲੀਆਂ 'ਚ ਗੰਦੇ ਪਾਣੀ ਦੇ ਤਲਾਬ ਬਣ ਚੁੱਕੇ ਹਨ।ਇਸ ਗੰਭੀਰ ਸਮੱਸਿਆ ਤੋਂ ਅੱਕ ਕੇ ਇਲਾਕਾ ਨਿਵਾਸੀਆਂ ਵੱਲੋਂ ਸ਼ਹਿਰ 'ਚ ਰੋਸ ਪ੍ਰਦਰਸ਼ਨ ?ਦੌਰਾਨ ਲੱਗੇ ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਗੁਰਜੰਟ ਸਿੰਘ ਮਾਨਸਾ, ਨਰਿੰਦਰ ਕੌਰ ਬੁਰਜ ਹਮੀਰਾ ਤੇ ਸ਼ਹਿਰੀ ਆਗੂ ਅਮਰੀਕ ਸਿੰਘ ਮਾਨਸਾ ਨੇ ਦੱਸਿਆ ਕਿ ਗੰਦਾ ਪਾਣੀ ਲੋਕਾਂ ਦੇ ਘਰਾਂ ਤੱਕ ਵੜ ਰਿਹਾ ਹੈ, ਜਿਸ ਕਾਰਨ ਆਮ ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਿਆ ਹੈ।ਗਲੀਆਂ 'ਚ ਖੜ੍ਹੇ ਇਸ ਗੰਦੇ ਪਾਣੀ ਦੀ ਬਦਬੂ ਕਾਰਨ ਸਾਹ ਲੈਣਾ ਵੀ ਮੁਸ਼ਕਲ ਹੋ ਗਿਆ ਹੈ।ਇਸ ਦੇ ਨਾਲ ਹੀ ਇਹ ਗੰਦਾ ਪਾਣੀ, ਪੀਣ ਵਾਲੇ ਪਾਣੀ 'ਚ ਮਿਲਣ ਕਾਰਣ ਹੈਜ਼ਾ, ਟਾਈਫਾਈਡ ਤੇ ਡੇਂਗੂ ਵਰਗੀਆਂ ਭਿਆਨਕ ਬਿਮਾਰੀਆਂ ਫੈਲਣ ਦਾ ਵੱਡਾ ਡਰ ਬਣਿਆ ਹੋਇਆ ਹੈ ।ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਮਾਜਿਕ ਜੱਥੇਬੰਦੀਆਂ ਤੇ ਕੁੱਝ ਨਗਰ ਕੌਂਸਲਰਾਂ ਵੱਲੋਂ ਠੀਕਰੀ ਵਾਲਾ ਚੌਂਕ 'ਚ ਧਰਨਾ ਲਗਾ ਪਾਸ ਕਰਾਈ ਗਈ ਸੀ।ਉਨ੍ਹਾਂ ਕਥਿਤ ਤੌਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਵਿਧਾਇਕ ਸਿੰਗਲਾ ਸ਼ਹਿਰ ਦੇ ਵਿਕਾਸ ਦੀਆਂ ਹਵਾਈ ਰੀਲਾਂ ਬਣਾ ਬਣਾ ਕੇ ਸੋਸ਼ਲ ਮੀਡੀਆ ਉਤੇ ਪੋਸਟ ਕਰ ਰਹੇ ਹਨ ਜਦ ਕਿ ਇਨ੍ਹਾਂ ਦੀ ਦੇਖ-ਰੇਖ ਹੇਠ ਸ਼ਹਿਰ ਵਿੱਚ ਬਣੀਆਂ ਗਲੀਆਂ ਤੇ ਸੜਕਾਂ ਵੀ ਬਣਦਿਆਂ ਸਾਰ ਹੀ ਘਟੀਆ ਮਟੀਰੀਅਲ ਕਾਰਨ ਟੁੱਟ ਰਹੀਆਂ ਹਨ।ਧਰਨੇ ਨੂੰ ਸੰਬੋਧਨ ਹੁੰਦਿਆਂ ਵਾਰਡ ਨੰਬਰ 7 ਦੇ ਐਮ.ਸੀ ਦਵਿੰਦਰ ਸਿੰਘ ਢਿੱਲੋਂ, ਹਰਜਿੰਦਰ ਕੌਰ, ਗੁਰਜੰਟ ਸਿੰਘ ਉਗਰਾਹਾਂ,ਚਰਨ ਸਿੰਘ ਫੌਜੀ, ਮਿਊਂਸਪਲ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਾਗਰ ਭੋਲਾ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਪ੍ਰਸ਼ਾਸਨ ਤੇ ਸਬੰਧਤ ਵਿਭਾਗ ਦੇ ਅਧਿਕਾਰੀ ਇਸ ਸਮੱਸਿਆ ਪ੍ਰਤੀ ਪੂਰੀ ਤਰ੍ਹਾਂ ਲਾਪ੍ਰਵਾਹ ਬਣੇ ਹੋਏ ਹਨ।ਲੋਕਾਂ ਦੀਆਂ ਅਪੀਲਾਂ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

## ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਜਨਮ ਦਿਨ 'ਤੇ ਸਨਮਾਨ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**

ਬਨਾਸਰ ਬਾਗ ਸਥਿਤ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਮਹੀਨਾਵਾਰ ਜਨਮ ਦਿਨ ਤੇ ਸਨਮਾਨ ਸਮਾਰੋਹ ਸੰਸਥਾ ਦੇ ਪ੍ਰਧਾਨ ਡਾ ਨਰਵਿੰਦਰ ਸਿੰਘ ਕੌਸ਼ਲ ਦੀ ਅਗਵਾਈ ਵਿੱਚ ਕੀਤਾ ਗਿਆ। ਉਨ੍ਹਾਂ ਦੇ ਨਾਲ ਸੰਸਥਾ ਦੇ ਸਰਪ੍ਰਸਤ ਗੁਰਪਾਲ ਸਿੰਘ ਗਿੱਲ, ਜਗਨ ਨਾਥ ਗੋਇਲ ਅਤੇ ਮਹਾਸ਼ਾ ਸੁਰਿੰਦਰ ਪਾਲ ਗੁਪਤਾ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ।ਸਭ ਤੋਂ ਪਹਿਲਾਂ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸੰਸਥਾ ਦੇ ਮੈਂਬਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਜਗਜੀਤ ਸਿੰਘ ਜਨਰਲ ਸਕੱਤਰ ਨੇ ਮੈਂਬਰਾਂ ਦਾ ਸਵਾਗਤ ਕੀਤਾ ਤੇ ਅਗਸਤ ਮਹੀਨੇ ਨਾਲ ਸਬੰਧਤ ਅਹਿਮ ਘਟਨਾਵਾਂ ਦਾ ਜ਼ਿਕਰ ਕੀਤਾ।

ਸੰਸਥਾ ਦੇ ਕੈਸ਼ੀਅਰ ਸ਼ਕਤੀ ਮਿੱਤਲ ਨੇ ਪਿਛਲੇ ਵਿੱਤੀ ਸਾਲ ਦਾ ਲੇਖਾ-ਜੋਖਾ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਪਾਸ ਕਰ ਦਿੱਤਾ।ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਅਰੋੜਾ, ਸੁਰਿੰਦਰ ਪਾਲ ਸਿੰਘ ਸਿਦਕੀ ਨੇ ਜਨਮ ਦਿਨ ਵਾਲੇ ਸਾਥੀਆਂ ਨੂੰ ਵਧਾਈਆਂ ਤੇ ਉਨ੍ਹਾਂ ਦੀ ਸਿਹਤ ਤੰਦਰੁਸਤੀ ਦੀ ਕਾਮਨਾ ਕੀਤੀ।ਸੰਸਥਾ ਦੇ ਵਿਹੜੇ ਵਿੱਚ ਲੇਡੀਜ਼ ਮੈਂਬਰਾਂ ਵੱਲੋਂ ਉਤਸ਼ਾਹ ਭਰਪੂਰ ਮਨਾਏ ਤੀਆਂ ਦੇ ਤਿਉਹਾਰ ਲਈ ਵੀ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ।ਉਪਰੰਤ ਗੀਤ-ਸੰਗੀਤ ਦੇ ਦੌਰ ਵਿੱਚ ਪਵਿੱਤਰ ਕੌਰ ਗਰੇਵਾਲ, ਰਾਜਿੰਦਰ ਕੌਰ, ਦਰਸ਼ਨਾ, ਮਾਸਟਰ ਫ਼ਕੀਰ ਚੰਦ, ਓਮ ਪ੍ਰਕਾਸ਼ ਛਾਬੜਾ ਨੇ ਆਪਣੇ ਅੰਦਾਜ਼ ਅਤੇ ਆਵਾਜ਼ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕੀਤਾ। ਸ਼ਕਤੀ ਮਿੱਤਲ, ਪ੍ਰੇਮ ਚੰਦ ਗਰਗ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ, ਰਾਜ ਕੁਮਾਰ ਬਾਂਸਲ, ਬਾਲ ਕ੍ਰਿਸ਼ਨ, ਸੱਤਦੇਵ ਸ਼ਰਮਾ, ਰਾਜਿੰਦਰ ਸਿੰਘ ਚੰਗਾਲ ਦੀਆਂ ਵੱਖ-ਵੱਖ ਸੇਵਾਵਾਂ ਤਹਿਤ ਅਗਸਤ ਮਹੀਨੇ ਵਿੱਚ ਜਨਮੇ ਸੰਸਥਾ ਦੇ ਮੈਂਬਰਾਂ ਪਵਨ ਕੁਮਾਰ ਗਰਗ, ਵੇਦ ਪ੍ਰਕਾਸ਼ ਗਰਗ, ਕੁਲਦੀਪ ਸਿੰਘ ਡੀ ਈ ਓ, ਲਾਲ ਚੰਦ ਸੈਣੀ, ਨਿਰਮਲ ਸਿੰਘ ਮਾਣਾ, ਚਾਂਦ ਮਘਾਨ, ਨਰਿੰਦਰ ਪਾਲ ਸਿੰਘ ਸਾਹਨੀ ਐਡਵੋਕੇਟ, ਜਗਦੀਸ਼ ਪਾਲ ਸ਼ਰਮਾ, ਅੰਮ੍ਰਿਤ ਲਾਲ ਗਰਗ, ਪਰਮਜੀਤ ਸਿੰਘ ਟਿਵਾਣਾ, ਲੀਲੀ ਰਾਮ, ਮਦਨ ਲਾਲ ਸ਼ਰਮਾ ਆਦਿ ਅਤੇ ਲੇਡੀਜ਼ ਮੈਂਬਰ ਕਿਰਨ ਭੱਲਾ ਕਪੂਰ, ਸੁਨੀਤਾ ਗਰਗ, ਪਰਦੀਪ ਰਾਣੀ ਦੇ ਨਾਲ ਨਵੇਂ ਬਣੇ ਮੈਂਬਰ ਰਾਜ ਰਾਣੀ, ਅਮਰਜੀਤ ਕੌਰ, ਸੁਰਿੰਦਰ ਕੌਰ, ਸੁਖਵਿੰਦਰ ਕੌਰ ਆਦਿ ਨੂੰ ਹਾਰ ਪਾ ਕੇ ਅਤੇ ਗਿਫਟ ਦੇ ਕੇ ਸਨਮਾਨਤ ਕੀਤਾ।ਇਸੇ ਤਰ੍ਹਾਂ ਜਨਮ ਦਿਨ ਵਾਲੇ ਅਤੇ ਨਵੇਂ ਬਣੇ ਮੈਂਬਰ ਸੁਰਿੰਦਰ ਸਿੰਘ, ਮਦਨ ਗੋਪਾਲ, ਹਰਪਾਲ ਸਿੰਘ ਸੰਗਰੂਰਵੀ, ਜੰਟ ਸਿੰਘ ਸੋਹੀਆਂ, ਹੇਮ ਰਾਜ, ਗੁਰਦੇਵ ਸਿੰਘ ਸੇਖੋਂ, ਓਮ ਪ੍ਰਕਾਸ਼ ਘਾਬਦਾਂ, ਵਿਜੈ ਕੁਮਾਰ ਜੈਨ, ਰਾਜਿੰਦਰ ਰਾਜੋਰੀਆ, ਮੰਗਤ ਰਾਜ ਆਦਿ ਨੂੰ ਡਾ ਨਰਵਿੰਦਰ ਸਿੰਘ ਕੌਸ਼ਲ, ਪ੍ਰਧਾਨਗੀ ਮੰਡਲ, ਉਨ੍ਹਾਂ ਦੇ ਸਾਥੀ ਮੈਂਬਰਾਂ ਸਮੇਤ ਰਾਜ ਕੁਮਾਰ ਅਰੋੜਾ, ਸੁਰਿੰਦਰ ਪਾਲ ਸਿੰਘ ਸਿਦਕੀ ਅਤੇ ਹੋਰਾਂ ਨੇ ਨੇ ਹਾਰ ਪਾ ਕੇ ਅਤੇ ਗਿਫ਼ਟ ਦੇ ਕੇ ਸਨਮਾਨਤ ਕੀਤਾ।ਹਾਜ਼ਰ ਜੋੜੀਆਂ ਨੇ ਇੱਕ-ਦੂਜੇ ਦੇ ਹਾਰ ਪਾ ਕੇ ਮਾਹੌਲ ਖੁਸ਼ਗਵਾਰ ਬਣਾ ਦਿੱਤਾ।ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਗੁਰਮੀਤ ਸਿੰਘ ਹੇਅਰ ਮੈਂਬਰ ਪਾਰਲੀਮੈਂਟ ਤੇ ਹਲਕਾ ਵਿਧਾਇਕਾ ਬੀਬੀ ਨਰਿੰਦਰ ਕੌਰ ਭਰਾਜ ਵੱਲੋਂ ਐਲਾਨੀ ਵਿੱਤੀ ਸਹਾਇਤਾ ਨਾਲ ਸੰਸਥਾ ਦਫਤਰ ਦੀ ਦਿੱਖ ਸੰਵਾਰਨ ਲਈ ਲੋੜੀਂਦੇ ਵਿਕਾਸ ਕਾਰਜਾਂ ਨੂੰ ਸ਼ੁਰੂ ਹੋਣ ਬਾਰੇ ਜਾਣਕਾਰੀ ਦਿੱਤੀ ਤੇ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਸੰਸਥਾ ਦੇ ਕੁੱਲ ਮੈਂਬਰਾਂ ਦੀ ਗਿਣਤੀ ਗਿਆਰਾਂ ਸੌ ਤੱਕ ਹੋ ਗਈ ਹੈ।

## ਮੋਹੀ 'ਚ ਬੀ ਕੇ ਯੂ ਏਕਤਾ (ਡਕੌਂਦਾ) ਦੀ ਇਕਾਈ ਗਠਿਤ



**ਰਾਏਕੋਟ (ਸੰਤੋਖ ਗਿੱਲ)**-ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਵੱਲੋਂ ਪਿੰਡ ਮੋਹੀ ਵਿੱਚ ਕਿਸਾਨਾਂ ਦੀ ਇਕੱਤਰਤਾ ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ ਦੀ ਅਗਵਾਈ ਹੇਠ ਹੋਈ।ਕਿਸਾਨੀ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕਰਦਿਆਂ ਆਗੂਆਂ ਨੇ ਕਿਸਾਨਾਂ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 1 ਤੋਂ 7 ਸਤੰਬਰ ਤੱਕ ਚੰਡੀਗੜ੍ਹ ਵਿੱਚ ਦਿੱਤੇ ਜਾ ਰਹੇ ਧਰਨੇ ਵਿੱਚ ਵੱਡੀ ਗਿਣਤੀ ਨਾਲ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਬਲਾਕ ਪ੍ਰਧਾਨ ਰਣਵੀਰ ਸਿੰਘ ਰੁੜਕਾ ਸਾਬਕਾ ਸਰਪੰਚ, ਬਲਾਕ ਪ੍ਰਧਾਨ ਅਜੀਤ ਸਿੰਘ ਧਾਂਦਰਾ ਤੇ ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੀ ਜਾ ਰਹੀ ਮੁਕਤ ਵਪਾਰ ਸਮਝੌਤੇ ਸਬੰਧੀ ਗੱਲਬਾਤ ਕਿਸਾਨਾਂ ਤੇ ਖੇਤੀਬਾੜੀ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਸਮਝੌਤੇ ਲਾਗੂ ਹੋਣ ਨਾਲ ਭਾਰਤੀ ਖੇਤੀ ਅਤੇ ਘਰੇਲੂ ਮੰਡੀ 'ਤੇ ਵਿਦੇਸ਼ੀ ਉਤਪਾਦਾਂ ਦਾ ਦਬਾਅ ਵਧੇਗਾ, ਜਿਸ ਦਾ ਸਿੱਧਾ ਅਸਰ ਕਿਸਾਨਾਂ ਤੇ ਦੇਸ਼ ਦੇ ਉਦਯੋਗ 'ਤੇ ਪਵੇਗਾ।ਆਗੂਆਂ ਨੇ ਕਿਹਾ ਕਿ ਪਾਣੀਆਂ ਦੀ ਰਾਖੀ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਾਉਣ ਅਤੇ ਫ਼ਸਲਾਂ ਲਈ ਐੱਮ.ਐੱਸ.ਪੀ ਦੀ ਕਾਨੂੰਨੀ ਗਾਰੰਟੀ ਸਮੇਤ ਹੋਰ ਕਿਸਾਨੀ ਮੰਗਾਂ ਦੀ ਪ੍ਰਾਪਤੀ ਲਈ ਚੰਡੀਗੜ੍ਹ ਵਿੱਚ ਦਿੱਤਾ ਜਾ ਰਿਹਾ ਦਿਨ-ਰਾਤ ਦਾ ਧਰਨਾ ਸੰਘਰਸ਼ ਨੂੰ ਹੋਰ ਮਜ਼ਬੂਤ ਕਰੇਗਾ।ਉਨ੍ਹਾਂ ਕਿਸਾਨਾਂ ਨੂੰ ਇੱਕਜੁੱਟ ਹੋ ਕੇ ਇਸ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

## ਸੁਖਬੀਰ ਸਿੰਘ ਬਾਦਲ ਨੂੰ ਮਿਲ ਕੇ ਹਾਲ-ਚਾਲ ਜਾਣਿਆ



**ਸ੍ਰੀ ਮੁਕਤਸਰ ਸਾਹਿਬ, (ਸ਼ੁਮਿੰਦਰਪਾਲ, ਪੂਜਾ)**-ਸ਼ੂਗਰ ਮਿੱਲ ਫ਼ਰੀਦਕੋਟ ਦੇ ਸਾਬਕਾ ਚੇਅਰਮੈਨ ਮਨਜੀਤ ਸਿੰਘ ਫੱਤਣਵਾਲਾ, ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਤੇ ਜੈਰਾਜ ਸਿੰਘ ਬਰਾੜ ਫੱਤਣਵਾਲਾ ਕੌਮੀ ਪ੍ਰਧਾਨ ਯੂਥ ਅਕਾਲੀ ਦਲ ਨੇ ਪਿੰਡ ਬਾਦਲ ਵਿਖੇ ਪਹੁੰਚ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮਿਲ ਕੇ ਗੁਲਦਸਤਾ ਭੇਟ ਕੀਤਾ ਤੇ ਹਾਲ-ਚਾਲ ਜਾਣਿਆ ਅਤੇ ਉਨ੍ਹਾਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਚੜ੍ਹਦੀ ਕਲਾ ਵਿੱਚ ਹਨ ਤੇ ਜਲਦ ਹੀ ਸਿਹਤਯਾਬ ਹੋ ਕੇ ਮੁੜ ਪੰਜਾਬ ਦੇ ਲੋਕਾਂ ਦੀ ਸੇਵਾ ਵਿੱਚ ਲੱਗਣਗੇ।

## ਹਰੀਨੌਂ ਦੇ ਦਰਜਨਾਂ ਪਰਵਾਰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਕੋਟਕਪੂਰਾ (ਰਛਪਾਲ ਭੁੱਲਰ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਦੀ ਸਰਪ੍ਰਸਤੀ ਹੇਠ ਤੇ ਯੂਥ ਆਗੂ ਐਡਵੋਕੇਟ ਅਨੁਪ੍ਰਤਾਪ ਸਿੰਘ ਬਰਾੜ ਦੀ ਗਤੀਸ਼ੀਲ ਅਤੇ ਯੋਗ ਅਗਵਾਈ ਹੇਠ ਹਲਕਾ ਕੋਟਕਪੂਰਾ ਦੇ ਪਿੰਡ ਹਰੀ ਨੌਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਪਿੰਡ ਦੇ ਦਰਜਨਾਂ ਪਰਵਾਰਾਂ ਨੇ ਵਿਰੋਧੀ ਧਿਰਾਂ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਵੱਡਾ ਐਲਾਨ ਕੀਤਾ।ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਸਮੂਹ ਪਰਿਵਾਰਾਂ ਦਾ ਐਡਵੋਕੇਟ ਅਨੁਪ੍ਰਤਾਪ ਸਿੰਘ ਬਰਾੜ ਤੇ ਪਾਰਟੀ ਲੀਡਰਸ਼ਿਪ ਵੱਲੋਂ ਜੀ ਆਇਆਂ ਆਖਦਿਆਂ ਸਿਰੋਪਾਓ ਬਖ਼ਸ਼ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਅਨੁਪ੍ਰਤਾਪ ਸਿੰਘ ਬਰਾੜ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ?-ਪੱਖੀ ਨੀਤੀਆਂ 'ਤੇ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਤੋਂ ਤੰਗ ਆ ਚੁੱਕੇ ਹਨ ਅਤੇ ਪੰਜਾਬ ਦੇ ਭਲਾਈ ਭਵਿੱਖ ਲਈ ਸ਼੍ਰੋਮਣੀ ਅਕਾਲੀ ਦਲ ਵੱਲ ਵੱਡੀ ਉਮੀਦ ਨਾਲ ਵੇਖ ਰਹੇ ਹਨ।ਅਕਾਲੀ ਦਲ ਹੀ ਪੰਜਾਬੀਆਂ ਦੀ ਆਪਣੀ ਸਿਰਮੌਰ ਖੇਤਰੀ ਪਾਰਟੀ ਹੈ, ਜਿਸ ਨੇ ਹਮੇਸ਼ਾਂ ਪੰਜਾਬ ਦੇ ਹੱਕਾਂ, ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਦੀ ਆਵਾਜ਼ ਬੁਲੰਦ ਕੀਤੀ ਹੈ।ਪਾਰਟੀ ਦੀ ਮਜ਼ਬੂਤੀ ਦਾ ਸੁਨੇਹਾ ਦਿੰਦਿਆਂ ਇਲਾਕੇ ਦੇ ਸੀਨੀਅਰ ਆਗੂ ਤੇ ਅਹੁਦੇਦਾਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਹਾਜ਼ਰ ਮੁੱਖ ਸ਼ਖ਼ਸੀਅਤਾਂ ਵਿੱਚ ਕੁਲਦੀਪ ਸਿੰਘ ਬਰਾੜ, ਜਸਵਿੰਦਰ ਸਿੰਘ ਕਾਲਾ ਵੜਿੰਗ, ਗੁਰਜੰਟ ਸਿੰਘ ਨੀਲਾ ਵੜਿੰਗ, ਰਣਜੀਤ ਸਿੰਘ ਠਾੜਾ, ਹੁਸ਼ਿਆਰ ਸਿੰਘ ਸਿੱਧੂ, ਅਕੇਸ਼ ਸਿੰਘ ਬਰਾੜ (ਸਰਪੰਚ), ਮੇਲਾ ਸਿੰਘ (ਸਾਬਕਾ ਮੈਂਬਰ) ਤੇ ਹਰਮਨ ਸਿੰਘ ਸਿੱਧੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਵੀ ਮੌਜੂਦ ਸਨ।ਸਮਾਗਮ ਦੇ ਅੰਤ ਵਿੱਚ ਸਾਰੇ ਹਾਜ਼ਰ ਆਗੂਆਂ ਨੇ ਪਾਰਟੀ ਦੀ ਚੜ੍ਹਦੀਕਲਾ ਲਈ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ।

# ਪੰਜਾਬੀ ਫਿਰਕੂ ਫਾਸ਼ੀਵਾਦੀ ਭਾਜਪਾ ਦੇ ਵੰਡਪਾਊ ਮਨਸੂਬਿਆਂ ਤੋਂ ਸਾਵਧਾਨ ਰਹਿਣ : ਪਾਸਲਾ

**ਬੰਗਾ (ਅਵਤਾਰ ਕਲੇਰ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜਨਰਲ ਬਾਡੀ ਮੀਟਿੰਗ ਪਿੰਡ ਜਗਤਪੁਰ ਵਿਖੇ ਹਰਪਾਲ ਸਿੰਘ ਜਗਤਪੁਰ ਜ਼ਿਲ੍ਹਾ ਪ੍ਰਧਾਨ, ਸੋਢੀ ਰਾਮ ਸਾਬਕਾ ਸਰਪੰਚ, ਡਾ: ਹਰੀ ਬਿਲਾਸ, ਸੁਰਿੰਦਰ ਭੱਟੀ, ਕਰਨੈਲ ਚੰਦ ਚੱਕ ਬਿਲਗਾ, ਸੋਮ ਲਾਲ ਬੱਧਪਿਆ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਦੇ ਆਰੰਭ ਵਿੱਚ ਉਘੇ ਸਾਹਿਤਕਾਰ, ਕਵੀ, ਲੇਖਕ, ਖੇਤੀ ਪ੍ਰੇਮੀ ਅਤੇ ਰਾਜਨੀਤਕ ਸ਼ਖ਼ਸੀਅਤ ਜੋ ਕਿ ਪਿੰਡ ਜਗਤਪੁਰ ਦੇ ਹੀ ਵਾਸੀ ਸਨ, ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੇਂਦਰੀ ਜਨਰਲ ਸਕੱਤਰ ਕਾਮਰੇਡ ਪਾਸਲਾ ਨੇ ਪੰਜਾਬ, ਭਾਰਤ ਅਤੇ ਕੌਮਾਂਤਰੀ ਹਾਲਾਤਾਂ ਦੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਭਾਰਤ ਦੇ ਅਤੇ ਗਰੀਬ ਵਰਗ ਅਤੇ ਮੱਧ ਵਰਗ ਦੀਆਂ ਚਿੰਤਾਜਨਕ ਜੀਵਨ ਹਾਲਤਾਂ ਬਾਰੇ ਚਰਚਾ ਕੀਤੀ। ਉਹਨਾਂ ਨੇ ਕਿਹਾ ਕਿ ਮੌਜੂਦਾ ਸਮੇਂ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਦੇ ਖਤਰਨਾਕ ਏਜੰਡੇ ਤਹਿਤ ਪੂਰੇ ਭਾਰਤ ਵਿੱਚ ਫਿਰਕਾਪ੍ਰਸਤੀ ਤੇ ਨਫ਼ਰਤੀ ਲਹਿਰ ਪੂਰੇ ਜ਼ੋਰਸ਼ੋਰ ਨਾਲ ਫੈਲਾਈ ਜਾ ਰਹੀ ਹੈ। ਆਰ ਐਸ ਐਸ /ਬੀ ਜੇ ਪੀ ਵੱਲੋਂ ਭਾਰਤੀ ਸੰਵਿਧਾਨ ਦੀ ਥਾਂ ਮਨੂ ਸਮ੍ਰਿਤੀ ਲਾਗੂ ਕਰਦਿਆਂ ਮੁੱਖ ਭਾਰਤ ਦੇ ਹਰ ਕੋਨੇ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਹਨਾਂ ਨੇ ਸਭਨਾਂ ਨੂੰ ਸੁਚੇਤ ਤੇ ਸਾਵਧਾਨ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਅਜਿਹੇ ਹੀ ਹਮਲਿਆਂ ਦਾ ਸ਼ਿਕਾਰ ਭਾਰਤ ਦੇ ਆਦਿਵਾਸੀ, ਦਲਿਤ ਅਤੇ ਸਿੱਖ ਵੀ ਹੋਣਗੇ। ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਵਲੋਂ ਪਹਿਲਾਂ ਹੀ ਚੰਡੀਗੜ੍ਹ ਨੂੰ ਪੰਜਾਬ ਤੋਂ ਵੱਖ ਕਰਕੇ ਯੂ ਟੀ ਬਣਾ ਦੇਣ ਨਾਲ ਇਹ ਸਿੱਧ ਹੋ ਗਿਆ ਹੈ ਕਿ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਪੰਜਾਬ ਦੀ ਹਿਤੈਸ਼ੀ ਨਹੀਂ ਹੋ ਸਕਦੀ। ਉਹਨਾਂ ਆ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਹਰ ਹਾਲ ਭਾਜਪਾ ਨੂੰ ਪੰਜਾਬ ਦੀ ਸੱਤਾ ਤੋਂ ਲਾਂਭੇ ਰਖਣ ਦਾ ਸੱਦਾ ਦਿੱਤਾ। ਕੁਲਦੀਪ ਸਿੰਘ ਦੌੜਕਾ ਨੇ 20 ਸਤੰਬਰ ਦੀ ਜਲੰਧਰ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਹੋਣ ਦੀ ਅਪੀਲ ਕੀਤੀ। ਇਸ ਸਮੇਂ ਮਾ. ਰਾਮ ਪਾਲ, ਰੇਸ਼ਮ ਪੰਚ, ਮਾ. ਸੋਹਣ ਸਿੰਘ, ਅਸ਼ਵਨੀ ਪੰਚ, ਪਰਮਜੀਤ ਪੰਚ, ਸੁਖਵਿੰਦਰ ਪੱਪੂ, ਬਲਿਹਾਰ ਪੰਚ, ਸਤਨਾਮ ਸਿੰਘ ਸੂਜੋਂ, ਸੁਬੇਦਾਰ ਮੇਜਰ ਸਿੰਘ, ਦਿਲਬਾਗ ਸਿੰਘ, ਬਲਵੀਰ ਬਘੌਰਾ, ਪਰਮਜੀਤ ਲਿਦੱੜ, ਮਾ. ਗੁਰਦਿਆਲ ਸਿੰਘ, ਮਾ. ਰਜਿੰਦਰ ਸਿੰਘ ਦੇਹਲ, ਸੋਹਣ ਲਾਲ ਭੱਟੀ, ਹਰਨੇਕ ਸਿੰਘ, ਗੁਰਦੀਪ ਸਿੰਘ ਬੀਕਾ, ਹਰਵਿੰਦਰ ਸਿੰਘ ਥੋਪੀਆ ਸੁਰਿੰਦਰ ਪਾਲ, ਆਦਿ ਸ਼ਾਮਲ ਸਨ।ਅੰਤ ਵਿੱਚ ਹਰਪਾਲ ਸਿੰਘ ਜਗਤਪੁਰ ਜ਼ਿਲ੍ਹਾ ਪ੍ਰਧਾਨ ਨੇ ਆਏ ਮੈਂਬਰਾਨ ਦਾ ਧੰਨਵਾਦ ਕਰਦਿਆਂ, 20 ਸਤੰਬਰ ਦੀ ਜਲੰਧਰ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਵਿਸ਼ਵਾਸ ਦਵਾਇਆ।



# 'ਆਪ' ਦੇ ਨਵ-ਨਿਯੁਕਤ ਹਲਕਾ ਇੰਚਾਰਜ ਜਸਵੀਰ ਸਿੰਘ ਗੜ੍ਹੀ ਨੇ ਸ਼ੁਕਰਾਨਾ ਯਾਤਰਾ ਕੱਢੀ



**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਲਈ ਨਵ-ਨਿਯੁਕਤ ਕੀਤੇ ਗਏ ਹਲਕਾ ਇੰਚਾਰਜ ਜਸਵੀਰ ਸਿੰਘ ਗੜ੍ਹੀ ਸਾਬਕਾ ਚੇਅਰਮੈਨ ਐੱਸ ਸੀ ਕਮਿਸ਼ਨ ਪੰਜਾਬ ਵੱਲੋਂ ਹਲਕੇ ਵਿੱਚ ਸ਼ੁਕਰਾਨਾ ਯਾਤਰਾ ਕੱਢੀ। ਨਵ-ਨਿਯੁਕਤ ਹਲਕਾ ਇੰਚਾਰਜ ਜਸਵੀਰ ਸਿੰਘ ਗੜ੍ਹੀ ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਸਮੇਤ ਹਲਕੇ ਦੇ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋਣ ਲਈ ਸ਼ੁਕਰਾਨਾ ਯਾਤਰਾ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਪਰ ਇਸ ਯਾਤਰਾ ਦੌਰਾਨ ਹਲਕਾ ਵਿਧਾਇਕ ਸਮੇਤ ਪਾਰਟੀ ਦੇ ਕਈ ਅਹੁਦੇਦਾਰ, ਕੌਂਸਲਰ ਅਤੇ ਪੰਚ-ਸਰਪੰਚ ਗੈਰ-ਹਾਜ਼ਰ ਰਹੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ, ਸਾਬਕਾ ਪ੍ਰਧਾਨ ਨਗਰ ਕੌਂਸਲ ਸ੍ਰੀ ਚਮਕੌਰ ਸਾਹਿਬ, ਮਾਰਕੀਟ ਕਮੇਟੀ ਮੋਰਿੰਡਾ ਦੇ ਸਾਬਕਾ ਚੇਅਰਮੈਨ ਐੱਨ ਪੀ ਰਾਣਾ, ਸਾਬਕਾ ਚੇਅਰਮੈਨ ਸਿਕੰਦਰ ਸਿੰਘ ਸਹੇੜੀ, ਕੁਲਦੀਪ ਸਿੰਘ ਬੱਬੀ, ਬਲਵਿੰਦਰ ਸਿੰਘ ਪੰਧੇਰ, ਨਿਰਮਲ ਪ੍ਰੀਤ ਸਿੰਘ ਮਿਹਰਬਾਨ, ਕੇਸਰ ਸਿੰਘ ਸਮਾਣਾ, ਚੇਅਰਮੈਨ ਮਾਰਕੀਟ ਕਮੇਟੀ ਮੋਰਿੰਡਾ, ਸਰਪੰਚ ਅਮਨਦੀਪ ਸਿੰਘ ਸਮਾਣਾ ਕਲਾਂ, ਸਰਪੰਚ ਦਲਵੀਰ ਸਿੰਘ ਮੁੰਡੀ, ਸਾਬਕਾ ਕੌਂਸਲਰ ਰਜਿੰਦਰ ਕੁਮਾਰ ਬੱਬਾ ਆਦਿ ਹਾਜ਼ਰ ਸਨ।

# ਪੰਜਾਬ ਦੀਆਂ 518 ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ ਨੇ ਕਿਹਾ ਕਿ ਪੰਜਾਬ ਗਊ ਸੇਵਾ ਕਮਿਸ਼ਨ ਗਊਧਨ ਦੀ ਸੰਭਾਲ ਅਤੇ ਗਊਸ਼ਾਲਾਵਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ

**● ਹੁਸ਼ਿਆਰਪੁਰ ਦੀਆਂ 22 ਗਊਸ਼ਾਲਾਵਾਂ ਸ਼ਾਮਲ : ਕੀਮਤੀ ਭਗਤ**

ਯਤਨ ਕਰ ਰਿਹਾ ਹੈ। ਕਮਿਸ਼ਨ ਵੱਲੋਂ ਸੂਬੇ ਦੀਆਂ 518 ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਵਾਏ ਗਏ ਹਨ, ਜਿਨ੍ਹਾਂ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ 22 ਗਊਸ਼ਾਲਾਵਾਂ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਸਹੂਲਤਾਂ ਦਾ ਲਾਭ ਸਿਰਫ਼ ਪੰਜਾਬ ਗਊ ਸੇਵਾ ਕਮਿਸ਼ਨ ਨਾਲ ਰਜਿਸਟਰਡ ਗਊਸ਼ਾਲਾਵਾਂ ਨੂੰ ਹੀ ਮਿਲੇਗਾ। ਕੀਮਤੀ ਭਗਤ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੇ ਦਫ਼ਤਰ ਵਿੱਚ ਗਊਸ਼ਾਲਾ ਪ੍ਰਬੰਧਕਾਂ ਨੂੰ ਕਮਿਸ਼ਨ ਵੱਲੋਂ ਜਾਰੀ ਰਜਿਸਟ੍ਰੇਸ਼ਨ ਸਰਟੀਫਿਕੇਟ ਸੌਂਪਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਸਾਰੇ ਗਊਸ਼ਾਲਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਜਲਦ ਤੋਂ ਜਲਦ ਆਪਣੀਆਂ ਗਊਸ਼ਾਲਾਵਾਂ ਦਾ ਪੰਜਾਬ ਗਊ ਸੇਵਾ ਕਮਿਸ਼ਨ ਨਾਲ ਰਜਿਸਟ੍ਰੇਸ਼ਨ ਕਰਵਾਉਣ ਤਾਂ ਜੋ ਉਨ੍ਹਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਸਹੂਲਤਾਂ ਦਾ ਲਾਭ ਮਿਲ ਸਕੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਗਊਸ਼ਾਲਾਵਾਂ ਦੇ 100 ਕਰੋੜ ਰੁਪਏ ਤੋਂ ਵੱਧ ਦੇ ਬਿਜਲੀ ਬਿੱਲ ਮੁਆਫ਼ ਕੀਤੇ ਜਾ ਚੁੱਕੇ ਹਨ। ਇਸ ਲਈ ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜ਼ਖ਼ਮੀ ਗਊਧਨ ਦੇ ਇਲਾਜ ਲਈ ਵੀ ਕਮਿਸ਼ਨ ਦੀ ਸਿਫ਼ਾਰਸ਼ 'ਤੇ ਸਰਕਾਰ ਵੱਲੋਂ ਕਾਓ ਲਿਫਟਰ ਮੁਹੱਈਆ ਕਰਵਾਏ ਗਏ ਹਨ। ਸੂਬੇ ਦੀਆਂ ਗਊਸ਼ਾਲਾਵਾਂ ਨੂੰ ਕੁੱਲ 118 ਕਾਓ ਲਿਫਟਰ ਮਿਲੇ ਹਨ, ਜਿਨ੍ਹਾਂ ਵਿੱਚੋਂ 21 ਹੁਸ਼ਿਆਰਪੁਰ ਜ਼ਿਲ੍ਹੇ ਨੂੰ ਮੁਹੱਈਆ ਕਰਵਾਏ ਗਏ ਹਨ। ਉਪ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਊਸ਼ਾਲਾਵਾਂ ਵਿੱਚ ਰੱਖੀ ਹਰੇਕ ਗਾਂ ਲਈ ਰੋਜ਼ਾਨਾ 61 ਰੁਪਏ ਦੇਣ ਸੰਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ। ਜਲਦ ਹੀ ਇਸ ਸੰਬੰਧੀ ਮੀਟਿੰਗ ਕਰਕੇ ਗਊਸ਼ਾਲਾਵਾਂ ਨੂੰ ਇਹ ਰਾਸ਼ੀ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸਹੂਲਤ ਵੀ ਸਿਰਫ਼ ਕਮਿਸ਼ਨ ਨਾਲ ਰਜਿਸਟਰਡ ਗਊਸ਼ਾਲਾਵਾਂ ਨੂੰ ਹੀ ਮਿਲੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਚੇਚੀ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਗੁਰਦੀਪ ਸਿੰਘ, ਸਹਾਇਕ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਅਵਤਾਰ ਸਿੰਘ, ਰਾਕੇਸ਼ ਸਾਹਨੀ, ਅਸ਼ਵਨੀ ਗੌੜ ਸਮੇਤ ਗਊਸ਼ਾਲਾਵਾਂ ਦੇ ਪ੍ਰਬੰਧਕ ਅਤੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।



# ਮੋਹਿੰਦਰ ਭਗਤ ਵੱਲੋਂ 'ਵਾਇਰਸ ਇੰਡੈਕਸਿੰਗ ਲੈਬ' ਦਾ ਉਦਘਾਟਨ

**ਅਲਾਵਲਪੁਰ, (ਮਦਨ ਬੰਗੜ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੈਂਟਰ ਆਫ ਐਕਸੀਲੈਂਸ ਫਾਰ ਪੋਟੈਟੋ, ਧੋਗੜੀ ਦੇ ਇੰਚਾਰਜ ਡਾ. ਦਮਨਦੀਪ ਸਿੰਘ ਦੀ ਦੇਖਰੇਖ ਹੇਠ ਸੈਂਟਰ ਵਿਖੇ ਸਥਾਪਿਤ ਕੀਤੀ ਗਈ 'ਵਾਇਰਸ ਇੰਡੈਕਸਿੰਗ ਲੈਬ' ਦਾ ਉਦਘਾਟਨ ਪੰਜਾਬ ਦੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਕੀਤਾ ਗਿਆ। ਇਸ ਮੌਕੇ ਮੋਹਿੰਦਰ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਅਤੇ ਬਾਗਬਾਨੀ ਖੇਤਰ ਨੂੰ ਆਧੁਨਿਕ ਤਕਨੀਕਾਂ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਵਾਇਰਸ ਇੰਡੈਕਸਿੰਗ ਲੈਬ ਦੀ ਸਥਾਪਨਾ ਨਾਲ ਆਲੂ ਦੀ ਫ਼ਸਲ ਵਿੱਚ ਵਾਇਰਸ ਸੰਬੰਧੀ ਜਾਂਚ ਅਤੇ ਬਿਮਾਰੀ ਰਹਿਤ ਬੀਜ ਤਿਆਰ ਕਰਨ ਵਿੱਚ ਮਦਦ ਮਿਲੇਗੀ। ਇਸ ਨਾਲ ਕਿਸਾਨਾਂ ਨੂੰ ਮਿਆਰੀ ਬੀਜ ਮੁਹੱਈਆ ਕਰਵਾਉਣ ਦੇ ਨਾਲ-ਨਾਲ ਫ਼ਸਲ ਦੀ ਪੈਦਾਵਾਰ ਵਧਾਉਣ ਵਿੱਚ ਵੀ ਸਹਾਇਤਾ ਮਿਲੇਗੀ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਤੇ ਵਿਗਿਆਨਕ ਢੰਗਾਂ ਬਾਰੇ ਜਾਗਰੂਕ ਕਰਨਾ ਵੀ ਸਰਕਾਰ ਦੀ ਤਰਜੀਹ ਹੈ। ਇਸ ਮੌਕੇ ਮੁੱਖ ਮਹਿਮਾਨਾਂ ਵੱਲੋਂ ਸੈਂਟਰ ਦੇ ਵਿਹੜੇ ਵਿੱਚ ਪੌਦਾ ਵੀ ਲਗਾਇਆ ਗਿਆ ਅਤੇ ਵਾਤਾਵਰਨ ਦੀ ਸੰਭਾਲ ਦਾ ਸੰਦੇਸ਼ ਦਿੱਤਾ ਗਿਆ।

ਸਮਾਗਮ ਦੌਰਾਨ ਕਿਸਾਨਾਂ ਨੂੰ ਬਾਗਬਾਨੀ ਅਤੇ ਖੇਤੀਬਾੜੀ ਸਬੰਧੀ ਜਾਣਕਾਰੀ ਦੇਣ ਲਈ ਇੱਕ ਕਿਤਾਬਚਾ ਵੀ ਰਿਲੀਜ਼ ਕੀਤਾ ਗਿਆ, ਜਦਕਿ ਘਰਾਂ ਵਿੱਚ ਸਬਜ਼ੀਆਂ ਅਤੇ ਹੋਰ ਪੌਦੇ ਉਗਾਉਣ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ 'ਘਰੇਲੂ ਬਗੀਚੀ ਕਿੱਟ' ਵੀ ਜਾਰੀ ਕੀਤੀ ਗਈ। ਇਸ ਮੌਕੇ ਅਰਸ਼ਦੀਪ ਸਿੰਘ ਥਿੰਦ ਪ੍ਰਿੰਸੀਪਲ ਸਕੱਤਰ ਬਾਗਬਾਨੀ ਅਤੇ ਖੇਤੀਬਾੜੀ ਕਿਸਾਨ ਭਲਾਈ ਵਿਭਾਗ ਪੰਜਾਬ, ਸ੍ਰੀ ਬਲਕਾਰ ਸਿੰਘ, ਹਲਕਾ ਕਰਤਾਰਪੁਰ ਤੋਂ ਇਲਾਵਾ ਬਾਗਬਾਨੀ ਵਿਭਾਗ ਦੇ ਅਧਿਕਾਰੀ, ਕਿਸਾਨ ਅਤੇ ਹੋਰ ਪਤਵੰਤੇ ਹਾਜ਼ਰ ਸਨ। ਇਸ ਮੌਕੇ ਸੈਂਟਰ ਇਨਚਾਰਜ ਡਾ. ਦਮਨਦੀਪ ਸਿੰਘ ਨੇ ਦੱਸਿਆ ਕਿ ਸੈਂਟਰ ਵਿਖੇ ਕਿਸਾਨਾਂ ਨੂੰ ਆਲੂ ਦੀ ਫ਼ਸਲ ਸਬੰਧੀ ਆਧੁਨਿਕ ਤਕਨੀਕਾਂ, ਬਿਮਾਰੀਆਂ ਦੀ ਰੋਕਥਾਮ ਅਤੇ ਗੁਣਵੱਤਾ ਭਰਪੂਰ ਬੀਜ ਉਤਪਾਦਨ ਸੰਬੰਧੀ ਵਿਗਿਆਨਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।



# ਬੈਂਕ ਦਾ ਏ ਟੀ ਐਮ ਪੁੱਟ ਕੇ ਲਿਜਾਣ ਵਾਲੇ 2 ਮੁਲਜ਼ਮ ਕਾਬੂ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਰੂਪਨਗਰ ਪੁਲਿਸ ਨੇ ਮੋਰਿੰਡਾ ਦੇ ਸੂਗਰ ਮਿੱਲ ਰੋਡ ਸਥਿਤ ਐੱਚ ਡੀ ਐੱਫ ਸੀ ਬੈਂਕ ਦਾ ਏ ਟੀ ਐਮ ਪੁੱਟ ਕੇ ਲਿਜਾਣ ਦੇ ਮਾਮਲੇ ਨੂੰ ਟਰੇਸ ਕਰਦਿਆਂ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਕੋਲੋਂ ਵਾਰਦਾਤ ਲਈ ਵਰਤੀ ਗਈ ਸਵਿਫਟ ਕਾਰ, ਏ ਟੀ ਐਮ ਤੋੜਨ ਲਈ ਵਰਤਿਆ ਲੋਹੇ ਦਾ ਘਣ, ਕੁਹਾੜਾ ਅਤੇ ਰੱਸਾ ਬਰਾਮਦ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਪਤਾਨ ਪੁਲਿਸ ਡਿਟੈਕਟਿਵ ਰੂਪਨਗਰ ਪਰਵਿੰਦਰ ਸਿੰਘ ਚੀਮਾ ਨੇ ਦੱਸਿਆ ਕਿ ਸੀਨੀਅਰ ਕਪਤਾਨ ਪੁਲਸ ਰੂਪਨਗਰ ਮਨਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੁਲਿਸ ਟੀਮਾਂ ਵੱਲੋਂ ਮਾੜੇ ਅਨਸਰਾਂ ਅਤੇ ਗੈਂਗਸਟਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੌਰਾਨ ਇਹ ਸਫਲਤਾ ਹਾਸਲ ਹੋਈ ਹੈ।ਉਨ੍ਹਾਂ ਦੱਸਿਆ ਕਿ 24 ਅਤੇ 25 ਅਗਸਤ ਦੀ ਦਰਮਿਆਨੀ ਰਾਤ ਨੂੰ ਕੁਝ ਵਿਅਕਤੀਆਂ ਵੱਲੋਂ ਸ਼ੂਗਰ ਮਿੱਲ ਰੋਡ ਮੋਰਿੰਡਾ ਸਥਿਤ ਐੱਚ ਡੀ ਐੱਫ ਸੀ ਬੈਂਕ ਦਾ ਏ ਟੀ ਐਮ ਪੁੱਟ ਲਿਆ ਗਿਆ ਸੀ। ਮੁਲਜ਼ਮਾਂ ਨੇ ਏ ਟੀ ਐਮ ਨੂੰ ਸਵਿਫਟ ਕਾਰ ਦੇ ਪਿੱਛੇ ਰੱਸੇ ਨਾਲ ਬੰਨ੍ਹ ਕੇ ਘਸੀਟਦੇ ਹੋਏ ਲਿਜਾਣ ਦੀ ਕੋਸ਼ਿਸ਼ ਕੀਤੀ। ਕੁਝ ਦੂਰੀ 'ਤੇ ਏ ਟੀ ਐਮ ਦੇ ਟੁੱਟੇ ਹੋਏ ਪੁਰਜ਼ੇ ਅਤੇ ਸਕਰੀਨ ਆਦਿ ਮਿਲੇ ਸਨ। ਇਸ ਦੌਰਾਨ ਕਾਰ ਸਵਾਰਾਂ ਵੱਲੋਂ ਪਿੰਡ ਕਾਈਨੌਰ ਦੀਆਂ ਗਲੀਆਂ ਵਿੱਚ ਹੋਰ ਵਾਹਨਾਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਅਤੇ ਮੁਲਜ਼ਮ ਕਾਰ ਛੱਡ ਕੇ ਫਰਾਰ ਹੋ ਗਏ ਸਨ।ਇਸ ਮਾਮਲੇ ਸਬੰਧੀ ਥਾਣਾ ਸਿਟੀ ਮੋਰਿੰਡਾ ਵਿਖੇ 25 ਅਗਸਤ ਨੂੰ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਮਾਮਲੇ ਨੂੰ ਟਰੇਸ ਕਰਨ ਲਈ ਵੱਖ-ਵੱਖ ਪੁਲਸ ਟੀਮਾਂ ਬਣਾਈਆਂ ਗਈਆਂ।ਪੁਲਸ ਨੇ ਖੁਫੀਆ ਸੂਤਰਾਂ, ਸੀ.ਸੀ.ਟੀ.ਵੀ. ਫੁਟੇਜ ਅਤੇ ਤਕਨੀਕੀ ਸਹਾਇਤਾ ਦੇ ਆਧਾਰ 'ਤੇ ਮੁਲਜ਼ਮਾਂ ਨੂੰ ਟਰੇਸ ਕਰਕੇ ਕਾਬੂ ਕੀਤਾ। ਕਾਬੂ ਕੀਤੇ ਮੁਲਜ਼ਮਾਂ ਦੀ ਪਛਾਣ ਸਿਮਰਨਜੀਤ ਸਿੰਘ ਉਰਫ਼ ਅਭੀ, ਪੁੱਤਰ ਕੁਲਵੀਰ ਸਿੰਘ, ਵਾਸੀ ਪਿੰਡ ਚੰਬਾ ਕਲਾਂ, ਥਾਣਾ ਚੋਲਾ ਸਾਹਿਬ, ਜ਼ਿਲ੍ਹਾ ਤਰਨਤਾਰਨ, ਉਮਰ ਕਰੀਬ 19 ਸਾਲ ਅਤੇ ਕੁਲਵਿੰਦਰ ਸਿੰਘ ਉਰਫ਼ ਕਿੰਦਾ ਉਰਫ਼ ਕੁੱਲਾ, ਪੁੱਤਰ ਮੱਖਣ ਸਿੰਘ, ਵਾਸੀ ਪਿੰਡ ਸੰਗਤਪੁਰਾ, ਥਾਣਾ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ, ਉਮਰ ਕਰੀਬ 20 ਸਾਲ ਵਜੋਂ ਹੋਈ ਹੈ। ਦੋਵਾਂ ਨੂੰ 26 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਿਸ ਅਨੁਸਾਰ ਰਿਮਾਂਡ ਦੌਰਾਨ ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਇਲਾਵਾ 11 ਤੇ 12 ਅਗਸਤ ਦੀ ਦਰਮਿਆਨੀ ਰਾਤ ਨੂੰ ਨੰਗਲ ਦੀ ਜਵਾਹਰ ਮਾਰਕੀਟ ਸਥਿਤ ਬੈਂਕ ਆਫ ਬੜੌਦਾ ਦੇ ਏ ਟੀ ਐਮ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਸਬੰਧੀ ਥਾਣਾ ਨੰਗਲ ਵਿਖੇ 16 ਅਗਸਤ ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਤਫਤੀਸ਼ ਦੌਰਾਨ ਸੀ.ਸੀ.ਟੀ.ਵੀ. ਫੁਟੇਜ ਅਤੇ ਤਕਨੀਕੀ ਸਹਾਇਤਾ ਦੇ ਆਧਾਰ 'ਤੇ ਪੁਲਿਸ ਨੇ ਅਮਨਦੀਪ ਸਿੰਘ ਉਰਫ਼ ਅਮਨ, ਪੁੱਤਰ ਕੁਲਵੰਤ ਸਿੰਘ, ਵਾਸੀ ਪਿੰਡ ਚੰਬੇਲੀ, ਥਾਣਾ ਸਦਰ ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ, ਉਮਰ ਕਰੀਬ 25 ਸਾਲ ਅਤੇ ਅਰਮਾਨਦੀਪ ਸਿੰਘ ਉਰਫ਼ ਮਾਨਾ, ਪੁੱਤਰ ਕੁਲਵੰਤ ਸਿੰਘ, ਵਾਸੀ ਪਿੰਡ ਰਾਮਗੜ੍ਹ, ਥਾਣਾ ਮੌੜ ਮੰਡੀ, ਜ਼ਿਲ੍ਹਾ ਬਠਿੰਡਾ, ਉਮਰ ਕਰੀਬ 21 ਸਾਲ ਨੂੰ ਸਕਾਰਪੀਓ ਕਾਰ ਸਮੇਤ 16 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਸੀ। ਦੋਵੇਂ ਮੁਲਜ਼ਮ ਇਸ ਸਮੇਂ ਜ਼ਿਲ੍ਹਾ ਜੇਲ੍ਹ ਰੂਪਨਗਰ ਵਿੱਚ ਬੰਦ ਹਨ।



# ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਮੁਹਿੰਮ

**ਫਿਲੌਰ (ਨਿਰਮਲ)**- ਬੜਾ ਪਿੰਡ ਵਿਖੇ ਸਿਵਲ ਸਰਜਨ ਡਾ. ਰਾਜੇਸ਼ ਗਰਗ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਡੇਂਗੂ ਦੀ ਰੋਕਥਾਮ ਅਤੇ ਬਿਮਾਰੀ ਦੀ ਪੈਦਾਵਾਰ ਨੂੰ ਰੋਕਣ ਲਈ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਤਹਿਤ ਕਮਿਊਨਿਟੀ ਹੈਲਥ ਸੈਂਟਰ, ਵੱਖ-ਵੱਖ ਧਾਰਮਿਕ ਸਥਾਨਾਂ ਅਤੇ ਹੋਰ ਜਨਤਕ ਥਾਵਾਂ ਦਾ ਦੌਰਾ ਕਰਕੇ ਸੰਭਾਵਿਤ ਮੱਛਰ ਪੈਦਾਵਾਰ ਵਾਲੀਆਂ ਥਾਵਾਂ ਦੀ ਜਾਂਚ ਕੀਤੀ ਗਈ। ਇਹ ਮੁਹਿੰਮ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨੀਸ਼ ਸਾਗਰ ਦੀ ਅਗਵਾਈ ਹੇਠ ਚਲਾਈ ਗਈ। ਟੀਮ ਵਿੱਚ ਹੈਲਥ ਸੁਪਰਵਾਈਜ਼ਰ ਸਤਨਾਮ, ਹੈਲਥ ਸੁਪਰਵਾਈਜ਼ਰ ਕੁਲਦੀਪ ਵਰਮਾ, ਬਲਾਕ ਐਕਸਟੈਂਸ਼ਨ ਐਜੂਕੇਟਰ ਪ੍ਰੀਤਇੰਦਰ ਸਿੰਘ ਸਮੇਤ ਹੋਰ ਸਿਹਤ ਕਰਮਚਾਰੀ ਅਤੇ ਨਰਸਿੰਗ ਵਿਦਿਆਰਥੀ ਸ਼ਾਮਲ ਸਨ। ਇਸ ਦੌਰਾਨ ਸਿਹਤ ਟੀਮ ਵੱਲੋਂ ਪਾਣੀ ਖੜ੍ਹਾ ਹੋਣ ਵਾਲੀਆਂ ਥਾਵਾਂ, ਪਾਣੀ ਦੇ ਕੰਟੇਨਰਾਂ ਅਤੇ ਹੋਰ ਸੰਭਾਵਿਤ ਮੱਛਰ ਪੈਦਾਵਾਰ ਵਾਲੇ ਸਰੋਤਾਂ ਦੀ ਜਾਂਚ ਕੀਤੀ ਗਈ। ਲੋਕਾਂ ਨੂੰ ਆਪਣੇ ਘਰਾਂ ਅਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ, ਪਾਣੀ ਵਾਲੇ ਬਰਤਨਾਂ ਨੂੰ ਨਿਯਮਿਤ ਤੌਰ 'ਤੇ ਖਾਲੀ ਅਤੇ ਸਾਫ਼ ਕਰਨ ਅਤੇ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਸਬੰਧੀ ਜਾਗਰੂਕ ਕੀਤਾ ਗਿਆ।

ਸਿਹਤ ਟੀਮ ਵੱਲੋਂ ਲੋਕਾਂ ਨੂੰ ਡੇਂਗੂ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਬੁਖ਼ਾਰ ਜਾਂ ਹੋਰ ਸ਼ੱਕੀ ਲੱਛਣ ਹੋਣ 'ਤੇ ਤੁਰੰਤ ਨੇੜਲੇ ਸਿਹਤ ਕੇਂਦਰ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ।



# ਸ਼ਹੀਦ ਬਾਬਾ ਮੱਤੀ ਯਾਦਗਾਰੀ ਖੇਡ ਮੇਲਾ ਸ਼ੁਰੂ



**ਆਦਮਪੁਰ, (ਪਰਮਜੀਤ ਸਿੰਘ)**- ਨਜਦੀਕੀ ਪਿੰਡ ਡਰੋਲੀ ਕਲਾਂ ਇਖੇ ਹਰ ਸਾਲ ਦੀ ਤਰ੍ਹਾਂ ਪਿੰਡ ਦੇ ਖੇਡ ਸਟੇਡੀਅਮ ਵਿਖੇ ਸੱਤ ਰੋਜਾ ਸ਼ਹੀਦ ਬਾਬਾ ਮੱਤੀ ਮੈਮੋਰੀਅਲ ਯਾਦਗਾਰੀ ਖੇਡ ਮੇਲੇ ਦਾ ਮਹਾਂਕੁੰਭ ਐਨ ਆਰ ਆਈ ਸਮੂਹ ਨਗਰ ਨਿਵਾਸੀਆਂ ਤੇ ਸ਼ਹੀਦ ਬਾਬਾ ਮੱਤੀ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਖੇਡ ਮੇਲੇ ਦੀ ਸ਼ੁਰੂਆਤ ਕੀਤੀ ਗਈ। ਖੇਡ ਮੇਲੇ ਦੀ ਆਰੰਭਤਾ ਸੰਤ ਬਾਬਾ ਮਨਮੋਹਨ ਸਿੰਘ, ਸੰਤ ਬਾਬਾ ਸਰਵਣ ਸਿੰਘ ਡੇਰਾ ਸੰਤ ਬਾਬਾ ਭਾਗ ਸਿੰਘ ਸੰਤਪੁਰਾ ਮਾਣਕੋ (ਜੱਬੜ) ਦੇ ਮੁੱਖ ਸੇਵਾਦਾਰ ਵੱਲੋਂ ਅਰਦਾਸ ਬੇਨਤੀ ਕਰਕੇ ਕੀਤੀ ਗਈ। ਇਸ ਖੇਡ ਮੇਲੇ ਮੌਕੇ ਉਦਘਾਟਨ ਫੁੱਟਬਾਲ ਮੈਚ ਘੁੜਿਆਲ ਤੇ ਹੇੜੀਆਂ ਦੀਆਂ ਟੀਮਾਂ ਵਿਚਕਾਰ ਕਰਵਾਇਆ ਗਿਆ। ਹੇੜੀਆ ਦੀ ਟੀਮ ਜੇਤੂ ਰਹੀ। ਦੂਜਾ ਮੈਚ ਡਵਿਡਾ ਹਰਿਹਾਣਾ ਤੇ ਬਘਾਣਾ ਵਿਚਕਾਰ ਹੋਇਆ ਬਘਾਣਾ ਦੀ ਟੀਮ ਜੇਤੂ ਰਹੀ। ਤੀਜਾ ਮੈਚ ਭਬਿਆਣ ਤੇ ਰਾਮਾ ਮੰਡੀ ਵਿਚਕਾਰ ਹੋਇਆ ਰਾਮਾ ਮੰਡੀ ਹਾਰ ਗਈ। ਖੇਡ ਮੇਲੇ ਦੌਰਾਨ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਦੇਖ-ਰੇਖ ਹੇਠ ਲੰਗਰ ਦੀ ਸੇਵਾ ਗੁਰਦੁਆਰਾ ਸ਼ਹੀਦ ਬਾਬਾ ਮਤੀ ਡਰੋਲੀ ਕਲਾਂ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਕੁਲਵਿੰਦਰ ਸਿੰਘ, ਉਪ ਪ੍ਰਧਾਨ ਗੁਰਮੀਤ ਸਿੰਘ, ਮੁੱਖ ਪ੍ਰਬੰਧਕ ਅਮਰਜੀਤ ਸਿੰਘ ਕੁੱਕੂ, ਜਸਵਿੰਦਰ ਕੁਮਾਰ ਅਤੇ ਹੋਰ ਐਨ.ਆਰ.ਆਈ ਵੀਰਾਂ, ਗੁਰਦੁਆਰਾ ਸ਼ਹੀਦ ਬਾਬਾ ਮਤੀ ਡਰੋਲੀ, ਸਮੂਹ ਨਗਰ ਪੰਚਾਇਤ ਤੇ ਡਰੋਲੀ ਦਾ ਵਿਸ਼ੇਸ਼ ਸਹਿਯੋਗ ਰਿਹਾ।

# 16ਵੀਂ ਕੌਮੀ ਯੋਗਾ ਮੀਟ ਦਾ ਸ਼ਾਨਦਾਰ ਆਗਾਜ਼

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਭਾਰਤ ਦੇ ਵੱਖ ਵੱਖ ਰਾਜਾਂ ਤੋਂ ਪਹੁੰਚੇ ਯੋਗਾ ਖਿਡਾਰੀਆਂ ਦੀ ਤਿੰਨ ਰੋਜ਼ਾ 16ਵੀਂ ਕੌਮੀ ਯੋਗਾ ਮੀਟ ਦਾ ਸ਼ਾਨਦਾਰ ਆਗਾਜ਼ ਹੋਇਆ। ਨਵੋਦਿਆ ਵਿਦਿਆਲਿਆ ਸਮਿਤੀ, ਖੇਤਰੀ ਦਫ਼ਤਰ ਚੰਡੀਗੜ੍ਹ ਦੀ ਸਹਾਇਕ ਕਮਿਸ਼ਨਰ ਸੁਖਰਾਜ ਕੌਰ ਨੇ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਸਮੇਤ ਸਮੂਹ ਮਹਿਮਾਨਾਂ, ਅਧਿਕਾਰੀਆਂ, ਕੋਚਾਂ ਅਤੇ ਖਿਡਾਰੀਆਂ ਦਾ ਸਵਾਗਤ ਕੀਤਾ। ਇਸ ਉਪਰੰਤ ਖਿਡਾਰੀਆਂ ਨੇ ਸ਼ਾਨਦਾਰ ਮਾਰਚ ਪਾਸਟ ਕਰਦਿਆਂ ਤਿਰੰਗੇ ਨੂੰ ਸਲਾਮੀ ਦਿੱਤੀ। ਖਿਡਾਰੀਆਂ ਦੇ ਕਦਮਾਂ ਦੀ ਤਾਲ ਅਤੇ ਦੇਸ਼-ਭਗਤੀ ਦੇ ਜਜ਼ਬੇ ਨੇ ਪੂਰੇ ਮਾਹੌਲ ਨੂੰ ਉਤਸ਼ਾਹ ਅਤੇ ਗੌਰਵ ਨਾਲ ਭਰ ਦਿੱਤਾ। ਵਿਦਿਆਰਥੀਆਂ ਵੱਲੋਂ ਪੇਸ਼ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਨੇ ਭਾਰਤ ਦੀ ਵਿਭਿੰਨਤਾ ਅਤੇ ਸੱਭਿਆਚਾਰਕ ਵਿਰਾਸਤ ਦੀ ਸੁੰਦਰ ਝਲਕ ਪੇਸ਼ ਕੀਤੀ। ਮੁੱਖ ਮਹਿਮਾਨ ਨੇ ਕੌਮੀ ਝੰਡਾ ਲਹਿਰਾ ਕੇ ਕੌਮੀ ਯੋਗਾ ਮੀਟ ਦੇ ਆਗਾਜ਼ ਦਾ ਐਲਾਨ ਕੀਤਾ। ਆਸ਼ਿਕਾ ਜੈਨ ਨੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਯੋਗਾ ਸਿਰਫ਼ ਖੇਡ ਨਹੀਂ, ਸਗੋਂ ਸਰੀਰਕ ਤੰਦਰੁਸਤੀ, ਮਾਨਸਿਕ ਸ਼ਾਂਤੀ, ਇਕਾਗਰਤਾ ਅਤੇ ਸੰਤੁਲਿਤ ਜੀਵਨ ਦਾ ਮਾਰਗ ਹੈ।ਖਿਡਾਰੀਆਂ ਨੇ ਖੇਡ ਦੇ ਨਿਯਮਾਂ ਦੀ ਪਾਲਣਾ, ਇਮਾਨਦਾਰੀ ਅਤੇ ਖੇਡ-ਭਾਵਨਾ ਨਾਲ ਆਪਣੀ ਸਰਵੋਤਮ ਪ੍ਰਤਿਭਾ ਦਿਖਾਉਣ ਦੀ ਸਹੁੰ ਚੁੱਕੀ। ਇਸ ਮੌਕੇ ਮੁੱਖ ਮਹਿਮਾਨ ਆਸ਼ਿਕਾ ਜੈਨ, ਜ਼ਿਲ੍ਹਾ ਸਿੱਖਿਆ ਅਫ਼ਸਰ ਹਰਜਿੰਦਰ ਕੌਰ ਅਤੇ ਅੰਤਰਰਾਸ਼ਟਰੀ ਯੋਗਾ ਖਿਡਾਰਨ ਚੇਤਨਪ੍ਰੀਤ ਕੌਰ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਮਾਗਮ ਵਿੱਚ ਗੁਰਕੰਵਲ ਸਿੰਘ ਸਹਾਇਕ ਕਮਿਸ਼ਨਰ ਹੁਸ਼ਿਆਰਪੁਰ, ਸੀਤਲ ਸਿੰਘ ਚੀਮਾ ਸਰਪੰਚ ਮਹਿਮੂਵਾਲ, ਲਖਬੀਰ ਕੌਰ ਸਰਪੰਚ ਫਲਾਹੀ, ਜੁਗਿੰਦਰ ਸਿੰਘ ਸਾਬਕਾ ਸਰਪੰਚ ਮਹਿਮੂਵਾਲ, ਵਾਈਸ ਪ੍ਰਿੰਸੀਪਲ ਸੰਤੋਸ਼ ਕੁਮਾਰੀ ਨੇਗੀ, ਸੀਨੀਅਰ ਅਧਿਆਪਕ ਸੰਜੀਵ ਭੁੱਲਰ, ਨਵੋਦਿਆ ਫਲਾਹੀ ਦਾ ਸਟਾਫ਼, ਵਿਦਿਆਰਥੀਆਂ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਕੋਚ ਅਤੇ ਸਟਾਫ ਮੈਂਬਰ ਹਾਜ਼ਰ ਸਨ। ਵਿਦਿਆਲਿਆ ਦੀ ਪ੍ਰਿੰਸੀਪਲ ਰੰਜੂ ਦੁੱਗਲ ਨੇ ਮੁੱਖ ਮਹਿਮਾਨ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਂਝੇ ਯਤਨਾਂ ਨਾਲ ਇਹ ਕੌਮੀ ਪੱਧਰ ਦਾ ਸਮਾਗਮ ਸਫਲਤਾਪੂਰਵਕ ਕਰਵਾਇਆ ਜਾ ਰਿਹਾ ਹੈ।



# ਚੱਬੇਵਾਲ ਨੇ ਸਫ਼ਾਈ ਮੁਹਿੰਮ ਦਾ ਲਿਆ ਜਾਇਜ਼ਾ

**ਫਗਵਾੜਾ (ਜਸਵਿੰਦਰ ਢੱਡਾ)**- ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ 'ਮਿਸ਼ਨ ਕਲੀਨ ਪੰਜਾਬ' ਤਹਿਤ ਫਗਵਾੜਾ ਦੇ ਵੱਖ-ਵੱਖ ਇਲਾਕਿਆਂ ਵਿੱਚ ਚੱਲ ਰਹੀ ਸਫ਼ਾਈ ਮੁਹਿੰਮ ਦਾ ਜਾਇਜ਼ਾ ਲਿਆ। ਆਪਣੇ ਦੌਰੇ ਦੌਰਾਨ ਐੱਮ ਪੀ ਨੇ ਮੇਅਰ ਰਾਮਪਾਲ ਉੱਪਲ, ਨਗਰ ਨਿਗਮ ਕਮਿਸ਼ਨਰ ਰਣਦੀਪ ਸਿੰਘ ਹੀਰ ਤੇ ਹੋਰ ਅਧਿਕਾਰੀਆਂ ਦੇ ਨਾਲ ਖੇੜਾ ਰੋਡ, ਬਸੰਤ ਨਗਰ, ਗੋਬਿੰਦਪੁਰਾ ਅਤੇ ਹਕੂਪੁਰਾ ਵਿਖੇ ਸਫ਼ਾਈ ਪ੍ਰਬੰਧਾਂ ਦਾ ਨਿਰੀਖਣ ਕੀਤਾ। ਡਾ. ਚੱਬੇਵਾਲ ਨੇ ਇਨ੍ਹਾਂ ਇਲਾਕਿਆਂ ਦਾ ਦੌਰਾ ਕਰਦਿਆਂ ਦੇਖਿਆ ਕਿ ਸੈਨੀਟੇਸ਼ਨ ਟੀਮਾਂ ਵੱਲੋਂ ਜੇ ਸੀ ਬੀ ਅਤੇ ਟਿੱਪਰਾਂ ਸਮੇਤ ਹੋਰ ਮਸ਼ੀਨਰੀ ਦੀ ਮਦਦ ਨਾਲ ਇਕੱਠੇ ਹੋਏ ਕੂੜੇ ਨੂੰ ਹਟਾਉਣ ਅਤੇ ਆਲੇ-ਦੁਆਲੇ ਦੀ ਸਫ਼ਾਈ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਸਫ਼ਾਈ ਮੁਹਿੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਸਬੰਧਤ ਟੀਮਾਂ ਨੂੰ ਸਫ਼ਾਈ ਕਾਰਜ ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਡਾ. ਚੱਬੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਫਗਵਾੜਾ ਨੂੰ ਹੋਰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸਵੱਛ ਬਣਾਉਣ ਦੇ ਉਦੇਸ਼ ਨਾਲ ਇਹ ਵਿਸ਼ੇਸ਼ ਸਫ਼ਾਈ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਲਗਾਤਾਰ ਸਫ਼ਾਈ ਬਣਾਈ ਰੱਖਣ ਲਈ ਨਗਰ ਨਿਗਮ ਅਤੇ ਹੋਰ ਸਿਵਿਕ ਅਥਾਰਟੀਆਂ ਦੇ ਸਾਂਝੇ ਯਤਨਾਂ ਦੇ ਨਾਲ-ਨਾਲ ਲੋਕਾਂ ਦਾ ਸਰਗਰਮ ਸਹਿਯੋਗ ਵੀ ਬਹੁਤ ਜ਼ਰੂਰੀ ਹੈ।

# ਅੰਤਰ ਹਾਊਸ ਬਾਸਕਿਟਬਾਲ ਮੁਕਾਬਲੇ ਕਰਵਾਏ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਡਾਇਰੈਕਟਰ ਇੰਜ. ਹਰਨਿਆਮਤ ਕੌਰ ਦੀ ਅਗਵਾਈ ਵਿੱਚ ਅੰਤਰ ਹਾਊਸ ਅੰਡਰ 17 ਲੜਕੀਆਂ ਅਤੇ ਲੜਕਿਆਂ ਦੇ ਬਾਸਕਿਟਬਾਲ ਟੂਰਨਾਮੈਂਟ ਕਰਵਾਏ ਗਏ। ਲੜਕੀਆਂ ਦੇ ਗਰੁੱਪ 'ਚ ਲਾਲਾ ਲਾਜਪਤ ਰਾਏ ਹਾਊਸ ਜੇਤੂ ਰਿਹਾ। ਨੇਤਾ ਜੀ ਸੁਭਾਸ਼ ਚੰਦਰ ਬੋਸ ਹਾਊਸ ਦੂਸਰੇ ਅਤੇ ਸ਼ਹੀਦ ਊਧਮ ਸਿੰਘ ਹਾਊਸ ਤੀਸਰੇ ਸਥਾਨ 'ਤੇ ਰਿਹਾ। ਲੜਕਿਆਂ ਦੇ ਗਰੁੱਪ ਵਿੱਚ ਸ਼ਹੀਦ ਊਧਮ ਸਿੰਘ ਹਾਊਸ ਜੇਤੂ ਰਿਹਾ। ਲਾਲਾ ਲਾਜਪਤ ਰਾਏ ਹਾਊਸ ਦੂਸਰੇ ਅਤੇ ਨੇਤਾ ਜੀ ਸੁਭਾਸ਼ ਚੰਦਰ ਹਾਊਸ ਤੀਸਰੇ ਸਥਾਨ 'ਤੇ ਰਿਹਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਖੇਡਾਂ ਸਾਡੇ ਸਰੀਰ ਅਤੇ ਦਿਮਾਗ ਨੂੰ ਤਰੋ ਤਾਜ਼ਾ ਰੱਖਦੀਆਂ ਹਨ। ਵਿਦਿਆਰਥੀ ਜੀਵਨ ਵਿੱਚ ਖੇਡਾਂ ਦਾ ਮਹੱਤਵਪੂਰਨ ਯੋਗਦਾਨ ਹੈ। ਇਸ ਲਈ ਸਾਨੂੰ ਖੇਡਾਂ ਨੂੰ ਖੇਡ ਭਾਵਨਾ ਨਾਲ ਹੀ ਖੇਡਣਾ ਚਾਹੀਦਾ ਹੈ।



# ਮੋਟਰਸਾਈਕਲ ਪਾਈਪ ਨਾਲ ਟਕਰਾਇਆ, ਮਾਮੂਲੀ ਸੱਟਾਂ ਲੱਗੀਆਂ



**ਬਲਾਚੌਰ (ਜਸਵਿੰਦਰ ਬੈਂਸ)**- ਸੁੱਧਾ ਮਾਜਰਾ ਨੇੜੇ ਇੱਕ ਮੋਟਰਸਾਈਕਲ ਸੜਕ ਕਿਨਾਰੇ ਪਏ ਪਾਈਪ ਨਾਲ ਟਕਰਾ ਜਾਣ ਕਾਰਨ ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿੱਚ ਮੋਟਰਸਾਈਕਲ ਸਵਾਰ ਅਤੇ ਉਸ ਦੇ ਨਾਲ ਬੈਠੇ ਰਿਸ਼ਤੇਦਾਰ ਨੂੰ ਮਾਮੂਲੀ ਸੱਟਾਂ ਲੱਗੀਆਂ, ਜਦਕਿ ਮੋਟਰਸਾਈਕਲ ਨੂੰ ਵੀ ਨੁਕਸਾਨ ਪਹੁੰਚਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮੋਟਰਸਾਈਕਲ 'ਤੇ ਸਵਾਰ ਸੰਦੀਪ ਕੁਮਾਰ ਪੁੱਤਰ ਗੋਪਾਲ ਕ੍ਰਿਸ਼ਨ, ਵਾਸੀ ਮੋਗਾ, ਆਪਣੇ ਰਿਸ਼ਤੇਦਾਰ ਰਾਜਿੰਦਰ ਸਿੰਘ ਪੁੱਤਰ ਸੰਤਾ ਸਿੰਘ ਨਾਲ ਬਿਆਸ ਤੋਂ ਮੋਹਾਲੀ ਵੱਲ ਜਾ ਰਹੇ ਸਨ। ਜਦੋਂ ਉਹ ਸੁੱਧਾ ਮਾਜਰਾ ਨੇੜੇ ਪਹੁੰਚੇ ਤਾਂ ਮੋਟਰਸਾਈਕਲ ਸੜਕ ਕਿਨਾਰੇ ਪਏ ਪਾਈਪ ਨਾਲ ਟਕਰਾ ਗਿਆ।ਹਾਦਸੇ ਵਿੱਚ ਦੋਵਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਮੌਕੇ 'ਤੇ ਸੜਕ ਸੁਰੱਖਿਆ ਫੋਰਸ ਦੀ ਟੀਮ ਦੀ ਮਦਦ ਨਾਲ ਉਨ੍ਹਾਂ ਨੂੰ ਸਥਾਨਕ ਡਾਕਟਰ ਕੋਲੋਂ ਮੱਲ੍ਹਮ-ਪੱਟੀ ਕਰਵਾਈ ਗਈ ਅਤੇ ਬਾਅਦ ਵਿੱਚ ਸੁਰੱਖਿਅਤ ਥਾਂ ਪਹੁੰਚਾਇਆ ਗਿਆ।

# ਪੱਤਰਕਾਰ ਡਾ. ਪਰਮਜੀਤ ਸਿੰਘ ਡਡਵਿੰਡੀ ਨੂੰ ਡੂੰਘਾ ਸਦਮਾ, ਭੈਣ ਸੁਖਵਿੰਦਰ ਕੌਰ ਦਾ ਦਿਹਾਂਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸੀਨੀਅਰ ਪੱਤਰਕਾਰ ਡਾ. ਪਰਮਜੀਤ ਸਿੰਘ ਡਡਵਿੰਡੀ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਵੱਡੀ ਭੈਣ ਸੁਖਵਿੰਦਰ ਕੌਰ ਵਾਸੀ ਪਟਿਆਲਾ ਦਾ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਪਰਿਵਾਰ, ਰਿਸ਼ਤੇਦਾਰਾਂ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਸਵ. ਸੁਖਵਿੰਦਰ ਕੌਰ ਆਪਣੇ ਪਿੱਛੇ ਪਤੀ ਲਾਂਸ ਨਾਇਕ ਸਰਦੂਲ ਸਿੰਘ, ਪੁੱਤਰ ਐੱਚ ਸੀ ਸਤਵਿੰਦਰ ਸਿੰਘ, ਧੀ ਮਨਪ੍ਰੀਤ ਕੌਰ ਯੂ ਕੇ ਅਤੇ ਹੋਰ ਪਰਵਾਰਕ ਮੈਂਬਰਾਂ ਨੂੰ ਸਦੀਵੀ ਵਿਛੋੜਾ ਦੇ ਗਏ। ਇਸ ਦੁੱਖ ਦੀ ਘੜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ, ਸਾਹਿਤ ਸਭਾ ਸੁਲਤਾਨਪੁਰ ਲੋਧੀ, ਪਵਿੱਤਰ ਕਾਲੀ ਵੇਈ ਕਿਸਾਨ ਸੇਵਾ ਸੋਸਾਇਟੀ, ਸੰਯੁਕਤ ਕਿਸਾਨ ਮੋਰਚਾ ਸਮੇਤ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਡਾ. ਪਰਮਜੀਤ ਸਿੰਘ ਡਡਵਿੰਡੀ ਅਤੇ ਸਮੂਹ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦਿਆਂ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ।



# ਸਾਹਿਬਜੋਤ ਤੇ ਫਤਿਹਜੋਤ ਨੇ ਸਵਿਮਿੰਗ ਮੁਕਾਬਲਿਆਂ 'ਚ ਜਿੱਤੇ ਮੈਡਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜਪੁਰ ਦੇ ਖਿਡਾਰੀਆਂ ਦਾ ਪੰਜਾਬ ਸਕੂਲ ਖੇਡਾਂ ਵਿੱਚ ਇਸ ਸਾਲ ਵੀ ਸ਼ਾਨਦਾਰ ਪ੍ਰਦਰਸ਼ਨ ਜਾਰੀ ਹੈ ਜਿਸ ਦੇ ਅਧੀਨ ਜ਼ਿਲਾ ਪੱਧਰੀ ਪੰਜਾਬ ਸਕੂਲ ਖੇਡਾਂ ਦੇ ਸਵਿਮਿੰਗ ਮੁਕਾਬਲਿਆਂ ਦੇ ਵਿੱਚ ਸਿਲਵਰ ਓਕ ਸਕੂਲ ਦੇ ਸਾਹਿਬਜੋਤ ਸਿੰਘ ਨੇ ਚਾਂਦੀ ਦਾ ਤਮਗਾ ਅਤੇ ਫਤਿਹਜੋਤ ਸਿੰਘ ਨੇ ਕਾਸੇ ਦਾ ਤਮਗਾ ਜਿੱਤ ਕਿ ਸਕੂਲ ਦੀ ਝੋਲੀ ਪਾਇਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਦੇ ਵਿੱਚ ਸਕੂਲ ਦੇ ਸਵਿਮਿੰਗ ਕੋਚ ਬਲਦੇਵ ਰਾਜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਹਿਬ ਜੋਤ ਸਿੰਘ ਨੇ 50 ਮੀਟਰ ਫਰੀ ਸਟਾਈਲ ਦੇ ਵਿੱਚ ਚਾਂਦੀ ਦਾ ਤਮਗਾ ਹਾਸਿਲ ਕੀਤਾ ਅਤੇ ਇਸ ਦੇ ਨਾਲ ਹੀ ਫਤਿਹਜੋਤ ਸਿੰਘ ਨੇ 50 ਮੀਟਰ ਬੈਕ ਸਟਰੋਕ ਸਵਿਮਿੰਗ ਕੈਟਾਗਰੀ ਦੇ ਵਿੱਚ ਕਾਂਸੇ ਦਾ ਤਮਗਾ ਹਾਸਲ ਕੀਤਾ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਇਹਨਾਂ ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਉੱਤੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿਲਵਰ ਓਕ ਸਕੂਲ ਦੇ ਖਿਡਾਰੀ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ ਸਕੂਲ ਦਾ ਨਾਂਅ ਪੂਰੇ ਇਲਾਕੇ ਵਿੱਚ ਚਮਕਾ ਰਹੇ ਹਨ।

ਚੇਅਰਮੈਨ ਤਰਲੋਚਨ ਸਿੰਘ ਨੇ ਉਮੀਦ ਜਤਾਈ ਕਿ ਸਕੂਲ ਦੇ ਹੋਰ ਖਿਡਾਰੀ ਵੀ ਵੱਖ ਵੱਖ ਖੇਡਾਂ ਦੇ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਮੈਡਲ ਜਿੱਤ ਕੇ ਲਿਆਉਣਗੇ ਤੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੋਸ਼ਨ ਕਰਨਗੇ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਪੰਕਜ, ਸੁਰੇਸ਼, ਸੁਸ਼ੀਲ, ਰੁਪਿੰਦਰ, ਵਿਸ਼ਾਲੀ, ਗੁਰਪ੍ਰੀਤ, ਨੇਹਾ, ਅਮਨ, ਰਮਨ, ਪਰਮਜੀਤ, ਕੰਚਨ, ਸੁਮੀਤ, ਮੀਨਾ, ਮਨੀਸ਼ਾ, ਰੁਪਿੰਦਰ, ਅਨੁਰਾਧਾ, ਅਰਚਨਾ, ਰਾਜਵੀਰ, ਰਾਜਵਿੰਦਰ, ਗੁਰਦੇਵ, ਹਰਜੀਤ, ਅਜੇ, ਅਮਰੀਕ ਅਤੇ ਬਾਕੀ ਸਟਾਫ ਮੌਜੂਦ ਸੀ।



# ਸਕੇਟਿੰਗ ਚੈਂਪੀਅਨਸ਼ਿਪ 'ਚ ਨੌਜਵਾਨ ਖਿਡਾਰੀਆਂ ਨੇ ਦਿਖਾਇਆ ਦਮ

**ਚੰਡੀਗੜ੍ਹ (ਸੁਰਜੀਤ ਸੁਮਨ)**- ਬਾਲਾਜੀ ਸਕੇਟਰਜ਼ ਵੱਲੋਂ ਯੂਨਾਈਟਿਡ ਰੋਲਰਜ਼ ਸਪੋਰਟਸ ਕਲੱਬ, ਢੇਲਪੁਰ ਵਿਖੇ ਪਹਿਲੀ ਪ੍ਰੇਰਨਾਦਾਇਕ ਸਕੇਟਿੰਗ ਚੈਂਪੀਅਨਸ਼ਿਪ ਕਰਵਾਈ ਗਈ। ਇਸ ਚੈਂਪੀਅਨਸ਼ਿਪ ਵਿੱਚ ਅੰਡਰ-6 ਤੋਂ ਲੈ ਕੇ 15 ਸਾਲ ਤੋਂ ਵੱਧ ਉਮਰ ਵਰਗ ਤੱਕ ਦੇ ਲੜਕੇ ਅਤੇ ਲੜਕੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਚੈਂਪੀਅਨਸ਼ਿਪ ਵਿੱਚ ਬਿਗਿਨਰ ਸਕੇਟਸ, ਡੈਕਾਥਲਾਨ, ਕਵਾਡਜ਼ ਅਤੇ ਪ੍ਰੋਫੈਸ਼ਨਲ ਸਕੇਟਸ ਸਮੇਤ ਵੱਖ-ਵੱਖ ਵਰਗਾਂ ਵਿੱਚ ਮੁਕਾਬਲੇ ਕਰਵਾਏ ਗਏ, ਜਿਸ ਨਾਲ ਟ੍ਰਾਈਸਿਟੀ ਅਤੇ ਨੇੜਲੇ ਇਲਾਕਿਆਂ ਦੇ ਨੌਜਵਾਨ ਸਕੇਟਿੰਗ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਿਆ। ਰਾਹੁਲ ਸਪੀਡ ਸਕੇਟਿੰਗ ਅਕੈਡਮੀ (ਆਰ ਐੱਸ ਐੱਸ ਏ), ਚੰਡੀਗੜ੍ਹ ਦੇ ਅਰਮਾਨ ਵਰਮਾ ਨੇ ਲੜਕਿਆਂ ਦੇ 6 ਤੋਂ 8 ਸਾਲ ਉਮਰ ਵਰਗ ਦੇ ਇਨਲਾਈਨ ਪ੍ਰੋਫੈਸ਼ਨਲ ਸਕੇਟਿੰਗ ਮੁਕਾਬਲੇ ਵਿੱਚ ਗਰੁੱਪ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਉਸ ਨੇ ਇਕ ਲੈਪ ਅਤੇ ਦੋ ਲੈਪ ਦੋਵਾਂ ਮੁਕਾਬਲਿਆਂ ਵਿੱਚ ਸੋਨ ਤਗਮੇ ਜਿੱਤੇ ਅਤੇ 2,100 ਰੁਪਏ ਦਾ ਨਕਦ ਇਨਾਮ ਵੀ ਹਾਸਲ ਕੀਤਾ। ਅਦਵਿਕ ਅਤੇ ਅਯਾਨ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ 8 ਤੋਂ 10 ਸਾਲ ਉਮਰ ਵਰਗ ਦੇ ਇਨਲਾਈਨ ਪ੍ਰੋਫੈਸ਼ਨਲ ਸਕੇਟਸ ਮੁਕਾਬਲੇ ਵਿੱਚ ਰੋਲਿੰਗ ਟਾਈਗਰਜ਼ ਅਕੈਡਮੀ ਦੇ ਵਿਹਾਨ ਖੁੱਲਰ ਨੇ ਸੋਨ ਤਗਮਾ ਜਿੱਤਿਆ, ਜਦਕਿ ਆਰ ਐੱਸ ਐੱਸ ਏ ਦੇ ਅਵੀਰਾਜ ਅਤੇ ਪਲਵਿਤ ਨੇ ਕ੍ਰਮਵਾਰ ਚਾਂਦੀ ਅਤੇ ਕਾਂਸੀ ਦੇ ਤਗਮੇ ਆਪਣੇ ਨਾਮ ਕੀਤੇ। ਇਸ ਤੋਂ ਇਲਾਵਾ ਵੱਖ-ਵੱਖ ਹੋਰ ਵਰਗਾਂ ਵਿੱਚ ਵੀ ਕਈ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਨਾਮ ਹਾਸਲ ਕੀਤੇ। ਚੈਂਪੀਅਨਸ਼ਿਪ ਦਾ ਸਮਾਪਨ ਸਮੇਂ ਸਿਰ, ਖੁਸ਼ਗਵਾਰ ਅਤੇ ਸਦਭਾਵਨਾਪੂਰਨ ਮਾਹੌਲ ਵਿੱਚ ਹੋਇਆ।

ਇਸ ਮੁਕਾਬਲੇ ਨੇ ਟ੍ਰਾਈਸਿਟੀ ਅਤੇ ਨੇੜਲੇ ਇਲਾਕਿਆਂ ਦੇ ਨੌਜਵਾਨ ਸਕੇਟਿੰਗ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਅਤੇ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।




# ਵਿਜੇ ਹੰਸ ਦੀ ਸੱਤਵੀਂ ਬਰਸੀ 5 ਨੂੰ



**ਅਲਾਵਲਪੁਰ (ਮਦਨ ਬੰਗੜ)**- ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਸੰਸਥਾਪਕ, ਪ੍ਰਧਾਨ ਅਤੇ ਪ੍ਰਮੁੱਖ ਵਾਲਮੀਕਿ ਨੇਤਾ ਸਾਹਿਬ ਸ੍ਰੀ ਵਿਜੇ ਹੰਸ ਜੀ ਦੀ ਸੱਤਵੀਂ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ 5 ਸਤੰਬਰ ਦਿਨ ਸ਼ਨੀਵਾਰ ਨੂੰ ਕਮਿਊਨਿਟੀ ਹਾਲ ਅਲਾਵਲਪੁਰ ਵਿਖੇ ਕਰਵਾਇਆ ਜਾ ਰਿਹਾ ਹੈ।ਪਾਰਟੀ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਸਵੇਰੇ 11 ਤੋਂ 12 ਵਜੇ ਤੱਕ ਧਾਰਮਿਕ ਪ੍ਰੋਗਰਾਮ ਹੋਵੇਗਾ, ਜਦਕਿ ਦੁਪਹਿਰ 12 ਤੋਂ 2 ਵਜੇ ਤੱਕ ਸ਼ਰਧਾਂਜਲੀ ਸਮਾਗਮ ਕਰਵਾਇਆ ਜਾਵੇਗਾ। ਸਮਾਗਮ ਉਪਰੰਤ ਲੰਗਰ ਅਟੁੱਟ ਵਰਤਾਇਆ ਜਾਵੇਗਾ।

# ਚੌਧਰੀ ਅਸ਼ੋਕ ਸਿੰਘ ਨੇ ਦਾਖ਼ਲ ਕੀਤੇ ਨਾਮਜ਼ਦਗੀ ਕਾਗਜ਼

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਬਾਰ ਐਸੋਸੀਏਸ਼ਨ ਸ੍ਰੀ ਅਨੰਦਪੁਰ ਸਾਹਿਬ ਦੀ ਪ੍ਰਧਾਨਗੀ ਚੋਣ ਲਈ ਐਡਵੋਕੇਟ ਚੌਧਰੀ ਅਸ਼ੋਕ ਸਿੰਘ ਨੇ ਰਿਟਰਨਿੰਗ ਅਫਸਰ ਹੁਸ਼ਿਆਰ ਸਿੰਘ ਲੌਂਗੀਆ ਕੋਲ ਆਪਣੇ ਨਾਮਜ਼ਦਗੀ ਕਾਗਜ਼ ਰਸਮੀ ਤੌਰ 'ਤੇ ਦਾਖ਼ਲ ਕਰ ਦਿੱਤੇ ਹਨ। ਇਸ ਮੌਕੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਸਮੇਂ ਚੌਧਰੀ ਅਸ਼ੋਕ ਸਿੰਘ ਦੇ ਨਾਲ ਵਕੀਲ ਭਾਈਚਾਰੇ ਦੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਹਾਜ਼ਰ ਹੋਣ ਵਾਲੇ ਪ੍ਰਮੁੱਖ ਵਕੀਲ ਸਾਹਿਬਾਨ ਵਿੱਚ ਸਤਨਾਮ ਸਿੰਘ, ਗਗਨਦੀਪ ਭਰਦਵਾਜ, ਸੁਖਬਿੰਦਰ ਸਿੰਘ ਸੁਖੀ, ਵਿਜੇ ਕੌਸ਼ਲ, ਸਿੱਧਾਰਥ ਸ਼ਰਮਾ, ਮਹੇਸ਼ ਪੁਰੀ, ਤਜਿੰਦਰ ਪਾਲ ਸਿੰਘ, ਦੀਪਕ ਚੰਦੇਲ, ਨਰਿੰਦਰ ਪਰਾਸ਼ਰ, ਹਰਦੀਪ ਵਾਲਿਆ, ਆਰਿਸ਼ ਸ਼ਰਮਾ, ਪ੍ਰੇਮ ਉੱਪਲ, ਹਰੀਸ਼ ਚੇਤਲ, ਸੁਰੇਸ਼ ਚੌਧਰੀ, ਸੂਰਜ ਜੋਸ਼ੀ, ਸੌਰਵ ਕੁਮਾਰ, ਜਵਾਹਰ ਅਤੇ ਚੰਦਨ ਆਦਿ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।



# ਤੀਆਂ ਦਾ ਤਿਉਹਾਰ ਮਨਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬੀਆਂ ਨੂੰ ਆਪਣੇ ਅਮੀਰ ਸੱਭਿਆਚਾਰਕ ਵਿਰਸੇ, ਮਾਂ ਬੋਲੀ ਅਤੇ ਪੁਰਾਤਨ ਰਵਾਇਤਾਂ ਨਾਲ ਜੋੜਨ ਦੇ ਉਦੇਸ਼ ਨਾਲ ਮੰਡਲ ਕਾਂਗਰਸ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਸਥਾਨਕ ਹੋਟਲ ਵਿਖੇ ਕਰਵਾਏ ਗਏ ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਅਤੇ ਸੀਨੀਅਰ ਕਾਂਗਰਸੀ ਆਗੂ ਰਾਣਾ ਕੇ ਪੀ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਹ ਸਮਾਗਮ ਮੰਡਲ ਕਾਂਗਰਸ ਪ੍ਰਧਾਨ ਕਮਲਦੀਪ ਸੈਣੀ ਦੇ ਉਪਰਾਲੇ ਸਦਕਾ ਕਰਵਾਇਆ ਗਿਆ। ਸਮਾਗਮ ਦੌਰਾਨ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਝਲਕੀਆਂ ਪੇਸ਼ ਕੀਤੀਆਂ ਗਈਆਂ। ਮੁਟਿਆਰਾਂ ਵੱਲੋਂ ਗਿੱਧਾ, ਭੰਗੜਾ ਅਤੇ ਪੰਜਾਬੀ ਲੋਕ ਗੀਤਾਂ ਦੀਆਂ ਪੇਸ਼ਕਾਰੀਆਂ ਨੇ ਸਮਾਗਮ ਵਿੱਚ ਖੂਬ ਰੰਗ ਬੰਨ੍ਹਿਆ।

ਇਸ ਤੋਂ ਇਲਾਵਾ ਪੀਂਘਾਂ ਝੂਟਦੀਆਂ ਮੁਟਿਆਰਾਂ ਅਤੇ ਪੰਜਾਬੀ ਵਿਰਸੇ ਨਾਲ ਸਬੰਧਿਤ ਹੋਰ ਰਵਾਇਤੀ ਵਸਤਾਂ ਨੂੰ ਵੀ ਖੂਬਸੂਰਤ ਢੰਗ ਨਾਲ ਦਰਸਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਰਾਣਾ ਕੇ ਪੀ ਸਿੰਘ ਨੇ ਕਿਹਾ ਕਿ ਪੰਜਾਬ ਨੂੰ ਆਪਣੇ ਅਮੀਰ ਪੰਜਾਬੀ ਵਿਰਸੇ 'ਤੇ ਮਾਣ ਹੈ। ਰਾਣਾ ਕੇਪੀ ਸਿੰਘ ਨੇ ਮੰਡਲ ਕਾਂਗਰਸ ਪ੍ਰਧਾਨ ਕਮਲਦੀਪ ਸੈਣੀ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਧੀਆਂ-ਭੈਣਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਤੀਆਂ ਵਰਗੇ ਸਮਾਗਮ ਕਰਵਾਉਣਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ।ਇਸ ਮੌਕੇ ਜ਼ਿਲ੍ਹਾ ਪਰਿਸ਼ਦ ਮੈਂਬਰ ਊਸ਼ਾ ਰਾਣੀ, ਮਾਇਆ ਦੇਵੀ, ਗੁਰਪ੍ਰੀਤ ਕੌਰ ਰਤਨ, ਕੁਲਵਿੰਦਰ ਕੌਰ, ਸੀਮਾ ਸ਼ਰਮਾ, ਨੀਰੂ, ਨੀਰਜਾ, ਦਿਲਜੀਤ ਕੌਰ, ਲੋਦੀਪੁਰ, ਨਰਿੰਦਰ ਕੌਰ, ਜਸਵਿੰਦਰ ਕੌਰ, ਅਨੀਤਾ ਵਰਮਾ, ਮਨਜੀਤ ਕੌਰ, ਪਰਮਜੀਤ ਕੌਰ, ਸਰਬਜੀਤ ਕੌਰ ਕੈਂਥ, ਨਰਿੰਦਰ ਨਿੰਦਾ ਸਾਬਕਾ ਐੱਮ ਸੀ, ਗੁਰਿੰਦਰ ਸਿੰਘ ਬੰਟੀ ਵਾਲੀਆ ਸਾਬਕਾ ਐੱਮ ਸੀ, ਚੰਦਨ ਸ਼ਰਮਾ, ਮੁਕੇਸ਼ ਕੁਮਾਰ ਸ਼ਾਨੂ, ਪਵਨਾ ਰਾਣਾ, ਦਿਲਜੀਤ ਸਿੰਘ ਕੈਂਥ, ਨਵਦੀਪ ਰਾਣਾ, ਗਗਨ ਰਾਣਾ, ਨਿਖਿਲ ਮਹਿਤਾ, ਆਸ਼ੂ ਜਿੰਦਬੜੀ, ਪਹੂ ਲਾਲ ਚੌਧਰੀ, ਪ੍ਰੇਮ ਸਿੰਘ ਬਸੋਵਾਲ, ਹਰਬੰਸ ਲਾਲ ਮਹਿੰਦਲੀ, ਰਮੇਸ਼ ਚੰਦਰ ਦਸਗਰਾਈ, ਕਮਲਦੇਵ ਜੋਸ਼ੀ, ਜਗਮੀਤ ਸਿੰਘ, ਗੁਰਪ੍ਰੀਤ ਸਿੰਘ ਬਿੱਟਾ, ਰਾਮ ਪਿਆਰੀ ਗੰਗਾ ਸਾਬਕਾ ਐੱਮ ਸੀ ਤੇ ਸੀਮਾ ਦੇਵੀ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ, ਵਰਕਰ ਅਤੇ ਮਹਿਲਾਵਾਂ ਹਾਜ਼ਰ ਸਨ।



# ਤਰਸੇਮ ਲਾਲ ਮਿੱਤਲ ਨਹੀਂ ਰਹੇ, ਸੈਂਕੜੇ ਲੋਕਾਂ ਦੀ ਮੌਜੂਦਗੀ 'ਚ ਕੀਤਾ ਸੁਪਰਦ-ਏ-ਆਤਿਸ਼

**ਸ਼ਾਹਕੋਟ (ਅਮਨਦੀਪ ਸੈਦਪੁਰੀ)**- ਸਾਬਕਾ ਚੇਅਰਮੈਨ ਤਕਨੀਕੀ ਸਿੱਖਿਆ ਬੋਰਡ ਪੰਜਾਬ, ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ ਅਤੇ ਬੀ ਜੇ ਪੀ ਦੇ ਸੀਨੀਅਰ ਆਗੂ ਤਰਸੇਮ ਲਾਲ ਮਿੱਤਲ ਦਾ ਐਤਵਾਰ ਰਾਤ ਕਰੀਬ 12 ਕੁ ਵਜੇ ਦੇਹਾਂਤ ਹੋ ਗਿਆ। ਸੋਮਵਾਰ ਨੂੰ ਉਨ੍ਹਾਂ ਦਾ ਅੰਤਿਮ ਸਸਕਾਰ ਨਵਾਂ ਕਿਲ੍ਹਾ ਰੋਡ ਸ਼ਾਹਕੋਟ ਦੇ ਸੈਂਕੜੇ ਲੋਕਾਂ ਦੀ ਮੌਜੂਦਗੀ ਵਿੱਚ ਕਰ ਦਿੱਤਾ ਗਿਆ। ਤਰਸੇਮ ਲਾਲ ਮਿੱਤਲ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰਾਂ ਸੰਜੀਵ ਮਿੱਤਲ, ਅਸ਼ਵਨੀ ਮਿੱਤਲ ਜਿਲ੍ਹਾ ਜਨਰਲ ਸਕੱਤਰ ਭਾਰਤੀ ਜਨਤਾ ਪਾਰਟੀ ਤੇ ਰਾਜੀਵ ਮਿੱਤਲ ਨੇ ਵਿਖਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਮੁਨੀਸ਼ ਧੀਰ ਸਾਬਕਾ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ, ਐਡਵੋਕੇਟ ਬਚਿੱਤਰ ਸਿੰਘ ਕੋਹਾੜ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ (ਬਾਦਲ), ਨਰਿੰਦਰਪਾਲ ਸਿੰਘ ਚੰਦੀ ਸੀਨੀਅਰ ਆਗੂ ਬੀ ਜੇ ਪੀ, ਕਮਲੇਸ਼ ਮਿੱਤਲ(ਭਰਾ), ਐਡਵੋਕੇਟ ਅਸ਼ੋਕ ਮਿੱਤਲ, ਗੁਲਜ਼ਾਰ ਸਿੰਘ ਥਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਸੋਨੂੰ ਕੰਗ ਪੀ ਏ, ਜਗਮੋਹਨ ਡਾਬਰ (ਹੈਪੀ ਡਾਬਰ) ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਬਲਕਾਰ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਹਿਤਪੁਰ, ਸਤੀਸ਼ ਰਿਹਾਨ ਸਾਬਕਾ ਪ੍ਰਧਾਨ, ਬੂਟਾ ਸਿੰਘ ਕਲਸੀ ਪ੍ਰਧਾਨ ਆਜ਼ਾਦ ਸਪੋਰਟਸ ਕਲੱਬ ਸ਼ਾਹਕੋਟ, ਜਗਦੀਸ਼ ਵਡੈਹਿਰਾ ਸਾਬਕਾ ਮੈਂਬਰ ਨਗਰ ਪੰਚਾਇਤ, ਲਛਮਣ ਸੋਬਤੀ ਸ਼ਹਿਰੀ ਪ੍ਰਧਾਨ ਕਾਂਗਰਸ, ਕਾਲਾ ਪਹਿਲਵਾਨ, ਪਵਨ ਮਿੱਤਲ, ਟਿੰਪੀ ਕੁਮਰਾ, ਸੋਨੀ ਬਜਾਜ, ਐਡਵੋਕੇਟ ਸ਼ਿਵ ਕਰਨ ਮਲਹੋਤਰਾ, ਬੰਟੀ ਬੱਠਲਾ ਪ੍ਰਧਾਨ ਵਾਤਾਵਰਨ ਸੁਧਾਰ ਸੁਸਾਇਟੀ, ਸੁਖਵਿੰਦਰ ਸਿੰਘ ਟੋਨੀ ਸਾਬਕਾ ਸਰਪੰਚ, ਹਰਦੇਵ ਸਿੰਘ ਪੀਟਾ ਸਾਬਕਾ ਮੈਂਬਰ ਨਗਰ ਪੰਚਾਇਤ, ਦਲਬੀਰ ਸਿੰਘ ਸੱਭਰਵਾਲ, ਯਸ਼ਪਾਲ ਗੁਪਤਾ ਸਾਬਕਾ ਵਾਇਸ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਪਵਨ ਅੱਗਰਵਾਲ ਸਾਬਕਾ ਮੈਂਬਰ ਨਗਰ ਪੰਚਾਇਤ, ਡਾ. ਜਗਤਾਰ ਸਿੰਘ ਚੰਦੀ ਸਾਬਕਾ ਮੈਂਬਰ ਸਟੀਲ ਅਥਾਰਟੀ ਆਫ ਇੰਡੀਆ, ਪਵਨ ਕੁਮਾਰ ਪੁਰੀ ਸਾਬਕਾ ਪ੍ਰਧਾਨ ਨਗਰ ਪੰਚਾਇਤ, ਬਲਜੀਤ ਸਿੰਘ ਮੀਏਂਵਾਲ, ਕਪਿਲ ਕੁਮਾਰ ਗੁਪਤਾ ਸਾਬਕਾ ਵਾਇਸ ਚੇਅਰਮੈਨ ਮਾਰਕਿਟ ਕਮੇਟੀ, ਸੰਜੀਵ ਗਪਤਾ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਸ਼ਾਹਕੋਟ, ਤਰਸੇਮ ਕੁਮਾਰ ਅੱਗਰਵਾਲ ਸੀ.ਏ, ਕਪਿਲ ਗੁਪਤਾ, ਦਿਵਾਕਰ ਗੁਪਤਾ, ਰਾਜੇਸ਼ ਗੁਪਤਾ, ਦਿਨੇਸ਼ ਗੁਪਤਾ, ਕਪਿਲ ਗੁਪਤਾ, ਪ੍ਰਵੀਨ ਗਰੋਵਰ ਬਲਾਕ ਪ੍ਰਧਾਨ ਅਤੇ ਮੈਂਬਰ ਨਗਰ ਪੰਚਾਇਤ, ਸ਼ਿਵ ਸ਼ੰਭੂ ਗੁਪਤਾ, ਹਰਸ਼ ਗੁਪਤਾ, ਤਰਲੋਕ ਸਿੰਘ ਰੂਪਰਾ ਸਾਬਕਾ ਪ੍ਰਧਾਨ ਰਾਮਗੜ੍ਹੀਆ ਪਬਲਿਕ ਸਕੂਲ, ਅਸ਼ੀਸ਼ ਅੱਗਰਵਾਲ, ਗਗਨ ਜਿੰਦਲ, ਕਮਲ ਸ਼ਰਮਾ, ਸ਼ੈਂਟੀ ਜੈਨ, ਸ਼ੰਟੀ ਚਾਵਲਾ, ਤਰਸੇਮ ਅੱਗਰਵਾਲ, ਬੈਜ ਨਾਥ ਅੱਗਰਵਾਲ, ਦਵਿੰਦਰ ਰਿਹਾਨ, ਪਵਨ ਮਿੱਤਲ, ਅਸ਼ਵਨੀ ਅਰੋੜਾ, ਵਿਸ਼ਾਲ ਗੋਇਲ, ਹਰੀਸ਼ ਗੁਪਤਾ, ਸੋਨੂੰ ਦੁੱਗਲ, ਮਿੱਠੂ ਰੋਇਲ ਕੰਪਿਊਟਰ ਵਰਲਡ, ਪਰਮਜੀਤ ਕੌਰ, ਰੁਚੀ ਅੱਗਰਵਾਲ ਵੰਦਨਾ ਮਿੱਤਲ, ਸਵੀਨਾ ਕੁਮਰਾ, ਕਰੁਣਾ ਜਿੰਦਲ(ਪੰਜੇ ਮੈਂਬਰ ਨਗਰ ਪੰਚਾਇਤ ਸ਼ਾਹਕੋਟ), ਕਰਨ ਅਰੋੜਾ. ਡਾ. ਕਮਲ ਜੈਨ, ਸੁਰਿੰਦਰ ਸਿੰਘ ਕਾਲਾ, ਪ੍ਰਿੰਸੀਪਲ ਮਨਜੀਤ ਸਿੰਘ, ਗੌਰਵ ਅੱਗਰਵਾਲ ਸੀ ਏ, ਸਤਪਾਲ ਸੇਵਾ ਮੁਕਤ ਅਧਿਆਪਕ, ਪਵਨ ਜੁਨੇਜਾ, ਸੰਜੀਤ ਅਰੋੜਾ, ਸੁਰਿੰਦਰ ਕੁਮਾਰ ਬੱਬੂ, ਕਮਲ ਡੱਬ, ਰਾਕੇਸ਼ ਬਾਂਸਲ ਰਿੰਕੂ ਚੋਪੜਾ, ਜੀਵਨ ਗੁਪਤਾ, ਸ਼ਿਵ ਨਰਾਇਣ ਗੁਪਤਾ, ਪੰਡਿਤ ਵਿਵੇਕ ਸ਼ਰਮਾ ਆਦਿ ਮੌਜੂਦ ਸਨ।



# ਦੁਸਾਂਝ ਦੇ ਸਦੀਵੀ ਵਿਛੋੜੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਅਗਾਂਹਵਧੂ ਕਿਸਾਨ, ਪੰਜਾਬੀ ਲੇਖਕ ਅਤੇ ਲਿਖਾਰੀ ਸਭਾ ਜਗਤਪੁਰ ਦੇ ਬਾਨੀ ਮਹਿੰਦਰ ਸਿੰਘ ਦੁਸਾਂਝ ਦੇ ਸਦੀਵੀ ਵਿਛੋੜੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਡੂੰਘੇ ਦੁੱਖ ਅਤੇ ਗਹਿਰੀ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਸਭਾ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪਰਵਾਰ, ਸਨੇਹੀਆਂ ਅਤੇ ਸਾਹਿਤਕ ਸਾਥੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

ਇੱਥੋਂ ਜਾਰੀ ਬਿਆਨ ਵਿੱਚ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਮਹਿੰਦਰ ਸਿੰਘ ਦੁਸਾਂਝ ਦਾ ਵਿਛੋੜਾ ਪੰਜਾਬੀ ਸਾਹਿਤ, ਕਿਸਾਨੀ ਅਤੇ ਪੇਂਡੂ ਸਮਾਜ ਲਈ ਇੱਕ ਵੱਡਾ ਘਾਟਾ ਹੈ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਵੀ ਰਹੇ ਅਤੇ ਸਾਹਿਤਕ ਸਰਗਰਮੀਆਂ ਨੂੰ ਪਿੰਡਾਂ ਤੱਕ ਲਿਜਾਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਦੁਸਾਂਝ ਨੇ 'ਦਿਸ਼ਾ', 'ਕਿਰਤ ਨਾਲ ਜੁੜੇ ਰਿਸ਼ਤੇ', 'ਰੌਸ਼ਨੀ ਦੀ ਭਾਲ' ਅਤੇ 'ਯਾਦਾਂ ਪਾਕਿਸਤਾਨ ਦੀਆਂ' ਵਰਗੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਨੂੰ ਆਪਣੀ ਸਿਰਜਣਾਤਮਕ ਦੇਣ ਦਿੱਤੀ। ਉਨ੍ਹਾਂ ਨੇ ਲਿਖਾਰੀ ਸਭਾ ਜਗਤਪੁਰ ਦੀ ਸਥਾਪਨਾ ਕਰਕੇ ਪੇਂਡੂ ਸਾਹਿਤਕ ਲਾਇਬ੍ਰੇਰੀਆਂ, ਸਾਹਿਤ ਸਭਾਵਾਂ ਅਤੇ ਪਾਠਕ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ।



## ਧਾਲੀਵਾਲ ਵੱਲੋਂ ਰਮਦਾਸ ਵਿਖੇ ਵਿਸ਼ੇਸ਼ ਸਫ਼ਾਈ ਅਭਿਆਨ



**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** — ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸੁੰਦਰ ਬਣਾਉਣ ਲਈ ਚਲਾਏ ਜਾ ਰਹੇ 'ਮਿਸ਼ਨ ਕਲੀਨ ਪੰਜਾਬ' ਤਹਿਤ ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਵੱਲੋਂ ਬਾਬਾ ਬੁੱਢਾ ਸਾਹਿਬ ਦੀ ਪਵਿੱਤਰ ਨਗਰੀ ਰਮਦਾਸ ਵਿਖੇ ਵਿਸ਼ੇਸ਼ ਸਫ਼ਾਈ ਅਭਿਆਨ ਚਲਾਇਆ ਗਿਆ। ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਖੁਦ ਸਫ਼ਾਈ ਅਭਿਆਨ ਦੀ ਅਗਵਾਈ ਕਰਦਿਆਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ ਅਤੇ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਇਸ ਦੌਰਾਨ ਸੜਕਾਂ, ਗਲੀਆਂ, ਬਾਜ਼ਾਰਾਂ ਅਤੇ ਜਨਤਕ ਥਾਵਾਂ ਦੀ ਸਫ਼ਾਈ ਕਰਵਾਈ ਗਈ ਅਤੇ ਇਕੱਠੇ ਹੋਏ ਕੂੜੇ ਨੂੰ ਮੌਕੇ ਤੋਂ ਹਟਾ ਕੇ ਨਿਰਧਾਰਤ ਸਥਾਨ 'ਤੇ ਪਹੁੰਚਾਇਆ ਗਿਆ।

ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਅਤੇ ਸਫ਼ਾਈ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਸ੍ਰੀ ਧਾਲੀਵਾਲ ਨੇ ਕਿਹਾ ਕਿ ਬਾਬਾ ਬੁੱਢਾ ਸਾਹਿਬ ਜੀ ਦੀ ਪਵਿੱਤਰ ਨਗਰੀ ਰਮਦਾਸ ਦਾ ਧਾਰਮਿਕ ਅਤੇ ਇਤਿਹਾਸਕ ਮਹੱਤਵ ਹੈ ਅਤੇ ਇਸ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਸਫ਼ਾਈ ਕਰਮਚਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਸਾਫ਼ ਰੱਖਣ ਵਿੱਚ ਸਫ਼ਾਈ ਕਰਮਚਾਰੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।

## ਬਟਾਲਾ ਨੂੰ ਸਾਫ਼-ਸੁਥਰਾ ਬਣਾਉਣ ਲਈ ਭਾਗੀਦਾਰੀ ਜ਼ਰੂਰੀ : ਸ਼ੈਰੀ ਕਲਸੀ



**ਬਟਾਲਾ (ਤਰਲੋਕ ਬੱਗਾ/ਡਾ. ਮਲਵਿੰਦਰ ਸਿੰਘ)** -ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੂਬੇ ਭਰ ਵਿੱਚ ਸਾਫ਼-ਸਫ਼ਾਈ ਅਤੇ ਸੈਨੀਟੇਸ਼ਨ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਚਲਾਏ ਜਾ ਰਹੇ 10 ਦਿਨਾਂ ਮਿਸ਼ਨ ਕਲੀਨ ਪੰਜਾਬ ਤਹਿਤ ਹਲਕਾ ਬਟਾਲਾ ਦੇ ਵਿਧਾਇਕ ਅਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਬਟਾਲਾ ਸ਼ਹਿਰ ਵਿੱਚ ਵਿਸ਼ੇਸ਼ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ। ਇਸ ਮੌਕੇ ਮੇਅਰ ਭੁਪਿੰਦਰ ਸਿੰਘ ਬਾਜਵਾ ਵੀ ਮੌਜੂਦ ਸਨ। ਇਸ ਮੁਹਿੰਮ ਦੌਰਾਨ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸਫ਼ਾਈ ਟੀਮਾਂ ਵੱਲੋਂ ਸੜਕਾਂ, ਜਨਤਕ ਥਾਵਾਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ ਦੀ ਸਫ਼ਾਈ ਕੀਤੀ ਗਈ। ਇਸ ਤੋਂ ਇਲਾਵਾ ਇਕੱਠੇ ਹੋਏ ਕੂੜੇ ਨੂੰ ਹਟਾਉਣ ਦੇ ਨਾਲ-ਨਾਲ ਗਾਰਬੇਜ ਵਲਨਰੇਬਲ ਪੁਆਇੰਟਸ ਅਤੇ ਬਲੈਕ ਸਪਾਟਸ ਦੀ ਵੀ ਵਿਸ਼ੇਸ਼ ਤੌਰ 'ਤੇ ਸਫ਼ਾਈ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਵਿਸ਼ੇਸ਼ ਮੁਹਿੰਮ ਦਾ ਮੁੱਖ ਮਕਸਦ ਨਗਰ ਨਿਗਮ ਬਟਾਲਾ ਦੇ ਖੇਤਰ ਵਿੱਚ ਸਫ਼ਾਈ ਪ੍ਰਬੰਧਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਅਤੇ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਸਫ਼ਾਈ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਪਛਾਣੇ ਗਏ ਸਾਰੇ ਸੰਵੇਦਨਸ਼ੀਲ ਸਥਾਨਾਂ ਦੀ ਪੂਰੀ ਤਰ੍ਹਾਂ ਸਫ਼ਾਈ ਯਕੀਨੀ ਬਣਾਈ ਜਾਵੇ ਅਤੇ ਉੱਥੇ ਮੁੜ ਕੂੜਾ ਇਕੱਠਾ ਨਾ ਹੋਣ ਦੇਣ ਲਈ ਨਿਰੰਤਰ ਨਿਗਰਾਨੀ ਕੀਤੀ ਜਾਵੇ।

ਉਨ੍ਹਾਂ ਦੱਸਿਆ ਕਿ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਲੋੜੀਂਦੀ ਮੈਨਪਾਵਰ, ਮਸ਼ੀਨਰੀ ਅਤੇ ਵਾਹਨ ਤਾਇਨਾਤ ਕੀਤੇ ਗਏ ਹਨ।

ਵਿਧਾਇਕ ਸ਼ੈਰੀ ਕਲਸੀ ਸਫਾਈ ਸੇਵਕਾਂ ਵਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਫ਼ਾਈ ਟੀਮਾਂ ਦਾ ਪੂਰਨ ਸਹਿਯੋਗ ਕਰਨ, ਕੂੜਾ ਨਿਰਧਾਰਤ ਸਥਾਨਾਂ 'ਤੇ ਹੀ ਸੁੱਟਣ ਅਤੇ ਜਨਤਕ ਥਾਵਾਂ ਨੂੰ ਗੰਦਾ ਨਾ ਕਰਨ। ਉਨ੍ਹਾਂ ਕਿਹਾ ਕਿ ਬਟਾਲਾ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਸਰਕਾਰੀ ਯਤਨਾਂ ਦੇ ਨਾਲ ਲੋਕਾਂ ਦੀ ਭਾਈਚਾਰਕ ਭਾਗੀਦਾਰੀ ਵੀ ਬੇਹੱਦ ਜ਼ਰੂਰੀ ਹੈ।

## ਖੇਡਾਂ ਵਤਨ ਪੰਜਾਬ ਦੀਆਂ ਲਈ ਕਿਊ ਆਰ ਕੋਡ ਰਾਹੀਂ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ-2026 ਸੀਜ਼ਨ-4 ਅਧੀਨ ਬਲਾਕ ਪੱਧਰੀ, ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਖਿਡਾਰੀਆਂ ਦੀ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਕਰ ਦਿੱਤੀ ਗਈ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀਮਤੀ ਪਲਵੀ ਮਿਸ਼ਰਾ, ਆਈ.ਏ.ਐਸ. ਨੇ ਦੱਸਿਆ ਕਿ ਖਿਡਾਰੀ ਕਿਊ.ਆਰ. ਕੋਡ ਸਕੈਨ ਕਰਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਇਸ ਤੋਂ ਇਲਾਵਾ ਖਿਡਾਰੀ ਖੇਡ ਵਿਭਾਗ ਪੰਜਾਬ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਵੀ ਰਜਿਸਟ੍ਰੇਸ਼ਨ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਖੇਡਾਂ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਿਡਾਰੀਆਂ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ।

## ਤਰਨ ਤਾਰਨ ਨੂੰ ਕੂੜਾ-ਕਰਕਟ ਮੁਕਤ ਬਣਾਉਣ ਦਾ ਲਿਆ ਸੰਕਲਪ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੰਜਾਬ ਸਰਕਾਰ ਦੀ 10 ਰੋਜ਼ਾ ਸੂਬਾ ਪੱਧਰੀ 'ਕਲੀਨ ਪੰਜਾਬ' ਸਫ਼ਾਈ ਮੁਹਿੰਮ ਤਹਿਤ ਦੂਜੇ ਦਿਨ ਵੀ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵੱਲੋਂ ਜੰਗੀ ਪੱਧਰ 'ਤੇ ਸਫ਼ਾਈ ਮੁਹਿੰਮ ਚਲਾਈ ਗਈ। ਇਸ ਮੌਕੇ ਸਫ਼ਾਈ ਕਰਮੀਆਂ, ਕੌਂਸਲਰਾਂ ਅਤੇ ਨਾਗਰਿਕਾਂ ਨੇ ਪੂਰੀ ਸਰਗਰਮੀ ਨਾਲ ਸਫ਼ਾਈ ਮੁਹਿੰਮ ਵਿੱਚ ਹਿੱਸਾ ਲਿਆ।ਇਸੇ ਤਹਿਤ ਨਗਰ ਕੌਂਸਲ ਤਰਨ ਤਾਰਨ ਵੱਲੋਂ ਕਾਰਜ ਸਾਧਕ ਅਫਸਰ ਰਣਦੀਪ ਸਿੰਘ ਵੜੈਚ ਦੀ ਅਗਵਾਈ ਹੇਠ ਸਫਾਈ ਮੁਹਿੰਮ ਚਲਾਈ ਗਈ ਅਤੇ ਸ਼ਹਿਰ ਨੂੰ ਕੂੜਾ-ਕਰਕਟ ਮੁਕਤ ਬਣਾਉਣ ਦਾ ਸੰਕਲਪ ਲਿਆ ਗਿਆ।ਸਫ਼ਾਈ ਮੁਹਿੰਮ ਦੌਰਾਨ ਨਗਰ ਕੌਂਸਲ ਅਧਿਕਾਰੀਆਂ ਨੇ ਕਿਹਾ ਕਿ ਸ਼ਹਿਰ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ ਤੇ ਸੁੰਦਰ ਬਣਾਉਣ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 8 ਸਤੰਬਰ ਤੱਕ ਚੱਲਣ ਵਾਲੀ ਇਸ ਮੁਹਿੰਮ ਦਾ ਉਦੇਸ਼ ਲੋਕਾਂ ਦੀ ਭਾਗੀਦਾਰੀ ਨਾਲ ਸ਼ਹਿਰਾਂ ਅਤੇ ਕਸਬਿਆਂ ਵਿੱਚ ਖੁੱਲ੍ਹੇ ਵਿੱਚ ਕੂੜਾ ਸੁੱਟਣ ਵਾਲੀਆਂ ਥਾਵਾਂ ਨੂੰ ਖ਼ਤਮ ਕਰਨਾ ਅਤੇ ਉਨ੍ਹਾਂ ਨੂੰ ਦੁਬਾਰਾ ਬਣਨ ਤੋਂ ਰੋਕਣਾ ਹੈ ਤਾਂ ਜੋ ਪੰਜਾਬ ਨੂੰ ਹੋਰ ਸਾਫ਼-ਸੁਥਰਾ ਅਤੇ ਸੁੰਦਰ ਬਣਾਇਆ ਜਾ ਸਕੇ।ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਕੂੜਾ ਗੈਰ-ਜ਼ਿੰਮੇਵਾਰਾਨਾ ਢੰਗ ਨਾਲ ਇਧਰ-ਉਧਰ ਨਾ ਸੁੱਟ ਕੇ ਸਫਾਈ ਕਰਮਚਾਰੀਆਂ ਦਾ ਸਹਿਯੋਗ ਕਰਨ ਅਤੇ ਸਫਾਈ ਮੁਹਿੰਮ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੂੜੇ ਦਾ ਨਿਪਟਾਰਾ ਜ਼ਿੰਮੇਵਾਰੀ ਨਾਲ ਕੀਤਾ ਜਾਵੇ ਅਤੇ ਜੋ ਥਾਵਾਂ ਸਾਫ਼ ਹੋ ਚੁੱਕੀਆਂ ਹਨ, ਉਨ੍ਹਾਂ ਥਾਵਾਂ 'ਤੇ ਮੁੜ ਕੂੜਾ ਸੁੱਟਣ ਤੋਂ ਗੁਰੇਜ਼ ਕੀਤਾ ਜਾਵੇ।ਇਸ ਮੌਕੇ ਸੁਪਰਡੈਂਟ ਬਲਜਿੰਦਰ ਸਿੰਘ, ਸੈਨੇਟਰੀ ਇੰਸਪੈਕਟਰ ਸੰਕਲਪ, ਮੈਂਬਰ ਗੁਰਪ੍ਰੀਤ ਸਿੰਘ ਗੋਲਡੀ, ਨਰਿੰਦਰ ਸਿੰਘ ਨਾਗੀ, ਸੂਰਜ ਸ਼ਰਮਾ ਤੇ ਗਗਨ ਸ਼ਰਮਾ ਤੋਂ ਇਲਾਵਾ ਕਮਿਊਨਿਟੀ ਫੈਸੀਲੇਟਰ, ਮੋਟੀਵੇਟਰ ਅਤੇ ਸਫ਼ਾਈ ਸਟਾਫ ਮੌਜੂਦ ਸੀ।

## ਡਾ. ਸੰਧੂ ਨੇ ਸਫ਼ਾਈ ਅਭਿਆਨ ਚਲਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ ) — ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਏ ਜਾ ਰਹੇ 'ਮਿਸ਼ਨ ਕਲੀਨ ਪੰਜਾਬ' ਤਹਿਤ ਮੁਹਿੰਮ ਦੇ ਤੀਜੇ ਦਿਨ ਵਾਰਡ ਨੰਬਰ 82 ਦੇ ਕਾਲਾ ਘਨੂਪੁਰ ਬਾਈਪਾਸ ਇਲਾਕੇ ਵਿਖੇ ਵਿਸ਼ੇਸ਼ ਸਫ਼ਾਈ ਅਭਿਆਨ ਚਲਾਇਆ ਗਿਆ। ਇਸ ਅਭਿਆਨ ਦੀ ਅਗਵਾਈ ਵਿਧਾਨ ਸਭਾ ਹਲਕਾ ਪੱਛਮੀ ਦੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਵੱਲੋਂ ਕੀਤੀ ਗਈ। ਇਸ ਮੌਕੇ ਇਲਾਕੇ ਵਿੱਚ ਵਿਸ਼ੇਸ਼ ਸਫ਼ਾਈ ਕਰਵਾਉਣ ਦੇ ਨਾਲ-ਨਾਲ ਲੋਕਾਂ ਨੂੰ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣ ਅਤੇ ਵਾਤਾਵਰਣ ਦੀ ਸੰਭਾਲ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ 'ਮਿਸ਼ਨ ਕਲੀਨ ਪੰਜਾਬ' ਦਾ ਮੁੱਖ ਉਦੇਸ਼ ਸੂਬੇ ਦੇ ਹਰ ਸ਼ਹਿਰ ਅਤੇ ਪਿੰਡ ਨੂੰ ਸਾਫ਼, ਸੁੰਦਰ ਅਤੇ ਪ੍ਰਦੂਸ਼ਣ ਮੁਕਤ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਹਰ ਵਿਅਕਤੀ ਆਪਣੇ ਘਰ ਅਤੇ ਆਲੇ-ਦੁਆਲੇ ਦੀ ਸਫ਼ਾਈ ਦਾ ਧਿਆਨ ਰੱਖੇ ਤਾਂ ਅਸੀਂ ਅੰਮ੍ਰਿਤਸਰ ਨੂੰ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਸ਼ਹਿਰਾਂ ਵਿੱਚ ਸ਼ਾਮਲ ਕਰ ਸਕਦੇ ਹਾਂ। ਡਾ. ਸੰਧੂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਕੂੜਾ ਸਿਰਫ਼ ਨਿਰਧਾਰਤ ਡਸਟਬਿਨਾਂ ਵਿੱਚ ਹੀ ਪਾਇਆ ਜਾਵੇ ਅਤੇ ਜਨਤਕ ਥਾਵਾਂ 'ਤੇ ਕੂੜਾ ਸੁੱਟਣ ਤੋਂ ਪੂਰੀ ਤਰ੍ਹਾਂ ਗੁਰੇਜ ਕੀਤਾ ਜਾਵੇ।

ਇਸ ਮੌਕੇ ਕੌਂਸਲਰ ਸੰਦੀਪ ਸਿੰਘ ਵੀ ਹਾਜ਼ਰ ਸਨ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ 'ਮਿਸ਼ਨ ਕਲੀਨ ਪੰਜਾਬ' ਮੁਹਿੰਮ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਅਤੇ ਅੰਮ੍ਰਿਤਸਰ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਹਰਿਆ-ਭਰਿਆ ਬਣਾਉਣ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

## ਡੇਂਗੂ 'ਤੇ ਵਾਰ ਤਹਿਤ ਲਾਰਵੇ ਦੀ ਜਾਂਚ



ਬਟਾਲਾ (ਤਰਲੋਕ ਬੱਗਾ) ਅਰਬਨ ਵਿਖੇ ਹਰੇਕ ਸੋਮਵਾਰ ਡੇਂਗੂ 'ਤੇ ਵਾਰ ਤਹਿਤ ਮਾਨਯੋਗ ਡਾਕਟਰ ਮਹੇਸ਼ ਪ੍ਰਭਾਕਰ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾਕਟਰ ਮਨਿੰਦਰਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਬਟਾਲਾ ਦੀ ਯੋਗ ਅਗਵਾਈ ਹੇਠ ਅਤੇ ਡਾਕਟਰ ਕੁਲਵਿੰਦਰ ਕੌਰ ਮੈਡੀਕਲ ਅਫਸਰ ਅਤੇ ਪ੍ਰਿਤਪਾਲ ਸਿੰਘ ਸਹਾਇਕ ਮਲੇਰੀਆ ਅਫਸਰ ਦੇ ਸਹਿਯੋਗ ਨਾਲ ਵੱਖ ਵੱਖ ਟੀਮਾਂ ਦੁਆਰਾ ਬਟਾਲਾ ਸ਼ਹਿਰ ਅਧੀਨ ਪੈਂਦੇ ਐਸ ਐਸ ਪੀ ਦਫਤਰ ਬਟਾਲਾ ਪੁਲਸ ਲਾਈਨ, ਪੁਲਸ ਚੌਂਕੀਆਂ ਅਤੇ ਧਾਰਮਿਕ ਅਸਥਾਨਾਂ ਵਿੱਚ ਜਾ ਕੇ ਡੇਂਗੂ ਸੰਬੰਧੀ ਲਾਰਵੇ ਦੀ ਜਾਂਚ ਕੀਤੀ ਗਈ ਅਤੇ ਜਿੱਥੇ ਕਿਤੇ ਵੀ ਲਾਰਵਾ ਪਾਇਆ ਗਿਆ ਉਸ ਨੂੰ ਮੌਕੇ ਨਸ਼ਟ ਕੀਤਾ ਗਿਆ ਅਤੇ ਲੋਕਾਂ ਨੂੰ ਡੇਂਗੂ ਬੁਖਾਰ ਤੇ ਚਿਕਨ ਗੁਣੀਆਂ ਬੁਖਾਰ ਬਾਰੇ ਵਿਸਥਾਰ ਪੂਰਵਿਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਲਖਬੀਰ ਸਿੰਘ ਹੈਲਥ ਇੰਸਪੈਕਟਰ ਅਤੇ ਸੁਰਿੰਦਰ ਪਾਲ ਹੈਲਥ ਇੰਸਪੈਕਟਰ ਕਿਰਨਦੀਪ ਸਿੰਘ ਮਲਟੀਪਰਪਜ ਹੈਲਥ ਵਰਕਰ ਅਤੇ ਬਰੀਡਿੰਗ ਚੈੱਕਰ ਹਾਜ਼ਰ ਸਨ।

## ਡਾ. ਕਿਸ਼ਨਪੁਰੀ ਤੇ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਨੂੰ ਮਿਲਿਆ ਲਾਈਫ ਟਾਈਮ ਅਚੀਵਮੈਂਟ ਅਵਾਰਡ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਬੜੀ ਹੀ ਖੁਸ਼ੀ ਤੇ ਮਾਣ ਵਾਲਾ ਮਾਹੌਲ ਬਣ ਗਿਆ ।ਜਦੋਂ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਡਾ. ਅਮਰਪ੍ਰੀਤ ਕੌਰ ਨੂੰ ਉਹਨਾਂ ਦੀਆਂ ਸਿੱਖਿਆ ਦੇ ਖੇਤਰ ਵਿੱਚ ਬਿਹਤਰ ਸੇਵਾਵਾਂ ਦੇਣ ਬਦਲੇ ਲਾਈਫ ਟਾਈਮ ਅਚੀਵਮੈਂਟ ਅਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ।

ਇਹ ਪੁਰਸਕਾਰ ਸਰਹੱਦ- ਏ -ਪੰਜਾਬ ਸਪੋਰਟਸ ਕਲੱਬ ਰਜਿ, ਅੰਮ੍ਰਿਤਸਰ ਦੇ 25 ਵੇਂ ਸਿਲਵਰ ਜੁਬਲੀ ਸਮਾਰੋਹ 'ਤੇ ਦਿੱਤਾ ਗਿਆ। ਇਸ ਸਮਾਰੋਹ ਵਿੱਚ ਵੱਖ ਵੱਖ ਵਰਗਾਂ ਦੇ ਜਿਵੇਂ ਖੇਡਾਂ, ਸਿੱਖਿਆ ਅਤੇ ਹੋਰ ਸਮਾਜਿਕ ਕੰਮਾਂ ਵਿੱਚ ਬਿਹਤਰੀਨ ਸੇਵਾਵਾਂ ਦੇਣ ਬਦਲੇ ਪੁਰਸਕਾਰ ਦਿੱਤੇ ਗਏ।ਜਿਸ ਤਹਿਤ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਨੂੰ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ, ਦੂਰਦਰਸ਼ੀ ਅਗਵਾਈ, ਅਣਥੱਕ ਯਤਨਾ ਅਤੇ ਆਧੁਨਿਕ ਤਰੀਕੇ ਨਾਲ ਪੜ੍ਹਾਈ ਦੇ ਵੱਖ ਵੱਖ ਪਹਿਲੂਆਂ ਤੋਂ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਅਤੇ ਪੁਰਜੋਰ ਯਤਨ ਕਰਨਾ ਕਿ ਵਿਦਿਆਰਥੀ ਆਪਣੇ ਭਵਿੱਖ ਉਜਵਲ ਕਰਨ ਤਹਿਤ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੇ ਸਾਰੇ ਸਟਾਫ ਮੈਨੇਜਮੈਂਟ ਅਤੇ ਬੱਚਿਆਂ ਨੇ ਗਰਮਜੋਸ਼ੀ ਅਤੇ ਖੁਸ਼ੀ ਭਰੇ ਮਾਹੌਲ ਦੇ ਵਿੱਚ ਉਹਨਾਂ ਦਾ ਸਵਾਗਤ ਕੀਤਾ। ਡਾ. ਮੰਗਲ ਸਿੰਘ ਕਿਸ਼ਨਪੁਰੀ ਪਿਛਲੇ 45 ਸਾਲ ਤੋਂ ਅਧਿਆਪਨ ਖੇਤਰ ਦੇ ਨਾਲ ਜੁੜੇ ਹੋਏ ਹਨ ਅਤੇ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ 30 ਸਾਲਾਂ ਤੋਂ ਲਗਾਤਾਰ ਸਿੱਖਿਆ ਦੇ ਖੇਤਰ ਵਿੱਚ ਆਪਣੀਆਂ ਬੇਹਤਰੀਨ ਸੇਵਾਵਾਂ ਦੇ ਰਹੇ ਹਨ।ਇਸ ਮੌਕੇ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਸਿੱਖਿਆ ਹੀ ਇੱਕ ਅਜਿਹਾ ਰਸਤਾ ਹੈ ਜਿਸ 'ਤੇ ਚੱਲ ਕੇ ਤੁਸੀਂ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਸਕਦੇ ਹੋ ਬਸ ਲਗਨ ਮਿਹਨਤ ਅਤੇ ਇਮਾਨਦਾਰੀ ਨਾਲ ਪੜ੍ਹਾਈ ਕਰੋ ਅਤੇ ਜ਼ਿੰਦਗੀ ਦੇ ਬਿਹਤਰੀਨ ਮੁਕਾਮ ਤੇ ਪਹੁੰਚੋ।ਡਾਕਟਰ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਇਸ ਅਵਾਰਡ ਨੂੰ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਮਰਪਿਤ ਕਰਦੇ ਹੋਏ ਕਿਹਾ ਕਿ ਜੋ ਵੀ ਕੰਮ ਕਰੋ ਉਸ ਵਿੱਚ ਮਿਹਨਤ ਅਤੇ ਇੱਛਾ ਸ਼ਕਤੀ ਹੋਵੇ ਤਾਂ ਸਫਲਤਾ ਤੁਹਾਡੇ ਜਰੂਰ ਕਦਮ ਚੁੰਮਦੀ ਹੈ। ਉਹਨਾਂ ਕਿਹਾ ਕਿ ਕੰਮ ਹੀ ਪੂਜਾ ਹੈ ਦੇ ਸਿਧਾਂਤ 'ਤੇ ਚੱਲ ਕੇ ਤੁਸੀਂ ਆਪਣੀ ਜ਼ਿੰਦਗੀ ਨੂੰ ਸਫਲ ਬਣਾ ਸਕਦੇ ਹੋ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਦੀਪ ਸ਼ਰਮਾ, ਵਾਈਸ ਪ੍ਰਿੰਸੀਪਲ ਸ਼ਿਲਪਾ ਸ਼ਰਮਾ, ਕੁਆਡੀਨੇਟਰ ਨੀਲਾਕਸ਼ੀ ਗੁਪਤਾ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

## ਬਖਤਪੁਰਾ ਦਾ ਹਾਲ-ਚਾਲ ਜਾਨਣ ਪਹੁੰਚੇ ਸੁਖਜਿੰਦਰ ਸਿੰਘ ਰੰਧਾਵਾ



ਬਟਾਲਾ (ਤਰਲੋਕ ਬੱਗਾ) ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰਾ ਨੂੰ ਉਨ੍ਹਾਂ ਦੀ ਬਟਾਲਾ ਰਹਾਇਸ 'ਤੇ ਹਾਲ ਚਾਲ ਜਾਨਣ ਆਏ ਕਾਂਗਰਸ ਪਾਰਟੀ ਆਗੂ ਅਤੇ ਗੁਰਦਾਸਪੁਰ ਹਲਕੇ ਤੋਂ ਪਾਰਲੀਮੈਂਟ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦਰਮਿਆਨ ਪੰਜਾਬ ਦੀ ਮੌਜੂਦਾ ਰਾਜਨੀਤਕ ਸਤਿਥੀ 'ਤੇ ਹੋਈ ਚਰਚਾ ਵਿੱਚ ਦੋਨਾਂ ਆਗੂਆ ਇਹ ਮਹਿਸੂਸ ਕੀਤਾ ਗਿਆ ਕਿ ਆਉਣ ਵਾਲੀਆ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਹਾਲਤ ਵਿੱਚ ਜਾਣੀ ਚਾਹੀਦੀ ਹੈ ਅਤੇ ਅਤੇ ਪੰਜਾਬੀਆ ਨੂੰ ਭਾਜਪਾ ਦੀ ਬਤੌਰ ਤਾਨਾਸ਼ਾਹ ਪਾਰਟੀ ਦੇ ਤੌਰ 'ਤੇ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ।

ਬਖਤਪੁਰਾ ਨੇ ਇਸ ਸਮੇ ਕਿਹਾ ਕਿ ਭਾਵੇ ਪੰਜਾਬ ਵਿੱਚ ਕਾਂਗਰਸ ਪਾਰਟੀ, ਮਾਨ ਸਰਕਾਰ ਦਾ ਬਦਲ ਬਣ ਸਕਦੀ ਹੈ ਪਰ ਪੰਜਾਬ ਵਿਚਲੀ ਕਾਂਗਰਸ ਦੀ ਆਪਸੀ ਫੁੱਟ ਅਤੇ ਕਾਂਗਰਸ ਦੀ ਹਾਈ ਕਮਾਂਡ ਦੀ ਚੁੱਪ ਨਾਲ ਪੰਜਾਬ ਕਾਂਗਰਸ ਹਰਿਆਣਾ ਕਾਂਗਰਸ ਦੀ ਤਰ੍ਹਾਂ ਆਪਣੀ ਹਾਰ ਵਲ ਵੱਧ ਰਹੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਦੀ ਹਾਈ ਕਮਾਂਡ ਲਗਾਤਾਰ ਇਕ ਇਕ ਕਰਕੇ ਆਪਣੀਆ ਹਾਰਾਂ ਦਰਜ ਕਰਾ ਰਹੀ ਹੈ ਅਤੇ ਲਗਦਾ ਹੈ ਕਿ ਪਾਰਟੀ ਹਾਈ ਕਮਾਂਡ ਦਾ ਪਾਰਟੀ 'ਤੇ ਕੋਈ ਕੰਟਰੋਲ ਨਹੀਂ ਹੈ।

## ਵੋਟ ਪਾਉਣ ਤੋਂ ਪਹਿਲਾਂ ਪੰਜਾਬ ਤੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚੋ : ਦਿਨੇਸ਼ ਬੱਸੀ



ਛੇਹਰਟਾ, (ਮਨੋਜ ਕੁਮਾਰ ) : ਕਾਂਗਰਸੀ ਆਗੂ ਤੇ ਸਾਬਕਾ ਇੰਪਰੂਵਮੈਂਟ ਟਰੱਸਟ ਚੇਅਰਮੈਨ ਦਿਨੇਸ਼ ਬੱਸੀ ਨੇ ਬਿੱਲੇ ਵਾਲਾ ਚੌਕ, ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਵਿਚ ਇਲਾਕਾ ਵਾਸੀਆਂ ਨਾਲ ਰੂਬਰੂ ਹੁੰਦਿਆਂ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਦਿਨੇਸ਼ ਬੱਸੀ ਨੇ ਕਿਹਾ ਕਿ ਵੋਟ ਪਾਉਣ ਤੋਂ ਪਹਿਲਾਂ ਸਿਰਫ਼ ਉਮੀਦਵਾਰ ਨਹੀਂ, ਸਗੋਂ ਪੰਜਾਬ ਤੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਵੀ ਫ਼ੈਸਲਾ ਕਰਨਾ ਹੈ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਸੀਵਰੇਜ ਵਿਵਸਥਾ, ਗੰਦੇ ਪਾਣੀ, ਟੁੱਟੀਆਂ ਸੜਕਾਂ ਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਜੁੜੀਆਂ ਸਮੱਸਿਆਵਾਂ ਲਗਾਤਾਰ ਬਣੀਆਂ ਹੋਈਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਵਲੋਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲੋੜੀਂਦਾ ਸਹਿਯੋਗ ਨਹੀਂ ਕਰ ਰਹੀ। ਬੱਸੀ ਨੇ ਇਲਾਕਾ ਨਿਵਾਸੀਆਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕੀਤੀ। ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਜ਼ਿੰਦਰ, ਰੌਕੀ ਤੇ ਰਾਹੁਲ ਦਾ ਦਿਨੇਸ਼ ਬੱਸੀ ਨੇ ਧੰਨਵਾਦ ਕੀਤਾ।

## ਡਾ. ਨਿੱਜਰ ਵੱਲੋਂ ਵਾਰਡ ਨੰਬਰ 44 ਵਿਖੇ ਸਵੱਛਤਾ ਅਭਿਆਨ ਦੀ ਅਗਵਾਈ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** — ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ ਅਤੇ ਸਿਹਤਮੰਦ ਬਣਾਉਣ ਲਈ ਚਲਾਏ ਜਾ ਰਹੇ ਸਵੱਛਤਾ ਅਭਿਆਨ ਤਹਿਤ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਵਾਰਡ ਨੰਬਰ 44 ਵਿਖੇ ਨਾਮਧਾਰੀ ਕੰਡੇ ਦੇ ਕੋਲ, ਕੋਟ ਮਾਹਣਾ ਸਿੰਘ ਪਾਣੀ ਦੀ ਟੈਂਕੀ ਦੇ ਨੇੜੇ ਤੋਂ ਵਿਸ਼ੇਸ਼ ਸਵੱਛਤਾ ਅਭਿਆਨ ਦੀ ਅਗਵਾਈ ਕੀਤੀ ਗਈ। ਇਸ ਮੌਕੇ ਡਾ. ਇੰਦਰਬੀਰ ਸਿੰਘ ਨਿੱਜਰ ਨੇ ਖੁਦ ਸਵੱਛਤਾ ਅਭਿਆਨ ਵਿੱਚ ਸ਼ਮੂਲੀਅਤ ਕਰਦਿਆਂ ਇਲਾਕੇ ਵਿੱਚ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਨ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਦੁਕਾਨਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਸਾਫ਼ ਰੱਖਣ ਦੇ ਨਾਲ-ਨਾਲ ਹੋਰਨਾਂ ਨੂੰ ਵੀ ਸਫ਼ਾਈ ਪ੍ਰਤੀ ਜਾਗਰੂਕ ਕਰਨ। ਡਾ. ਨਿੱਜਰ ਨੇ ਕਿਹਾ ਕਿ ਪਵਿੱਤਰ ਸ਼ਹਿਰ ਅੰਮ੍ਰਿਤਸਰ ਦੀ ਸਫ਼ਾਈ ਅਤੇ ਸੁੰਦਰਤਾ ਨੂੰ ਬਣਾਈ ਰੱਖਣਾ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ।

## ਆਲੇ-ਦੁਆਲੇ ਦੇ ਇਲਾਕੇ ਨੂੰ ਸਾਫ਼-ਸੁਥਰਾ ਰੱਖਿਆ ਜਾਵੇ : ਰੰਧਾਵਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ )** ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਪਿੰਡ ਸ਼ਾਹਪੁਰ ਜਾਜਨ ਵਿਖੇ ਸਫ਼ਾਈ ਅਭਿਆਨ ਤਹਿਤ ਸਫ਼ਾਈ ਕੀਤੀ ਗਈ। ਇਸ ਮੌਕੇ ਪਿੰਡ ਵਾਸੀਆਂ ਨਾਲ ਸਫ਼ਾਈ ਸਬੰਧੀ ਵਿਚਾਰ-ਵਟਾਂਦਰਾ ਕਰਦਿਆਂ ਅਪੀਲ ਕੀਤੀ ਕਿ ਆਪਣੇ ਘਰਾਂ ਦੇ ਨਾਲ-ਨਾਲ ਆਲੇ-ਦੁਆਲੇ ਦੇ ਇਲਾਕੇ ਨੂੰ ਵੀ ਸਾਫ਼-ਸੁਥਰਾ ਰੱਖੋ।ਇਸ ਮੌਕੇ ਪਿੰਡ ਦੇ ਸਰਪੰਚ ਸਾਹਿਬਾਨ ਅਤੇ ਹੋਰ ਸਾਥੀ ਮੌਜੂਦ ਸਨ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ 10 ਰੋਜ਼ਾ ਸੂਬਾ ਪੱਧਰੀ 'ਕਲੀਨ ਪੰਜਾਬ' ਸਫ਼ਾਈ ਮੁਹਿੰਮ ਤਹਿਤ ਅੱਜ ਤੀਜੇ ਦਿਨ ਵੀ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਵੱਲੋਂ ਜੰਗੀ ਪੱਧਰ 'ਤੇ ਸਫ਼ਾਈ ਮੁਹਿੰਮ ਚਲਾਈ ਗਈ ਹੈ।ਸਫ਼ਾਈ ਮੁਹਿੰਮ ਦੌਰਾਨ ਉਨ੍ਹਾਂ ਨੇ ਕਿਹਾ ਕਿ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ ਤੇ ਸੁੰਦਰ ਬਣਾਉਣ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਡੇਰਾ ਬਾਬਾ ਨਾਨਕ ਵਾਸੀਆਂ ਨੂੰ ਸਫ਼ਾਈ ਕਰਮਚਾਰੀਆਂ ਦਾ ਸਹਿਯੋਗ ਕਰਨ ਅਤੇ ਸਫ਼ਾਈ ਮੁਹਿੰਮ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੂੜੇ ਦਾ ਨਿਪਟਾਰਾ ਜ਼ਿੰਮੇਵਾਰੀ ਨਾਲ ਕੀਤਾ ਜਾਵੇ ਅਤੇ ਜੋ ਥਾਵਾਂ ਸਾਫ਼ ਹੋ ਚੁੱਕੀਆਂ ਹਨ, ਉਨ੍ਹਾਂ ਥਾਵਾਂ 'ਤੇ ਮੁੜ ਕੂੜਾ ਸੁੱਟਣ ਤੋਂ ਗੁਰੇਜ਼ ਕੀਤਾ ਜਾਵੇ।ਇਸ ਮੌਕੇ ਪੀ ਏ ਲਵਪ੍ਰੀਤ ਸਿੰਘ ਤੇ ਇਲਾਵਾ ਪਿੰਡ ਸ਼ਾਹਪੁਰ ਦੇ ਸਰਪੰਚ ਤੇ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

## 700 ਤੋਂ ਵੱਧ ਵਿਦਿਆਰਥੀਆਂ ਨੇ 'ਰਨ ਫਾਰ ਇਕੁਐਲਿਟੀ' ਦੌਰਾਨ ਦਿੱਤਾ ਸਮਾਨਤਾ ਦਾ ਸੰਦੇਸ਼



ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)- ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖੇਡ ਅਤੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਤਰਨ ਤਾਰਨ ਵਿਖੇ ਵਿਸ਼ਾਲ 'ਰਨ ਫਾਰ ਇਕੁਐਲਿਟੀ' ਮੈਰਾਥਨ ਕਰਵਾਈ ਗਈ।ਪੰਜ ਕਿਲੋਮੀਟਰ ਦੀ ਇਸ ਦੌੜ ਵਿੱਚ 700 ਤੋਂ ਵੱਧ ਵਿਦਿਆਰਥੀਆਂ, ਖਿਡਾਰੀਆਂ ਅਤੇ ਨੌਜਵਾਨਾਂ ਨੇ ਹਿੱਸਾ ਲੈ ਕੇ ਸਮਾਨਤਾ, ਆਪਸੀ ਭਾਈਚਾਰੇ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ।ਮੈਰਾਥਨ ਦੀ ਸ਼ੁਰੂਆਤ ਤਰਨ ਤਾਰਨ ਤੋਂ ਸ਼ੁਰੂ ਹੋ ਕੇ ਇਹ ਮੈਰਾਥਨ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਹੁੰਦੀ ਹੋਈ ਵਾਪਸ ਸਕੂਲ ਆਫ ਐਮੀਨੈਂਸ ਵਿਖੇ ਆ ਕੇ ਸਮਾਪਤ ਹੋਈ। ਇਸ ਮੌਕੇ ਖਿਡਾਰੀਆਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਖੇਡ ਅਫਸਰ ਸਤਵੰਤ ਕੌਰ ਕਿਹਾ ਕਿ ਇਸ ਮੈਰਾਥਨ ਦਾ ਮਕਸਦ ਖੇਡਾਂ ਰਾਹੀਂ ਨਵੀਂ ਪੀੜ੍ਹੀ ਤੱਕ ਸ੍ਰੀ ਗੁਰੂ ਰਵਿਦਾਸ ਜੀ ਦਾ ਸਮਾਨਤਾ ਦਾ ਸੰਦੇਸ਼ ਪਹੁੰਚਾਉਣਾ ਹੈ।ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ ਨੇ ਮੈਰਾਥਨ ਦੌਰਾਨ ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਦਿਖਾਏ ਉਤਸਾਹ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਦੌੜ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਸਮਾਨਤਾ ਦਾ ਸੁਨੇਹਾ ਨੌਜਵਾਨਾਂ ਤੱਕ ਬਹੁਤ ਵਧੀਆ ਢੰਗ ਨਾਲ ਪਹੁੰਚਾਇਆ ਹੈ।ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਸਿਹਤਮੰਦ ਜੀਵਨ ਲਈ ਪ੍ਰੇਰਿਤ ਕਰਦੇ ਹਨ, ਸਗੋਂ ਆਪਸੀ ਏਕਤਾ ਵੀ ਵਧਾਉਂਦੇ ਹਨ।ਇਸ ਦੌਰਾਨ ਮੈਰਾਥਨ ਦੇ ਸਾਰੇ ਭਾਗੀਦਾਰਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।ਇਸ ਮੌਕੇ ਨਾਇਬ ਤਹਿਸੀਲਦਾਰ ਤਰਨਜੀਤ ਖੁੱਲਰ, ਪੰਜਾਬ ਸਪੋਰਟਸ ਵੈਲਫੇਅਰ ਬੋਰਡ ਦੇ ਜ਼ਿਲ੍ਹਾ ਚੇਅਰਮੈਨ ਵਾਦਵਿੰਦਰ ਸਿੰਘ ਯਾਦੂ, ਐਡਵੋਕੇਟ ਰਣਜੀਤ ਸਿੰਘ ਚੀਮਾ, ਜ਼ਿਲ੍ਹਾ ਗਾਈਡੈਂਸ ਕਾਉਂਸਲਰ ਸੁਖਬੀਰ ਸਿੰਘ ਕੰਗ, ਪ੍ਰਿੰਸੀਪਲ ਗੁਰਵਿੰਦਰ ਕੌਰ ਰੰਧਾਵਾ, ਬੀਰਇੰਦਰ ਸਿੰਘ ਲਹਿਰੀ, ਪ੍ਰਿੰਸੀਪਲ ਮਨਜਿੰਦਰ ਕੌਰ, ਐਮ.ਸੀ ਜਸਕਰਨ ਸਿੰਘ, ਨੰਬਰਦਾਰ ਦਲੇਰ ਸਿੰਘ, ਯੁਵਰਾਜ ਸਿੰਘ ਅਤੇ ਜ਼ਿਲ੍ਹਾ ਖੇਡ ਦਫ਼ਤਰ ਦੇ ਸਮੂਹ ਕੋਚ ਮੌਜੂਦ ਸਨ।

## ਅੰਮ੍ਰਿਤਸਰ 'ਚ ਕੂੜੇ ਦੇ ਪਹਾੜ : ਤਰੁਣ ਚੁੱਘ



**ਛੇਹਰਟਾ, (ਮਨੋਜ ਕੁਮਾਰ)** : ਭਾਜਪਾ ਦੇ ਕੌਮੀ ਦਫ਼ਤਰ ਇੰਚਾਰਜ ਤੇ ਸੰਸਦ ਮੈਂਬਰ ਤਰੁਣ ਚੁੱਘ ਨੇ ਅੰਮ੍ਰਿਤਸਰ ਦੇ ਝਬਾਲ ਰੋਡ 'ਤੇ 11 ਏਕੜ ਦੇ ਡੰਪ ਸਾਈਟ 'ਤੇ ਕਰੀਬ 1.5 ਲੱਖ ਮੀਟ੍ਰਿਕ ਟਨ ਕੂੜਾ ਇਕੱਠਾ ਹੋਣ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਰਾਸ਼ਟਰੀ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਅੱਗੇ ਅੰਮ੍ਰਿਤਸਰ ਨਗਰ ਨਿਗਮ ਦੀ ਗੰਭੀਰ ਲਾਪਰਵਾਹੀ ਬਾਰੇ ਹਲਫ਼ਨਾਮਾ ਦਾਇਰ ਕਰਨ 'ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਨਿਖੇਧੀ ਕੀਤੀ ਹੈ। ਚੁੱਘ ਨੇ ਕਿਹਾ ਕਿ 'ਆਪ' ਸਰਕਾਰ ਨੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਕੂੜੇ ਦੇ ਪਹਾੜ ਵਿਚ ਬਦਲ ਦਿੱਤਾ ਹੈ। ਸ਼ਹਿਰ ਦਾ ਕੂੜਾ ਝਬਾਲ ਰੋਡ 'ਤੇ ਲੋਕਾਂ ਦੀਆਂ ਅੱਖਾਂ ਸਾਹਮਣੇ ਵਧਦਾ ਜਾ ਰਿਹਾ ਹੈ। ਇਹ ਕੋਈ ਕੁਦਰਤੀ ਆਫ਼ਤ ਨਹੀਂ, ਸਗੋਂ ਅੰਮ੍ਰਿਤਸਰ ਪ੍ਰਤੀ ਆਮ ਆਦਮੀ ਪਾਰਟੀ ਦੀ ਅਣਗਹਿਲੀ ਦਾ ਨਤੀਜਾ ਹੈ। ਕੂੜੇ ਦੇ ਢੇਰ ਦੇ ਆਸ ਪਾਸ ਦਾ ਇਲਾਕਾ ਸੰਘਣੀ ਆਬਾਦੀ ਵਾਲਾ ਇਲਾਕਾ ਹੈ। ਕੂੜੇ ਦੇ ਢੇਰ ਤੋਂ ਨਿਕਲਣ ਵਾਲੇ ਜ਼ਹਿਰੀਲੇ ਧੂੰਏਂ ਅਤੇ ਬਦਬੂ ਸਥਾਨਕ ਵਾਸੀਆਂ 'ਤੇ ਬੁਰਾ ਪ੍ਰਭਾਵ ਪਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਐੱਨ.ਜੀ.ਟੀ. ਸਾਹਮਣੇ ਦਾਇਰ ਕੀਤੇ ਗਏ ਹਲਫ਼ਨਾਮੇ ਨੇ ਅੰਮ੍ਰਿਤਸਰ ਨਗਰ ਨਿਗਮ ਦੀ ਗੰਭੀਰ ਲਾਪਰਵਾਹੀ ਨੂੰ ਵੀ ਉਜਾਗਰ ਕੀਤਾ ਹੈ। ਚੁੱਘ ਨੇ ਕਿਹਾ ਕਿ ਨਗਰ ਨਿਗਮ ਦੀ ਲਾਪਰਵਾਹੀ ਹੁਣ ਕਰੋੜਾਂ ਰੁਪਏ ਦੇ ਜੁਰਮਾਨੇ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। 8 ਕਰੋੜ ਰੁਪਏ ਵਾਤਾਵਰਣ ਮੁਆਵਜ਼ਾ ਪਹਿਲਾਂ ਹੀ ਲਗਾਇਆ ਜਾ ਚੁੱਕਾ ਹੈ ਅਤੇ ਪੀ.ਪੀ.ਸੀ.ਬੀ. ਨੇ ਨਵੇਂ ਮਾਮਲੇ ਵਿਚ ਕਰੀਬ 8.90 ਕਰੋੜ ਰੁਪਏ ਤੱਕ ਵਧਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿ 'ਆਪ' ਦਾ ਦਿੱਲੀ ਮਾਡਲ ਹੁਣ ਪੰਜਾਬ ਵਿਚ ਦਿਖਾਈ ਦੇ ਰਿਹਾ ਹੈ। ਭਾਜਪਾ ਪੰਜਾਬ ਦੇ ਲੋਕਾਂ ਦੀ ਸਿਹਤ, ਵਾਤਾਵਰਣ ਜਾਂ ਅੰਮ੍ਰਿਤਸਰ ਦੀ ਪਵਿੱਤਰਤਾ ਨਾਲ ਕੋਈ ਸਮਝੌਤਾ ਸਵੀਕਾਰ ਨਹੀਂ ਕਰੇਗੀ।

## ਚੰਨੀ ਨੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਿਆ ਜਾਇਜ਼ਾ



ਜਲੰਧਰ, (ਸੁਰਿੰਦਰ ਕੁਮਾਰ)-ਜਲੰਧਰ ਤੋਂ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਜ਼ਿਲ੍ਹਾ ਵਿਕਾਸ ਤਾਲਮੇਲ ਤੇ ਮੋਨੀਟਰਿੰਗ ਕਮੇਟੀ (ਦਿਸ਼ਾ) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੇਂਦਰ ਸਰਕਾਰ ਦੀਆਂ ਸਕੀਮਾਂ ਤੇ ਪ੍ਰੋਗਰਾਮਾਂ ਦਾ ਜਾਇਜ਼ਾ ਲਿਆ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਲੋਕ ਸਭਾ ਮੈਂਬਰ ਨੇ ਐੱਮ ਪੀ ਲੈਡ ਫੰਡ, ਪੀ ਐੱਮ ਗ੍ਰਾਮ ਸੜਕ ਯੋਜਨਾ, ਨੈਸ਼ਨਲ ਹੈਲਥ ਮਿਸ਼ਨ, ਟੀ ਬੀ ਮੁਕਤ ਭਾਰਤ ਅਭਿਆਨ, ਆਯੁਸ਼ਮਾਨ ਭਾਰਤ, ਮਿਡ-ਡੇ ਮੀਲ ਸਕੀਮ, ਸਮੱਗਰ ਸਿੱਖਿਆ, ਸਾਇਲ ਹੈਲਥ ਕਾਰਡ, ਜਲ ਜੀਵਨ ਮਿਸ਼ਨ ਸਮੇਤ ਵੱਖ-ਵੱਖ ਕੇਂਦਰ ਸਰਕਾਰ ਦੀਆਂ ਸਕੀਮਾਂ ਦੀ ਪ੍ਰਗਤੀ ਦੀ ਸਮੀਖਿਆ ਕਰਦਿਆਂ ਜ਼ਿਲ੍ਹਾ ਅਧਿਕਾਰੀਆਂ ਨੂੰ ਮੌਕੇ 'ਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਸਰਕਾਰੀ ਸਕੀਮਾਂ ਦਾ ਲਾਭ ਹਰ ਯੋਗ ਤੇ ਲੋੜਵੰਦ ਵਿਅਕਤੀ ਤੱਕ ਪਹੁੰਚਣਾ ਚਾਹੀਦਾ ਹੈ ਤਾਂ ਹੀ ਇਨ੍ਹਾਂ ਸਕੀਮਾਂ ਦਾ ਅਸਲ ਮਕਸਦ ਪੂਰਾ ਹੋ ਸਕਦਾ ਹੈ।ਮੀਟਿੰਗ ਵਿੱਚ ਵਿਧਾਇਕ ਪਰਗਟ ਸਿੰਘ, ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸੁਖਵਿੰਦਰ ਸਿੰਘ ਕੋਟਲੀ ਤੇ ਅਵਤਾਰ ਸਿੰਘ ਜੂਨੀਅਰ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਪੁਲਿਸ ਕਮਿਸ਼ਨਰ ਸਤਿੰਦਰ ਸਿੰਘ ਅਤੇ ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ., ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਮਰਜੀਤ ਬੈਂਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਅਕਸ਼ੈ ਸ਼ਰਮਾ ਦੇ ਘਰ ਮਿਲਣ ਪੁੱਜੇ ਵਿਜੈ ਸਾਂਪਲਾ



ਛੇਹਰਟਾ, (ਮਨੋਜ ਕੁਮਾਰ) : ਅੰਮ੍ਰਿਤਸਰ ਉੱਤਰੀ ਹਲਕੇ ਤੋਂ ਭਾਜਪਾ ਆਗੂ ਅਕਸ਼ੈ ਸ਼ਰਮਾ ਦੇ ਘਰ ਵਿਸ਼ੇਸ਼ ਮੁਲਾਕਾਤ ਲਈ ਸਾਬਕਾ ਕੇਂਦਰੀ ਰਾਜ ਮੰਤਰੀ, ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਭਾਜਪਾ ਪੰਜਾਬ ਦੇ ਸਾਬਕਾ ਪ੍ਰਧਾਨ ਵਿਜੈ ਸਾਂਪਲਾ ਪਹੁੰਚੇ।

ਇਸ ਦੌਰਾਨ ਅਕਸ਼ੈ ਸ਼ਰਮਾ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਅਕਸ਼ੈ ਸ਼ਰਮਾ ਤੇ ਵਿਜੈ ਸਾਂਪਲਾ ਦੀ ਇਸ ਵਿਸ਼ੇਸ਼ ਮੁਲਾਕਾਤ ਦੌਰਾਨ ਪਾਰਟੀ ਦੀ ਮਜ਼ਬੂਤੀ, ਲੋਕ ਸੇਵਾ ਤੇ ਪੰਜਾਬ ਨਾਲ ਜੁੜੇ ਵੱਖ-ਵੱਖ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਅਕਸ਼ੈ ਸ਼ਰਮਾ ਨੇ ਕਿਹਾ ਕਿ ਵਿਜੈ ਸਾਂਪਲਾ ਦਾ ਸਿਆਸੀ ਤੇ ਜਥੇਬੰਦਕ ਤਜ਼ਰਬਾ ਪੰਜਾਬ ਵਿਚ ਭਾਜਪਾ ਨੂੰ ਮਜ਼ਬੂਤ ਕਰਨ ਅਤੇ ਲੋਕ ਹਿੱਤ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ ਤੇ ਅੱਗੇ ਵੀ ਨਿਭਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਵਿਜੈ ਸਾਂਪਲਾ ਦਾ ਮਾਰਗਦਰਸ਼ਨ ਨਾ ਸਿਰਫ਼ ਉਨ੍ਹਾਂ ਦੇ ਰਾਜਨੀਤਿਕ ਕਰੀਅਰ ਵਿਚ, ਸਗੋਂ ਨਿੱਜੀ ਜ਼ਿੰਦਗੀ ਵਿਚ ਵੀ ਬੇਹੱਦ ਵਿਸ਼ਵਾਸਯੋਗ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਜੈ ਸਾਂਪਲਾ ਬੇਹੱਦ ਮਿਹਨਤੀ ਆਗੂ ਹਨ, ਜੋ ਪਾਰਟੀ ਦੇ ਨਾਲ-ਨਾਲ ਪੰਜਾਬ ਦੀ ਭਲਾਈ ਲਈ ਵੀ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕੰਮ ਕਰਦੇ ਆ ਰਹੇ ਹਨ ਇਸ ਮੌਕੇ ਨਿਤਿਨ ਗੁਪਤਾ (ਨੰਨੂ) ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਸਚਿਨ ਬੱਸੀ ਕੋ-ਕਨਵੀਨਰ ਐੱਨ.ਜੀ.ਓ. ਸੈੱਲ ਪੰਜਾਬ ਤੇ ਰਾਜਨ ਗੁਪਤਾ (ਮਿੰਟੂ) ਪ੍ਰਧਾਨ ਟਰੇਡਰਜ਼ ਐਸੋਸੀਏਸ਼ਨ ਹੁਸ਼ਿਆਰਪੁਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਅਕਸ਼ੈ ਸ਼ਰਮਾ ਨੇ ਆਪਣੇ ਨਿਵਾਸ 'ਤੇ ਪਹੁੰਚੇ ਸਾਰੇ ਦਾ ਧੰਨਵਾਦ ਕੀਤਾ।

## 'ਖੇਡਾਂ ਵਤਨ ਪੰਜਾਬ ਦੀਆਂ-2026' : ਭਲਕੇ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ ) ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-2026' ਕਰਵਾਈਆਂ ਜਾ ਰਹੀਆਂ ਹਨ।ਇਸ ਸਬੰਧੀ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦੀਪ ਦੀ ਪ੍ਰਧਾਨਗੀ ਮੀਟਿੰਗ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ, ਡੀ ਐੱਸ ਪੀ ਬਟਾਲਾ ਤੇਜਿੰਦਰਪਾਲ ਸਿੰਘ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਵਧੀਕ ਡਿਪਟੀ ਕਮਿਸ਼ਨਰ ਮੀਟਿੰਗ ਦੌਰਾਨ ਦੱਸਿਆ ਕਿ 2 ਸਤੰਬਰ ਨੂੰ 650ਵੇਂ ਸ੍ਰੀ ਗੁਰੂ ਰਵੀਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 5 ਕਿਲੋਮੀਟਰ ਓਪਨ ਮੈਰਾਥਨ ਜ਼ਿਲ੍ਹਾ ਪੱਧਰ 'ਤੇ ਗੁਰਦਾਸਪੁਰ ਵਿਖੇ ਕਰਵਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਮੈਰਾਥਨ ਓਪਨ ਕੈਟਾਗਰੀ ਵਿੱਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 2 ਸਤੰਬਰ ਨੂੰ ਸਵੇਰੇ 6.30 ਵਜੇ ਮੈਰਾਥਨ ਸ੍ਰੀ ਗੁਰੂ ਰਵੀਦਾਸ ਚੌਕ ਤੋਂ ਸ਼ੁਰੂ ਹੋਵੇਗੀ, ਜੋ ਡਿਪਟੀ ਡਾਇਰੈਕਟਰ ਬਾਗਬਾਨੀ ਦਫਤਰ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਉਸਤੋਂ ਬਾਅਦ ਸ੍ਰੀ ਨੰਗਲੀ ਸਕੂਲ, ਰੇਲਵੇ ਸਟੇਸ਼ਨ ਚੌਕ, ਬੀ.ਐਸ.ਐਫ ਚੌਕ ਵਏ.ਡੀ.ਸੀ.(ਡੀ) ਦਫਤਰ , ਪੰਚਾਇਤ ਭਵਨ , ਲਿਟਲ ਤੋਂ ਹੁੰਦੀ ਹੋਈ ਸ੍ਰੀ ਗੁਰੂ ਰਵੀਦਾਸ ਚੌਕ ਵਿਖੇ ਸਮਾਪਤ ਹੋਵੇਗੀ।ਇਸ ਮੌਕੇ ਉਨ੍ਹਾਂ ਪੁਲਸ, ਨਗਰ ਕੌਂਸਲ, ਸਿਹਤ ਵਿਭਾਗ ਸਮੇਤ ਵੱਖ ਵੱਖ ਵਿਭਾਗਾਂ ਨੂੰ ਮੈਰਾਥਨ ਸੰਬੰਧੀ ਤਿਆਰੀਆਂ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ। ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ' ਦੀਆਂ 2026 ਦਾ ਚੌਥਾ ਐਡੀਸ਼ਨ 5 ਸਤੰਬਰ ਨੂੰ ਬਠਿੰਡਾ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਕੀਤਾ ਜਾਵੇਗਾ।7 ਸਤੰਬਰ ਤੋਂ 16 ਸਤੰਬਰ 2026 ਤੱਕ ਜ਼ਿਲ੍ਹਾ ਗੁਰਦਾਸਪੁਰ ਵਿੱਚ ਬਲਾਕ ਪੱਧਰੀ ਖੇਡਾਂ ਕਰਵਾਈਆਂ ਜਾਣਗੀਆਂ।ਇਸ ਮੌਕੇ 'ਖੇਡਾਂ ਵਤਨ ਪੰਜਾਬ' ਦੀਆਂ ਵਿੱਚ ਕਿਊ ਆਰ ਕੋਡ ਰਾਹੀਂ ਭਾਗ ਲੈਣ ਲਈ ਜਾਰੀ ਕੀਤਾ ਗਿਆ।

## ਗਿੱਲ ਦੀਆਂ ਲੋਕ ਮਿਲਣੀਆਂ ਨੇ ਜਿੱਤਿਆ ਮਜੀਠਾ ਵਾਸੀਆਂ ਦਾ ਦਿਲ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ) ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮ ਅੱਜ ਪੰਜਾਬ ਦੀ ਸਿਆਸਤ ਵਿੱਚ ਚਰਚਾ ਦਾ ਵਿਸ਼ਾ ਬਣ ਰਹੇ ਹਨ। ਰਾਸ਼ਨ ਕਿੱਟਾਂ, ਮਾਵਾਂ-ਧੀਆਂ ਸਤਿਕਾਰ ਯੋਜਨਾ, ਸਿਹਤ ਸਹੂਲਤਾਂ, ਮੁਹੱਲਾ ਕਲੀਨਿਕ, ਪਿੰਡਾਂ ਵਿੱਚ ਜਿਮ ਅਤੇ ਖੇਡ ਗਰਾਊਂਡਾਂ ਸਮੇਤ ਵੱਖ-ਵੱਖ ਲੋਕਪੱਖੀ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚ ਰਿਹਾ ਹੈ। ਇਹ ਪ੍ਰਗਟਾਵਾ ਹਲਕਾ ਮਜੀਠਾ ਬਲਾਕ-02 ਦੇ ਚੇਅਰਮੈਨ ਸਿਕੰਦਰ ਸਿੰਘ ਭੋਏਵਾਲ ਨੇ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਰਵਾਇਤੀ ਸਿਆਸਤ ਤੋਂ ਹਟ ਕੇ ਸਰਕਾਰੀ ਸਹੂਲਤਾਂ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣ ਲਈ ਠੋਸ ਕਦਮ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਯੋਜਨਾਵਾਂ ਦਾ ਮਕਸਦ ਸਿਰਫ਼ ਐਲਾਨ ਕਰਨਾ ਨਹੀਂ, ਸਗੋਂ ਉਨ੍ਹਾਂ ਦਾ ਲਾਭ ਜ਼ਮੀਨੀ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣਾ ਹੈ।ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਵੱਲੋਂ ਵੀ ਇਸੇ ਲੋਕਪੱਖੀ ਸੋਚ ਨੂੰ ਅੱਗੇ ਲਿਜਾਂਦਿਆਂ ਪਿੰਡ-ਪਿੰਡ ਲੋਕ ਮਿਲਣੀਆਂ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਦੇ ਹੱਲ ਲਈ ਯਤਨ ਕੀਤੇ ਜਾ ਰਹੇ ਹਨ। ਤਲਬੀਰ ਸਿੰਘ ਗਿੱਲ ਦੀ ਪਹੁੰਚ ਸਿਰਫ਼ ਸਿਆਸੀ ਮੰਚਾਂ ਤੱਕ ਸੀਮਤ ਨਹੀਂ, ਸਗੋਂ ਆਮ ਲੋਕਾਂ ਦੇ ਘਰਾਂ ਅਤੇ ਪਿੰਡਾਂ ਤੱਕ ਹੈ। ਸਿਕੰਦਰ ਸਿੰਘ ਭੋਏਵਾਲ ਨੇ ਕਿਹਾ ਕਿ ਜਿਹੜੇ ਕੰਮ ਪਿਛਲੇ 20 ਸਾਲਾਂ ਤੋਂ ਸਰਕਾਰੀ ਦਫ਼ਤਰਾਂ ਦੀਆਂ ਫਾਈਲਾਂ ਵਿੱਚ ਦੱਬੇ ਪਏ ਸਨ, ਉਹਨਾਂ ਕੰਮਾਂ ਨੂੰ ਕਰਵਾਏ ਜਾਣ ਨਾਲ ਲੋਕਾਂ ਵਿੱਚ ਤਲਬੀਰ ਸਿੰਘ ਗਿੱਲ ਪ੍ਰਤੀ ਭਰੋਸਾ ਵਧਿਆ ਹੈ। ਉਨ੍ਹਾਂ ਕਿਹਾ ਕਿ ਲੋਕ ਹੁਣ ਸਿਆਸੀ ਵਾਅਦਿਆਂ ਦੀ ਬਜਾਏ ਕੰਮ ਨੂੰ ਤਰਜੀਹ ਦੇ ਰਹੇ ਹਨ ਅਤੇ ਜਿੱਥੇ ਕੰਮ ਨਜ਼ਰ ਆਉਂਦਾ ਹੈ, ਉੱਥੇ ਲੋਕਾਂ ਦਾ ਵਿਸ਼ਵਾਸ ਆਪਣੇ ਆਪ ਮਜ਼ਬੂਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਤਲਬੀਰ ਸਿੰਘ ਗਿੱਲ ਵੱਲੋਂ ਹਲਕੇ ਦੇ ਲੋਕਾਂ ਨਾਲ ਲਗਾਤਾਰ ਰਾਬਤਾ ਬਣਾਉਣਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਾ ਉਨ੍ਹਾਂ ਨੂੰ ਹੋਰਨਾਂ ਆਗੂਆਂ ਤੋਂ ਵੱਖਰੀ ਪਛਾਣ ਦਿੰਦਾ ਹੈ।

ਭੋਏਵਾਲ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਲੈ ਕੇ ਉਨ੍ਹਾਂ ਦੇ ਹੱਲ ਤੱਕ ਖੜ੍ਹੇ ਰਹਿਣ ਦੀ ਇਹ ਕਾਰਜਸ਼ੈਲੀ ਹੀ ਤਲਬੀਰ ਸਿੰਘ ਗਿੱਲ ਨੂੰ ਮਜੀਠਾ ਦੇ ਲੋਕਾਂ ਵਿੱਚ ਹਰਮਨ ਪਿਆਰੇ ਆਗੂ ਵਜੋਂ ਮਜ਼ਬੂਤੀ ਨਾਲ ਉਭਾਰ ਰਹੀ ਹੈ।ਆਉਣ ਵਾਲੇ ਸਮੇਂ ਵਿੱਚ ਮਜੀਠਾ ਦੇ ਵਿਕਾਸ ਅਤੇ ਲੋਕ ਭਲਾਈ ਲਈ ਇਹ ਯਤਨ ਹੋਰ ਤੇਜ਼ ਕੀਤੇ ਜਾਣਗੇ।

## ਵਿਕਾਸ ਮੰਚ ਵੱਲੋਂ ਅਨੂਪ ਸਿੰਘ ਵਿਰਦੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਮੰਚ ਦੇ ਪੂਰਵ ਸਰਪ੍ਰਸਤ ਅਨੂਪ ਸਿੰਘ ਵਿਰਦੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈਸ ਨੂੰ ਜਾਰੀ ਇਕ ਸਾਂਝੇ ਬਿਆਨ ਵਿੱਚ ਮੰਚ ਦੇ ਸਰਪ੍ਰਸਤ ਪ੍ਰੋ. ਮੋਹਣ ਸਿੰਘ, ਮਨਮੋਹਨ ਸਿੰਘ ਬਰਾੜ, ਡਾ. ਚਰਨਜੀਤ ਸਿੰਘ ਗੁਮਟਾਲਾ, ਅੰਮ੍ਰਿਤ ਲਾਲ ਮੰਨਣ, ਕੁਲਵੰਤ ਸਿੰਘ ਅਣਖੀ, ਇੰਜ. ਹਰਜਾਪ ਸਿੰਘ ਔਜਲਾ, ਹਰਦੀਪ ਸਿੰਘ ਚਾਹਲ ,ਪ੍ਰਧਾਨ ਸੁਰਿੰਦਰਜੀਤ ਸਿੰਘ ਬਿੱਟੂ, ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਰਾਜਵਿੰਦਰ ਸਿੰਘ ਗਿੱਲ, ਜਨਰਲ ਸਕੱਤਰ ਯੋਗੇਸ਼ ਕਾਮਰਾ ਤੇ ਸਮੂਹ ਮੈਂਬਰਾਨ ਵਲੋਂ ਕਿਹਾ ਗਿਆ ਹੈ ਕਿ ਅਨੂਪ ਸਿੰਘ ਵਿਰਦੀ ਬਹੁਤ ਨੇਕ ਦਿੱਲ ਇਨਸਾਨ ਸਨ। ਉਹ ਅੰਮ੍ਰਿਤਸਰ ਵਿਕਾਸ ਮੰਚ ਦੇ ਬਾਨੀਆਂ ਵਿੱਚੋਂ ਇੱਕ ਸਨ। ਉਹ ਪਿੰਡ ਡੇਹਰੀਵਾਲਾ (ਬਲਾਕ ਤਰਸਿੱਕਾ) ਦੇ ਜੰਮਪਲ ਸਨ। ਉਨ੍ਹਾਂ ਦੇ ਪਿਤਾ ਜੀ ਨੇ ਈਸਟ ਮੋਹਨ ਨਗਰ ਵਿੱਚ ਵਿਰਦੀ ਸ਼ਟਲ ਨਾਂ ਹੇਠ ਇੱਕ ਕਾਰਖਾਨਾ ਲਾਇਆ, ਜਿਸ ਦੀਆਂ ਬਣੀਆਂ ਸ਼ਟਲਾਂ ਨਾ ਕੇਵਲ ਭਾਰਤ ਸਗੋਂ ਵਿਦੇਸ਼ਾਂ ਵਿੱਚ ਬਰਾਮਦ ਕੀਤੀਆਂ ਜਾਂਦੀਆਂ ਸਨ। ਆਪ ਨੇ 1991 ਤੋਂ 1996 ਤੀਕ ਬਤੌਰ ਅੰਮ੍ਰਿਤਸਰ ਨਗਰ ਨਿਗਮ ਦੇ ਮੈਂਬਰ ਬਣ ਕੇ ਬਹੁਤ ਸਾਰੇ ਕੰਮ ਕਰਵਾਏ। ਰਾਮਗੜ੍ਹੀਆ ਸੰਸਥਾਵਾਂ ਨਾਲ ਮਿਲ ਕੇ ਕਈ ਕੰਮ ਕਰਵਾਏ ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਵਿਚਲੇ ਬੁੰਗਾ ਰਾਮਗੜ੍ਹੀਆ ਦਾ ਪੁਨਰ ਨਿਰਮਾਣ ਕਰਵਾਉਣਾ, ਈਸਟ ਮੋਹਨ ਨਗਰ ਦਾ ਨਾਂਅ ਬਦਲ ਕੇ ਜੱਸਾ ਸਿੰਘ ਰਾਮਗੜ੍ਹੀਆ ਨਗਰ ਰੱਖਵਾਉਣਾ, 100 ਫੁੱਟੀ ਰੋਡ ਤੇ ਜੱਸਾ ਸਿੰਘ ਰਾਮਗੜ੍ਹੀਆ ਗੇਟ ਬਣਵਾਉਣਾ, ਜੀ.ਟੀ. ਰੋਡ ਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਬੁੱਤ ਲਗਵਾਉਣਾ, ਭਾਈ ਲਾਲੋ ਜੀ ਕਮਿਊਨਿਟੀ ਹਾਲ ਬਣਵਉਣਾ ਆਦਿ ਸ਼ਾਮਿਲ ਹਨ।

ਆਪ ਨੇ ਗੁਰੂ ਕੀ ਨਗਰੀ ਦੀ ਸਭ ਤੋਂ ਪੁਰਾਣੀ ਸਿੱਖ ਜਥੇਬੰਦੀ ਸ੍ਰੀ ਗੁਰੂ ਸਿੰਘ ਸਭਾ ਦੇ ਬਤੌਰ ਮੈਂਬਰ 35 ਸਾਲ ਸੇਵਾ ਕੀਤੀ, ਉਹ ਇਸ ਦੇ 12 ਸਾਲ ਪ੍ਰਧਾਨ ਵੀ ਰਹੇ। ਸਿਹਤ ਖਰਾਬ ਹੋਣ ਕਰਕੇ ਉਨ੍ਹਾਂ ਨੇ ਇਹ ਸੇਵਾ ਪ੍ਰਸਿੱਧ ਵਿਦਵਾਨ ਤੇ ਸਿੱਖਿਆ ਸ਼ਾਸਤਰੀ ਡਾ. ਇੰਦਰਜੀਤ ਸਿੰਘ ਗੋਗੋਆਣੀ ਨੂੰ ਸੌਂਪ ਦਿੱਤੀ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ, ਪਰ ਉਨ੍ਹਾਂ ਵੱਲੋਂ ਕੀਤੇ ਗਏ ਸਮਾਜ ਭਲਾਈ ਦੇ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

## ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਸਤਿਸੰਗ ਸਮਾਗਮ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** ਸ਼ਹਿਜ਼ਾਦਾ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਆਪਣੇ ਸਥਾਨਕ ਆਸ਼ਰਮ ਵਿਖੇ ਰੱਖੜੀ ਦੇ ਪਵਿੱਤਰ ਤਿਉਹਾਰ ਦੇ ਮੌਕੇ ਵਿਸ਼ਾਲ ਸਤਸੰਗ ਸਮਾਗਮ ਦਾ ਆਯੋਜਨ ਕੀਤਾ ਗਿਆ।ਸਮਾਗਮ ਦੌਰਾਨ ਦਿਵਯ ਗੁਰੂ ਸ੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯਾ ਸਾਧਵੀ ਤ੍ਰਿਵੇਣੀ ਭਾਰਤੀ ਨੇ ਆਪਣੇ ਪ੍ਰਵਚਨ ਵਿੱਚ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।

ਉਨ੍ਹਾਂ ਕਿਹਾ ਕਿ ਰੱਖੜੀ ਸਿਰਫ਼ ਭੈਣ ਵੱਲੋਂ ਭਰਾ ਦੀ ਕਲਾਈ 'ਤੇ ਧਾਗਾ ਬੰਨ੍ਹਣ ਦਾ ਤਿਉਹਾਰ ਨਹੀਂ, ਸਗੋਂ ਇਹ ਪਿਆਰ, ਵਿਸ਼ਵਾਸ, ਤਿਆਗ, ਫ਼ਰਜ਼ ਅਤੇ ਆਪਸੀ ਸਤਿਕਾਰ ਦਾ ਪਵਿੱਤਰ ਸੰਕਲਪ ਹੈ।ਸਾਧਵੀ ਤ੍ਰਿਵੇਣੀ ਭਾਰਤੀ ਨੇ ਕਿਹਾ ਕਿ ਭਾਰਤੀ ਸੰਸਕ੍ਰਿਤੀ ਵਿੱਚ ਹਰ ਤਿਉਹਾਰ ਦਾ ਕੋਈ ਨਾ ਕੋਈ ਡੂੰਘਾ ਆਧਿਆਤਮਿਕ ਅਤੇ ਸਮਾਜਿਕ ਸੰਦੇਸ਼ ਹੁੰਦਾ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਤੇਜ਼ੀ ਨਾਲ ਬਦਲ ਰਹੇ ਜੀਵਨ ਵਿੱਚ ਪਰਿਵਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਆਧੁਨਿਕ ਜੀਵਨ ਦੀ ਵਿਅਸਤਤਾ ਕਾਰਨ ਕਈ ਵਾਰ ਅਸੀਂ ਆਪਣੇ ਹੀ ਰਿਸ਼ਤਿਆਂ ਨੂੰ ਸਮਾਂ ਨਹੀਂ ਦੇ ਪਾਉਂਦੇ। ਰੱਖੜੀ ਦਾ ਤਿਉਹਾਰ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਰਿਵਾਰ ਸਾਡੀ ਸਭ ਤੋਂ ਵੱਡੀ ਤਾਕਤ ਹੈ ਅਤੇ ਸਾਨੂੰ ਆਪਣੇ ਭੈਣ-ਭਰਾਵਾਂ ਦੇ ਸੁੱਖ-ਦੁੱਖ ਵਿੱਚ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਰਹਿਣਾ ਚਾਹੀਦਾ ਹੈ। ਸਾਧਵੀ ਜੀ ਨੇ ਨੌਜਵਾਨ ਪੀੜ੍ਹੀ ਨੂੰ ਭਾਰਤੀ ਸੰਸਕ੍ਰਿਤੀ ਅਤੇ ਸੰਸਕਾਰਾਂ ਨਾਲ ਜੁੜਨ ਦਾ ਸੱਦਾ ਦਿੱਤਾ। ਸਮਾਗਮ ਦੌਰਾਨ ਸਾਧਵੀ ਨਵਨੀਤਾ ਭਾਰਤੀ, ਰਵਿੰਦਰਾ ਭਾਰਤੀ ਅਤੇ ਨੈਨਸੀ ਭਾਰਤੀ ਨੇ ਭਜਨ ਗਾ ਕੇ ਸੰਗਤਾਂ ਦਾ ਮਾਰਗਦਰਸ਼ਨ ਕੀਤਾ।

ਸਮਾਗਮ ਦਾ ਮਾਹੌਲ ਭਗਤੀ, ਆਧਿਆਤਮਿਕਤਾ ਅਤੇ ਉਤਸ਼ਾਹ ਨਾਲ ਭਰਪੂਰ ਰਿਹਾ। ਅੰਤ ਵਿੱਚ ਸਾਰਿਆਂ ਨੇ ਰੱਖੜੀ ਦੇ ਪਵਿੱਤਰ ਤਿਉਹਾਰ ਦੀਆਂ ਵਧਾਈਆਂ ਦਿੰਦਿਆਂ ਪਰਿਵਾਰ, ਸਮਾਜ ਅਤੇ ਦੇਸ਼ ਵਿੱਚ ਸੁੱਖ-ਸ਼ਾਂਤੀ, ਖੁਸ਼ਹਾਲੀ ਅਤੇ ਆਪਸੀ ਭਾਈਚਾਰੇ ਦੀ ਕਾਮਨਾ ਕੀਤੀ।

## 'ਲਿਵਾਥਨ-ਹਾਰਟਸ ਇਨ ਐਕਸ਼ਨ' ਫਿਟਨੈੱਸ ਈਵੈਂਟ 'ਚ 450 ਲੋਕਾਂ ਨੇ ਲਿਆ ਹਿੱਸਾ

**ਮੋਹਾਲੀ (ਗੁਰਜੀਤ ਬਿੱਲਾ)**-ਐੱਚ ਐੱਚ ਪੀ ਗੈਲੇਰੀਆ ਮੋਹਾਲੀ ਵਿਖੇ ਲਿਵਾਸਾ ਹਸਪਤਾਲ ਮੋਹਾਲੀ ਵੱਲੋਂ ਆਯੋਜਿਤ 'ਲਿਵਾਥਨ-ਹਾਰਟਸ ਇਨ ਐਕਸ਼ਨ' ਫਿਟਨੈਸ ਈਵੈਂਟ ਵਿੱਚ ਲਗਭਗ 450 ਲੋਕਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦੇ ਨਾਲ ਹੀ 27 ਦਿਨਾਂ ਦੀ ਫਿਟਨੈਸ ਚੈਲੇਂਜ ਦੀ ਸ਼ੁਰੂਆਤ ਹੋਈ, ਜੋ ਵਿਸ਼ਵ ਦਿਲ ਦਿਵਸ ਦੀ ਤਿਆਰੀ ਵਜੋਂ ਹਰ ਉਮਰ ਦੇ ਲੋਕਾਂ ਨੂੰ ਆਪਣੀ ਪਸੰਦ ਦੀ ਸਰੀਰਕ ਗਤੀਵਿਧੀ ਚੁਣਨ, ਉਸਨੂੰ ਲਗਾਤਾਰ ਕਰਨ ਅਤੇ ਸਰਗਰਮ ਜੀਵਨ ਸ਼ੈਲੀ ਨੂੰ ਆਪਣੀ ਰੋਜ਼ਾਨਾ ਰੁਟੀਨ ਦਾ ਹਿੱਸਾ ਬਣਾਉਣ ਲਈ ਉਤਸ਼ਾਹਿਤ ਕਰਦੀ ਹੈ। ਪ੍ਰੋਗਰਾਮ ਦੌਰਾਨ ਮੋਹਾਲੀ ਨਗਰ ਨਿਗਮ ਕਮਿਸ਼ਨਰ ਸੰਦੀਪ ਸਿੰਘ ਗੜ੍ਹਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪ੍ਰੋਗਰਾਮ ਵਿੱਚ ਲਿਵਾਸਾ ਹਸਪਤਾਲ ਦੇ ਕਾਰਡੀਅਕ ਸਾਇੰਸਜ਼ ਦੇ ਚੇਅਰਮੈਨ ਡਾ. ਐਚ. ਕੇ. ਬਾਲੀ ਨੇ ਵੀ ਹਿੱਸਾ ਲਿਆ। ਪ੍ਰੋਗਰਾਮ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਜਿੱਥੇ ਸਾਰੇ ਉਮਰ ਵਰਗਾਂ ਦੇ ਭਾਗੀਦਾਰ ਇੱਕ ਵਾਕ ਲਈ ਇਕੱਠੇ ਹੋਏ ਅਤੇ ਸਿਹਤਮੰਦ ਜੀਵਨ ਸ਼ੈਲੀ ਦੀ ਸਹੁੰ ਚੁੱਕੀ। ਇਸ ਤੋਂ ਇਲਾਵਾ, ਭਾਗੀਦਾਰਾਂ ਨੇ ਜ਼ੁੰਬਾ ਸੈਸ਼ਨ, ਸਟੈਪ ਚੈਲੇਂਜ, ਪਲੈਂਕ ਅਤੇ ਪੁਸ਼-ਅੱਪ ਚੈਲੇਂਜ, ਫਿਟਨੈਸ ਗੇਮਾਂ ਅਤੇ ਹੋਰ ਰੋਚਕ ਗਤੀਵਿਧੀਆਂ ਵਿੱਚ ਵੀ ਉਤਸ਼ਾਹ ਨਾਲ ਭਾਗ ਲਿਆ।



## 'ਤੇਰਾ ਹੀ ਤੇਰਾ ਮਿਸ਼ਨ ਹਸਪਤਾਲ' ਵੱਲੋਂ ਮੁਫ਼ਤ ਮੈਗਾ ਮੈਡੀਕਲ ਕੈਂਪ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਵਿਧਾਨ ਸਭਾ ਹਲਕਾ ਅੰਮ੍ਰਿਤਸਰ ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਹੇਠ ਬਿਲਾਸ ਫਾਊਂਡੇਸ਼ਨ ਵੱਲੋਂ 'ਤੇਰਾ ਹੀ ਤੇਰਾ ਮਿਸ਼ਨ ਹਸਪਤਾਲ', ਚੰਡੀਗੜ੍ਹ ਅਤੇ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ, ਅੰਮ੍ਰਿਤਸਰ ਦੇ ਸਹਿਯੋਗ ਨਾਲ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸ਼ਹੀਦ ਊਧਮ ਸਿੰਘ ਯਾਦਗਾਰੀ ਭਵਨ, ਗੇਟ ਭਗਤਾਂ ਵਾਲਾ, ਅੰਮ੍ਰਿਤਸਰ ਵਿਖੇ ਮੁਫ਼ਤ ਮੈਗਾ ਮੈਡੀਕਲ ਕੈਂਪ ਲਗਾਇਆ ਗਿਆ। ਮੈਡੀਕਲ ਕੈਂਪ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚੇ ਮਰੀਜ਼ਾਂ ਦੀ ਸਿਹਤ ਦੀ ਜਾਂਚ ਕੀਤੀ ਗਈ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ।

ਇਸ ਮੌਕੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਨੇ ਬਿਲਾਸ ਫਾਊਂਡੇਸ਼ਨ, 'ਤੇਰਾ ਹੀ ਤੇਰਾ ਮਿਸ਼ਨ ਹਸਪਤਾਲ', ਚੰਡੀਗੜ੍ਹ ਅਤੇ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ, ਅੰਮ੍ਰਿਤਸਰ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਇਸ ਨੇਕ ਕਾਰਜ ਲਈ ਧੰਨਵਾਦ ਕੀਤਾ। ਫਾਊਂਡੇਸ਼ਨ ਦੇ ਪ੍ਰਧਾਨ ਦੀਪ ਸਿੰਘ ਕੰਬੋਜ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਵੱਲੋਂ ਲੋਕ ਭਲਾਈ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਮੁਫ਼ਤ ਸਿਹਤ ਜਾਂਚ ਕੈਂਪ ਲਗਾਏ ਜਾਣਗੇ।

ਇਸ ਮੌਕੇ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਦੇ ਪ੍ਰਧਾਨ ਦੀਪ ਸਿੰਘ ਕੰਬੋਜ ਅਤੇ ਸਮੂਹ ਮੈਂਬਰਾਂ ਵੱਲੋਂ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਬਿਲਾਸ ਫਾਊਂਡੇਸ਼ਨ ਦੀ ਮੈਡੀਕਲ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

## ਪਿਸਤੌਲ ਦੀ ਨੋਕ 'ਤੇ ਗੈਸ ਏਜੰਸੀ 'ਚੋਂ ਪੈਸੇ ਲੁੱਟਣ ਵਾਲਾ ਕਾਬੂ



**ਪੋਜੇਵਾਲ (ਰਾਮ ਲਾਲ)**- ਸ੍ਰੀ ਤੁਸ਼ਾਰ ਗੁਪਤਾ ਸੀਨੀਅਰ ਪੁਲਸ ਕਪਤਾਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਅਗਵਾਈ ਹੇਠ ਪੁਲਿਸ ਵੱਲੋਂ ਅਪਰਾਧਿਕ ਗਤੀਵਿਧੀਆਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਗੈਸ ਏਜੰਸੀ ਸੜੋਆ ਵਿੱਚ ਪਿਸਤੌਲ ਦੀ ਨੋਕ 'ਤੇ ਲੁੱਟ ਕਰਨ ਵਾਲੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ।ਪੁਲਸ ਅਨੁਸਾਰ 10 ਅਗਸਤ 2026 ਨੂੰ ਗੈਸ ਏਜੰਸੀ ਸੜੋਆ ਵਿਖੇ ਇੱਕ ਵਿਅਕਤੀ ਵੱਲੋਂ ਪਿਸਤੌਲ ਦੀ ਨੋਕ 'ਤੇ ਗੈਸ ਏਜੰਸੀ ਦੇ ਕਰਮਚਾਰੀ ਕੋਲੋਂ 10 ਹਜ਼ਾਰ ਰੁਪਏ ਲੁੱਟ ਲਏ ਗਏ ਸਨ। ਇਸ ਸਬੰਧੀ ਮੁਕੱਦਮਾ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੁਲਿਸ ਨੇ ਭੁਪਿੰਦਰ ਸਿੰਘ ਉਰਫ਼ ਦੀਪੂ ਪੁੱਤਰ ਪਿਆਰਾ ਸਿੰਘ ਵਾਸੀ ਅਸਨੌਰ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ। ਪੁਲਿਸ ਵੱਲੋਂ ਉਸ ਕੋਲੋਂ ਪੁੱਛਗਿੱਛ ਕੀਤੀ ਗਈ ਅਤੇ 30 ਅਗਸਤ ਨੂੰ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਵਾਰਦਾਤ ਵਿੱਚ ਵਰਤਿਆ ਪਿਸਤੌਲ, ਮੋਟਰਸਾਈਕਲ ਅਤੇ 600 ਰੁਪਏ ਬਰਾਮਦ ਕੀਤੇ ਗਏ ਹਨ।ਪੁਲਿਸ ਮੁਤਾਬਕ ਉਕਤ ਵਿਅਕਤੀ ਖ਼ਿਲਾਫ਼ ਪਹਿਲਾਂ ਵੀ ਦੋ ਮੁਕੱਦਮੇ ਦਰਜ ਹਨ। ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਖਾਲਸਾ ਏਡ ਇੰਟਰਨੈਸ਼ਨਲ ਦੀਆਂ ਟੀਮਾਂ ਨੇਪਾਲ 'ਚ ਰਾਹਤ ਕਾਰਜਾਂ ਲਈ ਪਹੁੰਚੀਆਂ

### ਮਨੁੱਖਤਾ ਦੀ ਸੇਵਾ ਕਿਸੇ ਇੱਕ ਦੇਸ਼ ਤੱਕ ਸੀਮਤ ਨਹੀਂ : ਰਵੀ ਸਿੰਘ

**ਜਲੰਧਰ (ਨ ਜ਼ ਸ)**- ਨੇਪਾਲ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਪੈਦਾ ਹੋਈ ਗੰਭੀਰ ਸਥਿਤੀ ਦੇ ਮੱਦੇਨਜ਼ਰ ਖਾਲਸਾ ਏਡ ਇੰਟਰਨੈਸ਼ਨਲ ਵੱਲੋਂ ਰਾਹਤ ਕਾਰਜਾਂ ਲਈ ਆਪਣੀਆਂ ਟੀਮਾਂ ਨੇਪਾਲ ਪਹੁੰਚਾਈਆਂ ਗਈਆਂ ਹਨ। ਖਾਲਸਾ ਏਡ ਦੀਆਂ ਟੀਮਾਂ ਵੱਲੋਂ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈ ਕੇ ਲੋੜਵੰਦ ਲੋਕਾਂ ਤੱਕ ਜ਼ਰੂਰੀ ਰਾਹਤ ਸਮੱਗਰੀ ਅਤੇ ਮਨੁੱਖੀ ਸਹਾਇਤਾ ਪਹੁੰਚਾਉਣ ਲਈ ਕਾਰਜ ਸ਼ੁਰੂ ਕੀਤੇ ਜਾ ਰਹੇ ਹਨ।ਨੇਪਾਲ ਵਿੱਚ ਹੜ੍ਹਾਂ ਕਾਰਨ ਕਈ ਇਲਾਕਿਆਂ ਵਿੱਚ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਪਰਿਵਾਰਾਂ ਦੇ ਘਰਾਂ ਅਤੇ ਰੋਜ਼ਗਾਰ ਦੇ ਸਾਧਨਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਔਖੀ ਘੜੀ ਵਿੱਚ ਖਾਲਸਾ ਏਡ ਦੀਆਂ ਟੀਮਾਂ ਪ੍ਰਭਾਵਿਤ ਲੋਕਾਂ ਦੀਆਂ ਲੋੜਾਂ ਨੂੰ ਸਮਝਦਿਆਂ ਜ਼ਮੀਨੀ ਪੱਧਰ 'ਤੇ ਰਾਹਤ ਕਾਰਜਾਂ ਨੂੰ ਅੱਗੇ ਵਧਾ ਰਹੀਆਂ ਹਨ। ਖਾਲਸਾ ਏਡ ਦੇ ਮੁਖੀ ਰਵੀ ਸਿੰਘ ਨੇ ਕਿਹਾ ਕਿ ਖਾਲਸਾ ਏਡ ਦੀ ਸੇਵਾ ਕਾਰਜ ਕਿਸੇ ਇੱਕ ਇਲਾਕੇ ਜਾਂ ਦੇਸ਼ ਤੱਕ ਸੀਮਤ ਨਹੀਂ ਹੈ। ਜਿੱਥੇ ਵੀ ਲੋਕਾਂ ਨੂੰ ਕੁਦਰਤੀ ਤ੍ਰਾਸਦੀ ਜਾਂ ਕਿਸੇ ਹੋਰ ਮੁਸ਼ਕਲ ਕਾਰਨ ਸਹਾਇਤਾ ਦੀ ਲੋੜ ਪੈਂਦੀ ਹੈ, ਉੱਥੇ ਖਾਲਸਾ ਏਡ ਮਦਦ ਪਹੁੰਚਾਉਣ ਲਈ ਯਤਨਸ਼ੀਲ ਰਹਿੰਦੀ ਹੈ। ਰਵੀ ਸਿੰਘ ਨੇ ਕਿਹਾ ਕਿ ਨੇਪਾਲ ਵਿੱਚ ਖਾਲਸਾ ਏਡ ਦੀਆਂ ਟੀਮਾਂ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈ ਰਹੀਆਂ ਹਨ ਅਤੇ ਲੋਕਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਰਾਹਤ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਪ੍ਰਭਾਵਿਤ ਪਰਿਵਾਰਾਂ ਤੱਕ ਹਰ ਸੰਭਵ ਸਹਾਇਤਾ ਪਹੁੰਚਾਉਣ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।



ਉਨ੍ਹਾਂ ਕਿਹਾ ਕਿ ਰਾਹਤ ਕਾਰਜਾਂ ਦੌਰਾਨ ਪ੍ਰਭਾਵਿਤ ਪਰਿਵਾਰਾਂ ਦੀਆਂ ਤੁਰੰਤ ਜ਼ਰੂਰਤਾਂ ਨੂੰ ਪਹਿਲ ਦਿੱਤੀ ਜਾਵੇਗੀ। ਖਾਲਸਾ ਏਡ ਦੀਆਂ ਟੀਮਾਂ ਵੱਲੋਂ ਜ਼ਮੀਨੀ ਸਥਿਤੀ ਦਾ ਲਗਾਤਾਰ ਜਾਇਜ਼ਾ ਲੈਂਦਿਆਂ ਲੋੜ ਅਨੁਸਾਰ ਰਾਹਤ ਕਾਰਜਾਂ ਦਾ ਘੇਰਾ ਵਧਾਇਆ ਜਾਵੇਗਾ, ਤਾਂ ਜੋ ਵੱਧ ਤੋਂ ਵੱਧ ਪ੍ਰਭਾਵਿਤ ਲੋਕਾਂ ਤੱਕ ਸਹਾਇਤਾ ਪਹੁੰਚ ਸਕੇ। ਖਾਲਸਾ ਏਡ ਇੰਡੀਆ ਦੇ ਟਰੱਸਟੀ ਜਸਪ੍ਰੀਤ ਸਿੰਘ ਦਾਹੀਆ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਖਾਲਸਾ ਏਡ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਨੇਪਾਲ ਵਿੱਚ ਪ੍ਰਭਾਵਿਤ ਲੋਕਾਂ ਦੀ ਮੌਜੂਦਾ ਸਥਿਤੀ ਅਤੇ ਲੋੜਾਂ ਦਾ ਜਾਇਜ਼ਾ ਲੈ ਕੇ ਉਸੇ ਅਨੁਸਾਰ ਰਾਹਤ ਕਾਰਜਾਂ ਨੂੰ ਹੋਰ ਅੱਗੇ ਵਧਾਇਆ ਜਾਵੇਗਾ। ਜਸਪ੍ਰੀਤ ਸਿੰਘ ਦਾਹੀਆ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਖਾਲਸਾ ਏਡ ਦਾ ਮਿਸ਼ਨ ਹੈ ਅਤੇ ਇਹ ਸੇਵਾ ਸਰਹੱਦਾਂ ਤੋਂ ਪਰੇ ਵੀ ਨਿਰੰਤਰ ਜਾਰੀ ਰਹੇਗੀ।

## ਪੋਸਟਰ-ਮੇਕਿੰਗ ਤੇ ਕੈਲੀਗ੍ਰਾਫੀ ਮੁਕਾਬਲੇ ਕਰਵਾਏ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪੀ ਜੀ ਅੰਗਰੇਜ਼ੀ ਵਿਭਾਗ ਨੇ ਡੀਨ ਕਾਲਜ ਡਿਵੈਲਪਮੈਂਟ ਕੌਂਸਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ 'ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਜੀਵਨ' ਵਿਸ਼ੇ 'ਤੇ ਇੱਕ ਪੋਸਟਰ-ਮੇਕਿੰਗ ਅਤੇ ਕੈਲੀਗ੍ਰਾਫੀ ਮੁਕਾਬਲੇ ਦਾ ਆਯੋਜਨ ਕੀਤਾ। ਜਿਸ ਵਿਚ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।



ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਆਪਣੇ ਸੰਦੇਸ਼ ਵਿਚ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਦਭਾਵਨਾ ਅਤੇ ਸਮਾਨਤਾ ਨੂੰ ਉਤਸ਼ਾਹਿਤ ਕਰਨਾ ਸੀ, ਕਿਉਂਕਿ ਇਨ੍ਹਾਂ ਵਿਦਿਆਰਥੀਆਂ ਨੇ ਹੀ ਅੱਗੇ ਜਾ ਕੇ ਸਾਡੇ ਭਵਿੱਖ ਦੇ ਸਮਾਜ ਵਿਚ ਇੱਕ ਅਹਿਮ ਰੋਲ ਅਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੇ ਨੌਜਵਾਨਾਂ ਨੂੰ ਇੱਕ ਸਕਾਰਾਤਮਕ ਦਿਸ਼ਾ ਦਿੱਤੀ ਜਾਵੇ ਤਾਂ ਉਹ ਸੰਤਾਂ ਵੱਲੋਂ ਦਿੱਤੀ ਸਿੱਖਿਆ ਨਾਲ ਸਾਡੇ ਸਮਾਜ ਨੂੰ ਅਮੀਰ ਬਣਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਰਚਨਾਤਮਕ ਸੋਚ ਵੱਲ ਪ੍ਰੇਰਿਤ ਕਰਦੇ ਹਨ। ਵਿਦਿਆਰਥੀਆਂ ਨੇ ਪੋਸਟਰ ਅਤੇ ਕੈਲੀਗ੍ਰਾਫੀ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਦੇ ਪ੍ਰਭਾਵਸ਼ਾਲੀ ਪਹਿਲੂਆਂ ਨੂੰ ਦਰਸਾਇਆ ਅਤੇ ਸਮਾਨਤਾ ਦਾ ਸੰਦੇਸ਼ ਦਿੱਤਾ। ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ, ਡਾ. ਰਛਪਾਲ ਸਿੰਘ ਸੰਧੂ ਨੇ ਮੁਕਾਬਲੇ ਦੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਇਨਾਮ ਵੰਡੇ। ਇਸ ਮੌਕੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਬਲਰਾਜ ਕੌਰ, ਮੁਕਾਬਲੇ ਦੀ ਕਨਵੀਨਰ ਡਾ. ਮੰਜੂ ਜੋਸ਼ੀ ਅਤੇ ਸਟਾਫ਼ ਮੈਂਬਰ ਡਾ. ਮਨਮੀਤ ਸੋਢੀ ਅਤੇ ਡਾ. ਗੀਤਾਂਜਲੀ ਮਹਾਜਨ ਵੀ ਹਾਜ਼ਰ ਸਨ।

## ਅੱਜ ਸਾਹਰੀ ਵਿਖੇ ਮਨਾਏ ਜਾਣਗੇ ਸੰਤ ਮਾਹਨ ਦਾਸ ਦੇ ਜਨਮ ਉਤਸਵ ਸਮਾਗਮ : ਸੰਤ ਬਲਵੀਰ ਦਾਸ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਮਹਾਨ ਤਪੱਸਵੀ, ਬ੍ਰਹਮਲੀਨ ਸ੍ਰੀਮਾਨ 108 ਸੰਤ ਮਾਹਨ ਦਾਸ ਜੀ ਦਾ ਜਨਮ ਉਤਸਵ ਸਮਾਗਮ ਡੇਰਾ ਮਹਾਨਪੁਰੀ ਸਾਹਰੀ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਬਲਵੀਰ ਦਾਸ ਦੀ ਰਹਿਨੁਮਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ। ਸਮਾਗਮਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੰਤ ਬਲਵੀਰ ਦਾਸ ਨੇ ਦੱਸਿਆ ਕਿ 30 ਅਗਸਤ ਦਿਨ ਐਤਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਤੇ 1 ਸਤੰਬਰ ਦਿਨ ਮੰਗਲਵਾਰ ਨੂੰ ਭੋਗ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਤੋਂ ਉਪਰੰਤ ਵਿਸ਼ਾਲ ਕੀਰਤਨ ਦੇ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰੀ, ਵਿਦਵਾਨ, ਉੱਚੇ ਪ੍ਰਚਾਰਕ ਤੇ ਪੰਜਾਬ ਦੇ ਵੱਖ ਵੱਖ ਡੇਰਿਆਂ ਅਤੇ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਅਤੇ ਸਮਾਜ ਤੇ ਰਾਜਨੀਤਕ ਆਗੂਆਂ ਤੇ ਬੁੱਧੀਜੀਵੀਆਂ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸੰਤ ਬਲਵੀਰ ਦਾਸ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਹੁੰਮ ਹੁਮਾ ਕੇ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਬੇਨਤੀ ਕਰਦਿਆਂ ਕਿਹਾ ਸੰਗਤਾਂ ਲਈ ਚਾਹ ਪਕੌੜਿਆਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਇਸ ਮੌਕੇ ਸੰਤ ਸਤਵਿੰਦਰ ਹੀਰਾ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਸਹਾਇਕ ਕੈਸ਼ੀਅਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਸੰਗਤਾਂ ਹਾਜ਼ਰ ਸਨ।



## ਜਿੰਪਾ ਨੇ ਖੇਡਾਂ 'ਚ ਸਾਗਰ ਤੇ ਅਮਨਦੀਪ ਦੀ ਸਫਲਤਾ ਨੂੰ ਭਾਰਤ ਦਾ ਮਾਣ ਦੱਸਿਆ

**ਹੁਸ਼ਿਆਰਪੁਰ (ਓ ਪੀ ਰਾਣਾ)**- ਆਤਮਸੁਖ ਆਤਮਦੇਵ ਆਸ਼ਰਮ (ਫਾਰ ਲਿਵਿੰਗ ਗਾਡਜ਼), ਹੁਸ਼ਿਆਰਪੁਰ ਦੇ ਪ੍ਰਤਿਭਾਸ਼ਾਲੀ ਵਿਸ਼ੇਸ਼ ਖਿਡਾਰੀਆਂ ਸਾਗਰ ਅਤੇ ਅਮਨਦੀਪ ਕੌਰ ਦੀਆਂ ਅੰਤਰਰਾਸ਼ਟਰੀ ਖੇਡ ਪ੍ਰਾਪਤੀਆਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼



ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਬ੍ਰਹਮ ਸ਼ੰਕਰ ਜਿੰਪਾ ਵਿਧਾਇਕ, ਹੁਸ਼ਿਆਰਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਦੋਵੇਂ ਖਿਡਾਰੀਆਂ ਨੂੰ ਸਨਮਾਨਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ। ਆਸ਼ਰਮ ਦੇ ਵਿਦਿਆਰਥੀ ਸਾਗਰ ਨੇ 4 ਤੋਂ 12 ਜੁਲਾਈ 2026 ਤੱਕ ਪੈਰਿਸ, ਫਰਾਂਸ ਵਿੱਚ ਆਯੋਜਿਤ ਸਪੈਸ਼ਲ ਓਲੰਪਿਕਸ ਯੂਨੀਫਾਈਡ ਫੁੱਟਬਾਲ ਵਰਲਡ ਕੱਪ, ਪੈਰਿਸ 2026 ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਚਾਂਦੀ ਦਾ ਤਗਮਾ ਜਿੱਤ ਕੇ ਭਾਰਤ, ਪੰਜਾਬ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਆਸ਼ਰਮ ਦੀ ਪ੍ਰਤਿਭਾਸ਼ਾਲੀ ਖਿਡਾਰਨ ਅਮਨਦੀਪ ਕੌਰ ਨੇ 18 ਤੋਂ 25 ਅਗਸਤ 2026 ਤੱਕ ਬੈਲਜੀਅਮ ਅਤੇ ਨੀਦਰਲੈਂਡਜ਼ ਵਿੱਚ ਆਯੋਜਿਤ ਐੱਫ ਆਈ ਐੱਚ. ਪੈਰਾ ਹਾਕੀ ਵਰਲਡ ਕੱਪ 2026 ਵਿੱਚ ਭਾਰਤ ਵੱਲੋਂ ਭਾਗ ਲੈ ਕੇ ਅੰਤਰਰਾਸ਼ਟਰੀ ਮੰਚ 'ਤੇ ਆਪਣੀ ਪ੍ਰਤਿਭਾ, ਹਿੰਮਤ ਅਤੇ ਦ੍ਰਿੜ੍ਹ ਇਰਾਦੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਮਾਰੋਹ ਦੌਰਾਨ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਾਗਰ ਨੂੰ ਚਾਂਦੀ ਦਾ ਤਗਮਾ ਪਹਿਨਾ ਕੇ ਸਨਮਾਨਤ ਕੀਤਾ, ਜਦਕਿ ਅਮਨਦੀਪ ਕੌਰ ਨੂੰ ਐੱਫ ਆਈ ਐੱਚ ਪੈਰਾ ਹਾਕੀ ਵਰਲਡ ਕੱਪ 2026 ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਦੀ ਪ੍ਰਾਪਤੀ ਲਈ ਸਨਮਾਨ-ਪੱਤਰ ਭੇਟ ਕੀਤਾ। ਇਸ ਮਾਣਮੱਤੇ ਮੌਕੇ 'ਤੇ ਹਾਜ਼ਰ ਲੋਕਾਂ ਨੇ ਤਾੜੀਆਂ ਵਜਾ ਕੇ ਦੋਵੇਂ ਵਿਸ਼ੇਸ਼ ਖਿਡਾਰੀਆਂ ਦੀਆਂ ਪ੍ਰਾਪਤੀਆਂ ਦਾ ਸਵਾਗਤ ਕੀਤਾ। ਵਿਧਾਇਕ ਜਿੰਪਾ ਨੇ ਆਸ਼ਰਮ ਦੇ 11 ਵਿਸ਼ੇਸ਼ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਰ ਮਹੀਨੇ ਦਿੱਤੀ ਜਾਣ ਵਾਲੀ ਆਰਥਿਕ ਸਹਾਇਤਾ ਦੇ ਚੈੱਕ ਵੀ ਭੇਟ ਕੀਤੇ। ਇਸ ਮਹੀਨੇ ਵੰਡੇ ਗਏ ਚੈੱਕਾਂ ਦੀ ਕੁੱਲ ਰਕਮ ?22,250 ਸੀ। ਸਮਾਗਮ ਨੂੰ ਸੰਬੋਧਨ ਕਰਦਿਆਂ ਬ੍ਰਹਮ ਸ਼ੰਕਰ ਜਿੰਪਾ ਨੇ ਸਾਗਰ ਅਤੇ ਅਮਨਦੀਪ ਕੌਰ ਦੀਆਂ ਪ੍ਰਾਪਤੀਆਂ ਸਿਰਫ਼ ਹੁਸ਼ਿਆਰਪੁਰ ਜਾਂ ਪੰਜਾਬ ਲਈ ਹੀ ਮਾਣ ਦੀ ਗੱਲ ਨਹੀਂ ਹਨ, ਸਗੋਂ ਪੂਰੇ ਭਾਰਤ ਲਈ ਬਹੁਤ ਵੱਡੇ ਮਾਣ ਦਾ ਵਿਸ਼ਾ ਹਨ। ਇਨ੍ਹਾਂ ਵਿਸ਼ੇਸ਼ ਖਿਡਾਰੀਆਂ ਨੇ ਅੰਤਰਰਾਸ਼ਟਰੀ ਖੇਡ ਮੰਚ 'ਤੇ ਭਾਰਤ ਦੀ ਨੁਮਾਇੰਦਗੀ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਹੀ ਮੌਕੇ, ਸਿਖਲਾਈ ਅਤੇ ਹੌਸਲਾ-ਅਫ਼ਜ਼ਾਈ ਮਿਲਣ 'ਤੇ ਵਿਸ਼ੇਸ਼ ਬੱਚੇ ਵੀ ਕਿਸੇ ਤੋਂ ਘੱਟ ਨਹੀਂ ਹਨ।

## ਪਰਗਟ ਸਿੰਘ ਨੇ ਨੌਜਵਾਨਾਂ ਨੂੰ ਲੋਕਤੰਤਰ 'ਚ ਸਰਗਰਮ ਭੂਮਿਕਾ ਨਿਭਾਉਣ ਦਾ ਦਿੱਤਾ ਸੱਦਾ

### ਜਾਗਰੂਕ ਨੌਜਵਾਨ ਹੀ ਮਜ਼ਬੂਤ ਲੋਕਤੰਤਰ ਦੀ ਨੀਂਹ : ਨਵਜੋਤ ਕੌਰ

**ਜਲੰਧਰ (ਨ ਜ਼ ਸ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਵੱਲੋਂ ਕਾਲਜ ਕੈਂਪਸ ਵਿਖੇ ਵਿਦਿਆਰਥੀਆਂ ਨੂੰ ਵੋਟਰ ਰਜਿਸਟ੍ਰੇਸ਼ਨ, ਚੋਣ ਸਾਖਰਤਾ ਅਤੇ ਵੋਟ ਦੇ ਅਧਿਕਾਰ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਨ ਲਈ



ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਏ ਆਈ ਸੀ ਸੀ ਦੇ ਸਕੱਤਰ, ਪੰਜਾਬ ਦੇ ਸਾਬਕਾ ਸਿੱਖਿਆ ਤੇ ਖੇਡ ਮੰਤਰੀ ਅਤੇ ਜਲੰਧਰ ਕੈਂਟ ਤੋਂ ਤਿੰਨ ਵਾਰ ਵਿਧਾਇਕ ਰਹੇ ਪਰਗਟ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ. ਪਰਗਟ ਸਿੰਘ ਨੇ ਕਿਹਾ ਕਿ ਦੇਸ਼ ਦੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਵਿੱਚ ਨੌਜਵਾਨਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਉਨ੍ਹਾਂ ਯੋਗ ਵਿਦਿਆਰਥੀਆਂ ਨੂੰ ਆਪਣੀ ਵੋਟਰ ਰਜਿਸਟ੍ਰੇਸ਼ਨ ਕਰਵਾਉਣ, ਆਪਣੇ ਲੋਕਤੰਤਰਿਕ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਚੋਣ ਪ੍ਰਕਿਰਿਆ ਵਿੱਚ ਸੋਚ-ਵਿਚਾਰ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਪਰਗਟ ਸਿੰਘ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਖੁਦ ਵੋਟਰ ਬਣਨ ਦੇ ਨਾਲ-ਨਾਲ ਆਪਣੇ ਪਰਵਾਰਾਂ ਅਤੇ ਸਮਾਜ ਦੇ ਹੋਰ ਯੋਗ ਨੌਜਵਾਨਾਂ ਨੂੰ ਵੀ ਵੋਟਰ ਰਜਿਸਟ੍ਰੇਸ਼ਨ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਸਿਰਫ਼ ਚੋਣਾਂ ਕਰਵਾਉਣ ਨਾਲ ਨਹੀਂ, ਸਗੋਂ ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕਾਂ ਦੀ ਸਰਗਰਮ ਭਾਗੀਦਾਰੀ ਨਾਲ ਹੁੰਦੀ ਹੈ। ਇਸ ਮੌਕੇ ਜੀਐਨਡੀਯੂ ਕਾਲਜ, ਜਲੰਧਰ ਦੀ ਓ ਐੱਸ ਡੀ ਪ੍ਰੋ. (ਡਾ.) ਨਵਜੋਤ ਕੌਰ ਨੇ ਕਿਹਾ ਕਿ ਵਿਦਿਅਕ ਸੰਸਥਾਵਾਂ ਦੀ ਜ਼ਿੰਮੇਵਾਰੀ ਸਿਰਫ਼ ਵਿਦਿਆਰਥੀਆਂ ਨੂੰ ਪੜ੍ਹਾਈ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਉਨ੍ਹਾਂ ਨੂੰ ਇੱਕ ਜਾਗਰੂਕ, ਜ਼ਿੰਮੇਵਾਰ ਅਤੇ ਸੰਵੇਦਨਸ਼ੀਲ ਨਾਗਰਿਕ ਬਣਾਉਣਾ ਵੀ ਸਿੱਖਿਆ ਦਾ ਅਹਿਮ ਹਿੱਸਾ ਹੈ। ਪ੍ਰੋ. (ਡਾ.) ਨਵਜੋਤ ਨੇ ਕਿਹਾ ਕਿ ਕਾਲਜ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਉਨ੍ਹਾਂ ਨੂੰ ਸਮਾਜਿਕ ਅਤੇ ਲੋਕਤੰਤਰਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਨ ਲਈ ਲਗਾਤਾਰ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵੋਟਰ ਜਾਗਰੂਕਤਾ ਕੈਂਪ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਮਹੱਤਤਾ ਸਮਝਾਉਣਾ ਅਤੇ ਉਨ੍ਹਾਂ ਨੂੰ ਲੋਕਤੰਤਰਿਕ ਪ੍ਰਕਿਰਿਆ ਦਾ ਸਰਗਰਮ ਹਿੱਸਾ ਬਣਾਉਣਾ ਹੈ। ਉਨ੍ਹਾਂ ਕਿਹਾ ਕਿ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਰੇਕ ਯੋਗ ਨੌਜਵਾਨ ਨੂੰ ਆਪਣੀ ਵੋਟਰ ਰਜਿਸਟ੍ਰੇਸ਼ਨ ਜ਼ਰੂਰ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵੋਟਰ ਬਣਨ ਨੂੰ ਸਿਰਫ਼ ਆਪਣਾ ਹੱਕ ਨਾ ਸਮਝਣ, ਬਲਕਿ ਇਸ ਨੂੰ ਇੱਕ ਜ਼ਿੰਮੇਵਾਰੀ ਵਜੋਂ ਵੀ ਲੈਣ। ਕੈਂਪ ਦਾ ਤਾਲਮੇਲ ਡਾ. ਨੇਹਾ ਮੋਂਗਾ ਅਤੇ ਡਾ. ਪਰਵਿੰਦਰ ਕੌਰ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਜਾਗਰੂਕਤਾ ਗਤੀਵਿਧੀਆਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਦਿਆਂ ਵਿਦਿਆਰਥੀਆਂ ਨੂੰ ਵੋਟਰ ਰਜਿਸਟ੍ਰੇਸ਼ਨ ਅਤੇ ਲੋੜੀਂਦੇ ਦਸਤਾਵੇਜ਼ਾਂ ਸਬੰਧੀ ਮਾਰਗਦਰਸ਼ਨ ਦਿੱਤਾ।

## 'ਖੇਡਾਂ ਵਤਨ ਪੰਜਾਬ ਦੀਆਂ-2026' ਲਈ ਕਿਊ ਆਰ ਕੋਡ ਜਾਰੀ

**ਕਪੂਰਥਲਾ (ਮਨਜੀਤ ਮਾਨ)**- ਡਿਪਟੀ ਕਮਿਸ਼ਨਰ ਆਕਾਸ਼ ਬਾਂਸਲ ਨੇ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਦੀ ਖੇਡ ਗਤੀਵਿਧੀਆਂ ਵਿੱਚ ਭਾਗੀਦਾਰੀ ਵਧਾਉਣ ਦੇ ਉਦੇਸ਼



ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026' ਲਈ ਰਜਿਸਟ੍ਰੇਸ਼ਨ ਵਾਸਤੇ ਕਿਊ ਆਰ ਕੋਡ ਜਾਰੀ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ-2026' ਦਾ ਉਦਘਾਟਨ 5 ਸਤੰਬਰ ਨੂੰ ਬਠਿੰਡਾ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਖੇਡ ਮਹਾਂਕੁੰਭ ਤਿੰਨ ਪੜਾਵਾਂ—ਬਲਾਕ ਪੱਧਰੀ, ਜ਼ਿਲ੍ਹਾ ਪੱਧਰੀ ਅਤੇ ਸੂਬਾ ਪੱਧਰੀ ਮੁਕਾਬਲਿਆਂ—ਵਿੱਚ ਵੱਖ-ਵੱਖ ਮਿਤੀਆਂ ਨੂੰ ਕਰਵਾਇਆ ਜਾਵੇਗਾ।ਡਿਪਟੀ ਕਮਿਸ਼ਨਰ ਨੇ ਕਪੂਰਥਲਾ ਜ਼ਿਲ੍ਹੇ ਦੇ ਨੌਜਵਾਨਾਂ ਅਤੇ ਖਿਡਾਰੀਆਂ ਨੂੰ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਖੇਡਾਂ ਨੌਜਵਾਨਾਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਦੇ ਨਾਲ ਹੀ ਖੇਡਾਂ ਅਨੁਸ਼ਾਸਨ, ਟੀਮ ਭਾਵਨਾ ਅਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਉਭਰਦੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਵਿਖਾਉਣ ਅਤੇ ਖੇਡ ਹੁਨਰ ਨੂੰ ਨਿਖਾਰਨ ਲਈ ਇੱਕ ਕੀਮਤੀ ਮੰਚ ਪ੍ਰਦਾਨ ਕਰ ਰਹੀ ਹੈ। ਜ਼ਿਲ੍ਹਾ ਖੇਡ ਅਫ਼ਸਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਖੇਡਾਂ ਵਿੱਚ ਭਾਗ ਲੈਣ ਦੇ ਚਾਹਵਾਨ ਖਿਡਾਰੀ ਪ੍ਰਚਾਰ ਸਮੱਗਰੀ ਅਤੇ ਪੋਸਟਰਾਂ 'ਤੇ ਦਰਸਾਏ ਕਿਊ ਆਰ ਕੋਡ ਨੂੰ ਸਕੈਨ ਕਰਕੇ ਸਬੰਧਤ ਪੋਰਟਲ ਰਾਹੀਂ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਬਾਸਕਟਬਾਲ ਕੋਚ ਸੁਨੀਤਾ ਦੇਵੀ ਨੂੰ 'ਖੇਡਾਂ ਵਤਨ ਪੰਜਾਬ ਦੀਆਂ-2026' ਲਈ ਜ਼ਿਲ੍ਹਾ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ।

## ਬੀ ਕਾਮ ਸਮੈਸਟਰ ਚੌਥਾ ਦਾ ਨਤੀਜਾ ਰਿਹਾ ਸ਼ਾਨਦਾਰ



**ਫਿਲੌਰ (ਨਿਰਮਲ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਗਏ ਬੀ ਕਾਮ ਸਮੈਸਟਰ ਚੌਥਾ ਦੇ ਨਤੀਜਿਆਂ ਵਿੱਚ ਇਲਾਕੇ ਦੇ ਇਕੋ-ਇੱਕ ਯੂਨੀਵਰਸਿਟੀ ਕਾਲਜ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਪ੍ਰਿੰਸੀਪਲ ਸ. ਮਨਜੀਤ ਸਿੰਘ ਨੇ ਦੱਸਿਆ ਕਿ ਕਾਲਜ ਵਿਦਿਆਰਥਣ ਭੂਮਿਕਾ ਸਪੁੱਤਰੀ ਵਿਨੈ ਕੁਮਾਰ ਵਾਸੀ ਅੱਪਰਾ ਨੇ 81.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਜ਼ਿਲ੍ਹੇ 'ਚੋਂ ਦੂਜਾ ਅਤੇ ਕਲਾਸ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਵਿਦਿਆਰਥਣ ਮੀਨਾਕਸ਼ੀ ਸਪੁੱਤਰੀ ਜੋਗਰਾਜ ਵਾਸੀ ਪਰਾਗਪੁਰ ਨੇ 80 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਲਾਸ 'ਚੋਂ ਦੂਸਰਾ ਸਥਾਨ ਹਾਸਲ ਕੀਤਾ। ਵਿਦਿਆਰਥਣ ਹਿਮਾਨੀ ਸਪੁੱਤਰੀ ਅਸ਼ੋਕ ਕੁਮਾਰ ਵਾਸੀ ਚੱਕ ਸਾਬੂ ਨੇ 78.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਲਾਸ 'ਚੋਂ ਤੀਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਵਿਭਾਗ ਦੇ ਮੁਖੀ ਡਾ. ਕਰਮਜੀਤ ਕੌਰ, ਡਾ. ਮੇਘਨਾ ਅਗਰਵਾਲ ਅਤੇ ਹੋਰ ਪ੍ਰਾਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

## ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਦਾ 'ਸਵਰਨ ਭਾਰਤ ਐਵਾਰਡ' ਨਾਲ ਸਨਮਾਨ

**ਧਾਰੀਵਾਲ (ਮਨਦੀਪ ਵਿੱਕੀ)**- ਇੰਡੀਆ ਪਰਾਉਡ ਬੁੱਕ ਆਫ ਰਿਕਾਰਡਜ਼ ਵਲੋਂ ਲਾਹੌਰ ਬਾਜ਼ ਪੰਜਾਬ ਘਰਾਣੇ ਦੇ ਪਖਾਵਜ ਦੇ ਪ੍ਰਤੀਨਿਧ ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਨੂੰ 'ਸਵਰਨ ਭਾਰਤ ਸਨਮਾਨ-2026' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਨੂੰ ਲਾਹੌਰ ਬਾਜ ਪੰਜਾਬ ਘਰਾਣੇ ਦੀ ਵਿਰਾਸ਼ਤ ਸੰਭਲਾਨ, ਪੰਜਾਬ ਖੇਤਰ ਦੇ ਸ਼ਾਸ਼ਤਰੀ ਸੰਗੀਤ ਸਾਧਕ ਤੇ ਅਲੋਪ ਹੋ ਰਹੇ ਪਖਾਵਜ ਦੀ ਸ਼ਾਂਭ ਸੰਭਾਲ, ਪ੍ਰਚਾਰਨ ਤੇ ਸ਼ਾਸ਼ਤਰੀ ਸੰਗੀਤ ਦੇ ਯੋਗਦਾਨ ਨੂੰ ਘੋਖਦਿਆਂ ਸੰਸਥਾ ਦੇ ਚੇਅਰਮੈਨ ਕਪਿਲ ਸਾਹੂ ਅਤੇ ਮੁੱਖ ਮਹਿਮਾਨ ਜਰਨਲ ਐਸ ਐਸ ਅਹਿਲਾਵਤ



ਦੁਆਰਾ ਦਿੱਲੀ ਦੇ ਮੁਕਤਾਦਰਾ ਆਡੀਟੋਰੀਅਮ ਵਿਖੇ ਸੰਸਥਾ ਵਲੋਂ ਕਰਵਾਏ ਵਿਸ਼ੇਸ਼ ਸਨਮਾਨ ਸਮਾਰੋਹ ਦੌਰਾਨ ਦਿੱਤਾ ਗਿਆ। ਸੰਗੀਤ ਦੇ ਖੇਤਰ ਵਿੱਚ ਸੰਸਾਰ ਪਸਿੱਧ ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਨੂੰ 'ਸਵਰਨ ਭਾਰਤ ਸਨਮਾਨ-2026' ਐਵਾਰਡ ਮਿਲਣ 'ਤੇ ਇਲਾਕਾ ਧਾਰੀਵਾਲ ਦੇ ਲੋਕ ਮਾਣ ਮਹਿਸੂਸ ਕਰ ਰਹੇ ਹਨ। ਇਸ ਸੰਬੰਧੀ ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਨੇ ਦੱਸਿਆ ਇਸ ਨੈਸ਼ਨਲ ਐਵਾਰਡ-2026 ਤਹਿਤ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਭਾਰਤੀ ਸੰਸਕ੍ਰਿਤੀ, ਸੰਗੀਤ ਕਲਾ, ਸਿੱਖਿਆ, ਸਮਾਜ ਸੇਵਾ ਤੇ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਲਈ ਭਾਰਤ ਦੇ ਵੱਖ-ਵੱਖ ਰਾਜਾਂ ਮੱਧ ਪ੍ਰਦੇਸ, ਉਤਰਾਖੰਡ, ਉਤਰ ਪ੍ਰਦੇਸ, ਰਾਜਸਥਾਨ, ਤਾਮਿਲਨਾਡੂ, ਦਿੱਲੀ, ਹਰਿਆਣਾ ਅਤੇ ਪੰਜਾਬ ਤੋਂ ਚੁਣੀਆਂ ਹੋਈਆਂ ਵਿਸ਼ੇਸ਼ ਸਖਸ਼ੀਅਤਾਂ ਨੂੰ 'ਸਵਰਨ ਭਾਰਤ ਸਨਮਾਨ-2026' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਜਰਨਲ ਐਸ.ਐਸ.ਅਹਿਲਾਵਤ ਦੇ ਕੈਪਟਨ ਨਰਿੰਦਰ ਸਿੱਧੂ, ਕੈਪਟਨ ਅਰੀਸ਼ ਅਦਾਨਾ, ਕੈਪਟਨ ਸੁਰੇਸ਼ ਪਾਂਡੇ, ਸੂਬੇਦਾਰ ਮੇਜਰ ਰਾਮ ਅਤੇ ਸ੍ਰੀਮਤੀ ਦਿਵਾਸ਼ੂ ਵੀ ਹਾਜਰ ਸਨ।

## ਜੋੜ ਮੇਲਾ 20 ਨੂੰ

**ਅੱਡਾ ਸਰਾਂ (ਜਸਵੀਰ ਕਾਜਲ)**- ਦਰਬਾਰ ਪੀਰ ਬਾਬਾ ਮਲੰਗ ਸਾਹ ਖਾਕੀ ਨਡਾਲੀ (ਨੂਰਪੁਰ)) ਵਿਖੇ ਸਾਂਈ ਸਵਰੂਪ ਸ਼ਾਹ ਜੀ ਯਾਦ ਨੂੰ ਸਮਰਪਿਤ ਸਲਾਨਾ ਜੋੜ ਮੇਲਾ 20 ਸਤੰਬਰ ਦਿਨ ਐਤਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ। ਇਸ ਮੌਕੇ ਦਰਬਾਰ ਦੇ ਗੱਦੀ



ਨਸੀਨ ਮਾਤਾ ਗੁਰਮੇਲ ਕੌਰ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ 20 ਸੰਤਬਰ ਨੂੰ ਮੁਕੱਦਸ ਦਰਗਾਹ ਤੇ ਚਾਦਰ, ਚਿਰਾਗ ਰੋਸ਼ਨ ਅਤੇ ਝੰਡੇ ਦੀ ਰਸਮ ਅਦਾ ਕਰਨ ਉਪਰੰਤ ਮਹਿਫਲ ਏ ਕਵਾਲ ਹੋਵੇਗੀ ਜਿਸ ਵਿੱਚ ਕਵਾਲ ਪਾਰਟੀ ਕਰਾਂਮਤ ਅਲੀ ਤੋ ਇਲਾਵਾਂ ਲਵਿਸ ਚੋਹਾਨ, ਅਸਵਿਨ ਸੂਫੀ ਆਪਣੇ ਫਨ ਦਾ ਮੁਜ਼ਾਹਾਰਾ ਕਰਨਗੇ ਅਤੇ ਬਾਅਦ 'ਚ ਬਿਲੋ ਨਕਾਲ ਪਾਰਟੀ ਬਠਿੰਡਾ ਵੱਲੋ ਨਕਲਾਂ ਦਾ ਪ੍ਰੋਗਰਾਮ ਕਰਨਗੇ। ਇਸ ਮੌਕੇ ਚਾਹ ਪਕੌੜਿਆਂ ਤੇ ਅਤੁਟ ਲੰਗਰ ਵੀ ਵਰਤਾਇਆ ਜਾਵੇਗਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾਈ ਦਿਵਸ ਸ਼ਰਧਾ ਨਾਲ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਜੁਗੋ ਜੁਗ ਅਟਲ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾਈ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਕਾਰਜ ਸਿੰਘ ਜੀ ਦੇ ਇੰਟਰਨੈਸ਼ਨਲ ਕਵੀਸ਼ਰੀ ਜੱਥੇ ਨੇ 1706 ਈ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਕੀ ਕਾਂਸ਼ੀ -ਸਾਬੋ ਕੀ ਤਲਵੰਡੀ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਵਾਉਣ ਦੇ ਪ੍ਰਸੰਗ ਨੂੰ ਸੰਗਤਾਂ ਨੂੰ ਵਿਸਥਾਰ ਸਹਿਤ ਸਰਵਣ ਕਰਵਾਇਆ। ਭਾਈ ਲਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਨੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਸੰਦੀਪ ਸਿੰਘ ਜੀ ਸ਼੍ਰੋਮਣੀ ਪ੍ਰਚਾਰਕ ਸ੍ਰੀ



ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਦਰਜ ਧੁਰ ਕੀ ਇਲਾਹੀ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਗੁਰਦੇਵ ਸਿੰਘ ਦਾ ਇੰਟਰਨੈਸ਼ਨਲ ਢਾਡੀ ਜੱਥਾ, ਭਾਈ ਜਗਦੀਪ ਸਿੰਘ ਦਿੱਲੀ ਵਾਲੇ, ਬੀਬੀ ਜਸਲੀਨ ਕੌਰ ਲੁਧਿਆਣੇ ਵਾਲੇ, ਬੀਬੀ ਸਿਮਰਨਜੀਤ ਕੌਰ ਰਾਜਪੁਰੇ ਵਾਲੇ, ਭਾਈ ਅਵੀਨਾਸ਼ ਸਿੰਘ ਜੀ ਜਵੱਦੀ ਟਕਸਾਲ ਵਾਲੇ, ਬੀਬੀ ਕੰਵਲਜੀਤ ਕੌਰ, ਸ਼੍ਰੋਮਣੀ ਪ੍ਰਾਚਕ ਭਾਈ ਹਰਜੀਤ ਸਿੰਘ ਜੀ, ਭਾਈ ਮਹਿੰਦਰਪਾਲ ਸਿੰਘ, ਅਕਾਲ ਕਵੀਸ਼ਰੀ ਜੱਥਾ, ਭਾਈ ਹਰਜਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਸੁਰਿੰਦਰ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਗੁਰਨਾਮ ਸਿੰਘ ਨੇ ਕੀਰਤਨ, ਕਥਾ, ਕਵੀਸ਼ਰੀ ਅਤੇ ਗੁਰਮਤਿ ਵੀਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸੰਪੂਰਨਤਾ ਦਿਵਸ ਦੀ ਖੁਸ਼ੀ ਵਿੱਚ ਦਰਬਾਰ ਸਾਹਿਬ ਜੀ ਦੀ ਅੰਦਰੋਂ ਫੁੱਲਾਂ ਨਾਲ ਸਜਾਵਟ ਕੀਤੀ ਗਈ ਸੀ। ਦਰਬਾਰ ਸਾਹਿਬ ਜੀ ਨੂੰ ਬਾਹਰੋਂ ਅਤੇ ਗੇਟ ਤੱਕ ਦੇ ਰਸਤੇ ਨੂੰ ਵਿਸ਼ੇਸ਼ ਢੰਗ ਨਾਲ ਸਜਾਇਆ ਗਿਆ ਸੀ। ਇਸ ਦਿਹਾੜੇ ਦੀ ਖੁਸ਼ੀ ਵਿੱਚ ਹਜਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ।

## ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸੈਮੀਨਾਰ ਕਰਵਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵਲੋਂ ਗੁਰੂ ਰਵਿਦਾਸ ਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵੱਖ-ਵੱਖ ਵਿਦਿਅਕ ਅਦਾਰਿਆਂ ਵਿਚ ਕਰਵਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਤਹਿਤ ਸਥਾਨਕ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਨੌਵਾਂ ਸੈਮੀਨਾਰ ਕਰਵਾਇਆ ਗਿਆ ਜਿਥੇ ਸੰਤਾਂ-ਮਹਾਂਪੁਰਸ਼ਾਂ, ਸਿਆਸੀ ਸ਼ਖਸੀਅਤਾਂ ਅਤੇ ਇਤਿਹਾਸ ਦੇ ਮਾਹਰਾਂ ਵਲੋਂ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਅਪਨਾਉਣ ਦਾ ਸੱਦਾ ਦਿੰਦਿਆਂ ਸਮਾਜਿਕ ਬਰਾਬਰਤਾ ਅਤੇ ਬੇਗਮਪੁਰਾ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਾਂਝੇ ਯਤਨ ਕਰਨ ਦੀ ਤਾਕੀਦ ਕੀਤੀ। ਸੈਮੀਨਾਰ



ਦੌਰਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਪ੍ਰਧਾਨ ਅਤੇ ਡੇਰਾ ਸੰਤ ਪ੍ਰੀਤਮ ਦਾਸ ਜੀ ਬਾਬੇ ਜੌੜੇ ਰਾਏਪੁਰ ਰਸੂਲਪੁਰ ਦੇ ਮੁਖੀ ਸੰਤ ਨਿਰਮਲ ਦਾਸ, ਡੇਰਾ ਬਾਬਾ ਨਰਾਇਣ ਦਾਸ ਜੀ ਸ਼ੇਰਪੁਰ ਢੱਕੋਂ, ਡੇਰਾ ਸੰਤ ਪ੍ਰੀਤਮ ਦਾਸ ਦੇ ਜਨਰਲ ਸਕੱਤਰ ਭੈਣ ਸੰਤੋਸ਼ ਕੁਮਾਰੀ, ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਡਾ. ਇਸ਼ਾਂਕ ਕੁਮਾਰ, ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਚੰਦਰ ਮੋਹਨ, ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ, ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਪ੍ਰਭਦੀਪ, ਜਸਨੂਰ ਕੌਰ ਸੈਣੀ ਅਤੇ ਨਵਪ੍ਰੀਤ ਕੌਰ ਨੇ ਗੁਰੂ ਜੀ ਦੇ ਜੀਵਨ, ਫਲਸਫੇ, ਸਿੱਖਿਆਵਾਂ ਅਤੇ ਉਨ੍ਹਾਂ ਦੀ ਅਜੋਕੇ ਯੁੱਗ ਵਿਚ ਮਹੱਤਤਾ ਬਾਰੇ ਵਿਸਥਾਰਤ ਚਾਨਣਾ ਪਾਇਆ। ਸੰਤ ਨਿਰਮਲ ਦਾਸ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਸਿੱਖਿਆ ਦੀ ਅਹਿਮੀਅਤ ਨੂੰ ਸਮਝਦਿਆਂ ਜ਼ਿੰਦਗੀ ਵਿਚ ਤੈਅ ਮੁਕਾਮ ਹਾਸਲ ਕਰਨ ਦਾ ਸੱਦਾ ਦਿੱਤਾ। ਸੰਤ ਰਮੇਸ਼ ਦਾਸ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਆਪਣਾ ਸਮੁੱਚਾ ਜੀਵਨ ਸਮਾਜਿਕ ਬਰਾਬਰਤਾ, ਜਾਤ-ਪਾਤ ਦੇ ਵਿਤਕਰੇ ਅਤੇ ਸਮਾਜਿਕ ਨਿਆਂ ਲਈ ਲਾ ਦਿੱਤਾ ਜੋ ਅੱਜ ਵੀ ਸਾਡੇ ਜੀਵਨ ਵਿਚ ਬਹੁਤ ਸਾਰਥਕ ਸੰਦੇਸ਼ ਦਿੰਦਾ ਹੈ। ਡੇਰਾ ਸੰਤ ਪ੍ਰੀਤਮ ਦਾਸ ਦੇ ਜਨਰਲ ਸਕੱਤਰ ਅਤੇ ਨਾਰੀ ਸ਼ਕਤੀ ਸੰਸਥਾਪਕ ਭਾਰਤ ਦੇ ਚੇਅਰਪਰਸਨ ਭੈਣ ਸੰਤੋਸ਼ ਕੁਮਾਰੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ 650 ਸਾਲ ਪਹਿਲਾਂ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਦਿੰਦਿਆਂ ਆਪਸੀ ਸਾਂਝ, ਭਾਈਚਾਰਕ ਏਕਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਪੁਰਜ਼ੋਰ ਵਕਾਲਤ ਕੀਤੀ ਜਿਹੜੀ ਹੁਣ ਤੱਕ ਲੋਕਾਂ ਲਈ ਪ੍ਰੇਰਨਾ ਸਰੋਤ ਸਾਬਤ ਹੋ ਰਹੀ ਹੈ। ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਸੈਮੀਨਾਰਾਂ, ਡਾਕੂਮੈਂਟਰੀ ਸ਼ੋਅ, ਡਰੋਨ ਸ਼ੋਅ, ਮੈਰਾਥਨ ਅਤੇ ਹੋਰ ਉਪਰਾਲਿਆਂ ਲਈ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵਲੋਂ 650ਵਾਂ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਲਈ 100 ਕਰੋੜ ਰੁਪਏ ਦਾ ਬਜ਼ਟ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ 13000 ਪਿੰਡਾਂ ਵਿਚ ਡਾਕੂਮੈਂਟਰੀ ਸ਼ੋਅ ਦਿਖਾਏ ਜਾ ਰਹੇ ਹਨ ਤਾਂ ਜੋ ਜ਼ਮੀਨੀ ਪੱਧਰ ਤੱਕ ਗੁਰੂ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਹੋ ਸਕੇ।

## 'ਅਭਿਨੇਤ' ਤੇ 'ਚੰਡੀਗੜ੍ਹ ਆਰਟ ਅਲਾਈਵ' ਨੇ 'ਮੰਚ 'ਤੇ ਕਹਾਣੀਆਂ' ਨਾਲ ਰੰਗ ਬਿਖੇਰੇ

**ਚੰਡੀਗੜ੍ਹ (ਸੁਰਜੀਤ ਸੁਮਨ)**- ਸ਼ਹਿਰ ਦੀ ਸਭ ਤੋਂ ਪੁਰਾਣੀ ਤੇ ਮੰਨੀ-ਪ੍ਰਮੰਨੀ ਸੰਸਥਾ 'ਅਭਿਨੇਤ' ਤੇ 'ਚੰਡੀਗੜ੍ਹ ਆਰਟ ਅਲਾਈਵ' ਨੇ ਸਾਂਝੇ ਤੌਰ 'ਤੇ ਸੈਕਟਰ 27 ਸਥਿਤ ਅਰਵਿੰਦੋ ਭਵਨ ਵਿਖੇ 'ਮੰਚ 'ਤੇ ਕਹਾਣੀਆਂ' ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਸੰਸਕ੍ਰਿਤ ਸ਼ਾਮ ਵਿੱਚ ਦੇਸ਼ ਦੇ ਮੰਨੇ-ਪ੍ਰਮੰਨੇ ਕਹਾਣੀਕਾਰਾਂ ਨੇ ਸਵੈ-ਰਚਿਤ ਕਹਾਣੀਆਂ, ਮੋਨੋਲੌਗ ਰਾਹੀਂ ਮੰਚ 'ਤੇ ਸਾਕਾਰ ਕਰਕੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ। ਇਸ ਪੂਰੇ ਨਾਟਕੀ ਸਮਾਰੋਹ ਦਾ ਕੁਸ਼ਲ



ਨਿਰਦੇਸ਼ਨ ਰੰਗਕਰਮੀ ਵਿਜੈ ਕਪੂਰ ਵੱਲੋਂ ਕੀਤਾ ਗਿਆ। ਸਮਾਗਮ ਵਿੱਚ ਸਮਾਜਿਕ, ਮਨੋਵਿਗਿਆਨਕ ਤੇ ਸੰਵੇਦਨਸ਼ੀਲ ਵਿਸ਼ਿਆਂ ਉਪਰ ਆਧਾਰਤ ਸੱਤ ਪ੍ਰਮੁੱਖ ਕਹਾਣੀਆਂ ਦੀ ਪੇਸ਼ਕਾਰੀ ਕੀਤੀ ਗਈ।

ਇਨ੍ਹਾਂ ਵਿੱਚ ਕਹਾਣੀ ਪ੍ਰਤੀਕਾਰ (ਲੇਖਕ-ਅਭਿਨੇਤਾ; ਗੌਰਵ ਆਹੂਜਾ), 1984 ਦੇ ਦੰਗਿਆਂ ਦੇ ਦਰਦ, ਵਿਵਸਥਾ ਦੇ ਫੇਲ੍ਹ ਹੋਣ ਅਤੇ ਮਾਨਵੀ ਅੰਤਰ-ਆਤਮਾ ਦੇ ਮਨੋਵਿਗਿਆਨਕ ਦਵੰਦ ਨੂੰ ਉਲੀਕਦਿਆਂ ਦਰਸਾਉਂਦੀ ਹੈ ਕਿ ਬਦਲਾਲਊ ਭਾਵਨਾ ਕਦੇ ਸ਼ਾਂਤੀ ਅਤੇ ਨਿਆਂ ਨਹੀਂ ਦੁਆ ਸਕਦੀ। ਕਹਾਣੀ ਸਿਮਰਨ (ਲੇਖਕ- ਅਭਿਨੇਤਾ; ਡਾ. ਸਾਰਿਕਾ ਧੂਪੜ) ਨੇ ਇੱਕ ਅਧਿਆਪਕਾ ਦੇ ਨਜ਼ਰੀਏ ਤੋਂ ਪਰਿਵਾਰਕ ਹਿੰਸਾ ਅਤੇ ਸੰਵੇਦਨਹੀਣ ਵਿਵਸਥਾ ਦਰਮਿਆਨ ਪਿਸ ਰਹੀ ਇੱਕ ਮਾਸੂਮ ਵਿਦਿਆਰਥਣ ਦੇ ਦਰਦਨਾਕ ਅੰਤ ਦੀ ਮਾਰਮਿਕ ਪੇਸ਼ਕਾਰੀ ਕੀਤੀ। ਕਹਾਣੀ ਫਿਰਕੀ ਬਾਂਦਰ (ਲੇਖਕ-ਅਭਿਨੇਤਾ; ਰਵਿੰਦਰ ਟੰਡਨ), ਸਿਮਰਤ ਦੀ ਇੱਕ ਪਾਤਰੀ ਪੇਸ਼ਕਾਰੀ ਰਾਹੀਂ ਇੱਕ ਧੋਬੀ ਦੇ ਪੁੱਤ ਕਿਸ਼ਨੀ ਪਾਲ ਦੇ ਮਾਧਿਅਮ ਰਾਹੀਂ ਇਹ ਸੰਦੇਸ਼ ਦਿੰਦੀ ਹੈ ਕਿ ਮਹਾਨਤਾ ਅਹੁਦੇ ਜਾਂ ਪੜ੍ਹਾਈ ਵਿੱਚ ਨਹੀਂ, ਬਲਕਿ ਕਰਮ ਤੇ ਕਰੁਣਾ ਨਾਲ ਤੈਅ ਹੁੰਦੀ ਹੈ।

ਕਹਾਣੀ ਘਟ-ਘੜਾ-ਘੜੋਲੀ (ਲੇਖਕ-ਅਭਿਨੇਤਾ; ਡਾ. ਵਿਮਲ ਕਾਲੀਆ ਵਿਮਲ), ਰਾਹੀਂ ਆਧੁਨਿਕ ਐਨ.ਆਰ.ਆਈ. ਵਿਆਹਾਂ, ਦਿਖਾਵੇ ਤੇ ਵੀਜ਼ੇ ਦੀਆਂ ਜਟਿਲਤਾਵਾਂ ਆਦਿ ਉੱਤੇ ਤਿੱਖਾ ਵਿਅੰਗ ਹੈ, ਜੋ 1925 ਦੀ ਘਟ ਵਿਆਹ ਪ੍ਰੰਪਰਾ ਨੂੰ 2025 ਦੀਆਂ ਸਮੱਸਿਆਵਾਂ ਦਾ ਪ੍ਰਸੰਗਿਕ ਹੱਲ ਦੱਸਦੀ ਹੈ।

ਅੰਤ ਵਿੱਚ ਹਾਜ਼ਰ ਲੇਖਕਾਂ ਨੇ ਕਲਾਕਾਰਾਂ ਦੀ ਇਸ ਵਿਲੱਖਣ ਪੇਸ਼ਕਾਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸੰਸਥਾ 'ਅਭਿਨੇਤ' ਨੇ ਭਵਿੱਖ ਵਿੱਚ ਵੀ ਸਾਹਿਤ ਅਤੇ ਮੰਚ ਦੇ ਇਸੇ ਤਰ੍ਹਾਂ ਦੇ ਅਨੂਠੇ ਮੇਲ਼ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਦੇ ਰਹਿਣ ਦਾ ਸੰਕਲਪ ਲਿਆ।

## ਵਿਦਿਆਰਥੀਆਂ ਵੱਲੋਂ ਕਲਸੀ ਮੈਟਲ ਵਰਕਸ ਦਾ ਉਦਯੋਗਿਕ ਦੌਰਾ



**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਯੋਗ ਅਗਵਾਈ ਹੇਠ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੇ ਦੂਜੇ ਸਾਲ ਦੇ ਵਿਦਿਆਰਥੀਆਂ ਵੱਲੋਂ ਕਲਸੀ ਮੈਟਲ ਵਰਕਸ ਪ੍ਰਾਈਵੇਟ ਲਿਮਟਿਡ ਜਲੰਧਰ ਦਾ ਉਦਯੋਗਿਕ ਦੌਰਾ ਕੀਤਾ ਗਿਆ। ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਦਯੋਗਿਕ ਵਾਤਾਵਰਣ, ਮੋਟਰਾਂ ਦੀ ਅਸੈਂਬਲੀ, ਟੈਸਟਿੰਗ ਅਤੇ ਵਿਹਾਰਕ ਕਾਰਜ-ਪ੍ਰਣਾਲੀ ਨਾਲ ਜਾਣੂ ਕਰਵਾਉਣਾ ਸੀ। ਦੌਰੇ ਦੌਰਾਨ ਵਿਦਿਆਰਥੀਆਂ ਨੇ ਉਦਯੋਗ ਵਿੱਚ ਮੋਟਰਾਂ ਦੀ ਅਸੈਂਬਲੀ ਪ੍ਰਕਿਰਿਆ, ਵੱਖ-ਵੱਖ ਭਾਗਾਂ ਦੀ ਬਣਤਰ ਅਤੇ ਉਨ੍ਹਾਂ ਦੀ ਕਾਰਜ-ਪ੍ਰਣਾਲੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਮੋਟਰਾਂ ਦੀ ਟੈਸਟਿੰਗ ਪ੍ਰਕਿਰਿਆ ਨੂੰ ਵੀ ਨੇੜਿਓਂ ਦੇਖਿਆ ਅਤੇ ਇਹ ਸਮਝਿਆ ਕਿ ਮੋਟਰਾਂ ਦੀ ਕਾਰਗੁਜ਼ਾਰੀ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਤਰ੍ਹਾਂ ਦੇ ਟੈਸਟ ਕਿਵੇਂ ਕੀਤੇ ਜਾਂਦੇ ਹਨ। ਵਿਦਿਆਰਥੀਆਂ ਨੇ ਉਦਯੋਗਿਕ ਮਾਹਿਰਾਂ ਨਾਲ ਗੱਲਬਾਤ ਕਰਕੇ ਮੋਟਰਾਂ ਦੀ ਅਸੈਂਬਲੀ ਅਤੇ ਟੈਸਟਿੰਗ ਨਾਲ ਸਬੰਧਤ ਆਪਣੇ ਸਵਾਲਾਂ ਦੇ ਜਵਾਬ ਵੀ ਪ੍ਰਾਪਤ ਕੀਤੇ। ਇਸ ਵਿਹਾਰਕ ਅਨੁਭਵ ਨੇ ਵਿਦਿਆਰਥੀਆਂ ਨੂੰ ਕਲਾਸਰੂਮ ਵਿੱਚ ਪੜ੍ਹਾਏ ਜਾਂਦੇ ਸਿਧਾਂਤਕ ਵਿਸ਼ਿਆਂ ਨੂੰ ਅਸਲ ਉਦਯੋਗਿਕ ਕਾਰਜਾਂ ਨਾਲ ਜੋੜਨ ਵਿੱਚ ਮਦਦ ਕੀਤੀ।

ਇਸ ਮੌਕੇ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੀ ਮੁਖੀ ਗੀਤਾ ਰਾਣੀ ਨੇ ਕਿਹਾ ਕਿ ਅਜਿਹੇ ਉਦਯੋਗਿਕ ਦੌਰੇ ਵਿਦਿਆਰਥੀਆਂ ਦੇ ਤਕਨੀਕੀ ਅਤੇ ਵਿਹਾਰਕ ਗਿਆਨ ਵਿੱਚ ਵਾਧਾ ਕਰਨ ਲਈ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਉਦਯੋਗਿਕ ਦੌਰਿਆਂ ਰਾਹੀਂ ਵਿਦਿਆਰਥੀਆਂ ਨੂੰ ਉਦਯੋਗ ਦੀਆਂ ਅਸਲ ਲੋੜਾਂ, ਕੰਮ ਕਰਨ ਦੇ ਢੰਗ ਅਤੇ ਤਕਨੀਕੀ ਮਾਪਦੰਡਾਂ ਬਾਰੇ ਵਿਹਾਰਕ ਜਾਣਕਾਰੀ ਮਿਲਦੀ ਹੈ। ਇਸ ਦੌਰੇ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਨਾਲ ਸਬੰਧਤ ਵਿਹਾਰਕ ਜਾਣਕਾਰੀ ਹਾਸਲ ਕਰਨ ਦੇ ਨਾਲ-ਨਾਲ ਉਦਯੋਗਿਕ ਖੇਤਰ ਦੀ ਕਾਰਜ-ਪ੍ਰਣਾਲੀ ਨੂੰ ਸਮਝਣ ਦਾ ਕੀਮਤੀ ਮੌਕਾ ਮਿਲਿਆ।

## ਕਾਨੂੰਨ ਵਿਵਸਥਾ ਮਜ਼ਬੂਤ ਕਰਨ 'ਚ ਪੁਲਸ ਦਾ ਸਹਿਯੋਗ ਕਰੇਗੀ ਐਂਟੀ ਕੁਰੱਪਸ਼ਨ ਫੋਰਮ : ਕੰਗ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਆਲ ਇੰਡੀਆ ਐਂਟੀ ਕਰੱਪਸ਼ਨ ਫੋਰਮ (ਰਜਿ.) ਦੇ ਪੰਜਾਬ ਪ੍ਰਧਾਨ ਗੁਰਦੀਪ ਸਿੰਘ ਕੰਗ ਨੇ ਫਗਵਾੜਾ ਦੇ ਨਵੇਂ ਨਿਯੁਕਤ ਐੱਸ.ਪੀ. ਮੇਜਰ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਮੇਜਰ ਸਿੰਘ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਫਗਵਾੜਾ ਦੀ ਕਾਨੂੰਨ-ਵਿਵਸਥਾ ਨਾਲ ਸੰਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ। ਮੁਲਾਕਾਤ ਦੌਰਾਨ ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਸਮਾਜ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਅਤੇ ਆਮ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਪੁਲਸ ਪ੍ਰਸ਼ਾਸਨ ਅਤੇ ਸਮਾਜਿਕ ਸੰਸਥਾਵਾਂ ਵਿਚਕਾਰ ਆਪਸੀ ਤਾਲਮੇਲ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਫੋਰਮ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਅਤੇ ਲੋਕ ਹਿੱਤ ਵਿੱਚ ਕੀਤੇ ਜਾ ਰਹੇ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਨਵ ਨਿਯੁਕਤ ਐੱਸ.ਪੀ. ਫਗਵਾੜਾ ਸ. ਮੇਜਰ ਸਿੰਘ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਅਤੇ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਵੀ ਪੁਲਸ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਮੁਲਾਕਾਤ ਦੌਰਾਨ ਲੋਕ ਹਿੱਤ ਨਾਲ ਜੁੜੇ ਮੁੱਦਿਆਂ 'ਤੇ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਵੀ ਸਹਿਮਤੀ ਪ੍ਰਗਟਾਈ ਗਈ। ਇਸ ਮੌਕੇ ਫੋਰਮ ਦੇ ਜਿਲ੍ਹਾ ਪ੍ਰਧਾਨ ਚੰਦਰ ਸ਼ੇਖਰ ਖੁੱਲਰ, ਸੰਜੀਵ ਲਾਂਬਾ, ਸਤਵਿੰਦਰ ਸਿੰਘ ਭਮਰਾ, ਅਮਰਜੀਤ ਸਿੰਘ ਗਾਂਧੀ, ਸਰਬਜੀਤ ਸਿੰਘ ਭਮਰਾ, ਸਤਵਿੰਦਰ ਸਿੰਘ ਜੱਸਲ, ਪ੍ਰਦੀਪ ਕੁਮਾਰ, ਅਮਰੀਕ ਸਿੰਘ ਸੀਕਰੀ ਆਦਿ ਹਾਜਰ ਸਨ।

## ਬਾਬਾ ਜਤਿੰਦਰ ਸਿੰਘ ਢੱਡਿਆਂ ਵਾਲਿਆਂ ਵੱਲੋਂ ਸਮਾਗਮ ਦਾ ਪੋਸਟਰ ਜਾਰੀ

**ਨਕੋਦਰ (ਮਨਜੀਤ ਮਾਨ)**- ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਖ਼ਾਨਪੁਰ ਢੱਡਾ ਵਿਖੇ ਧੰਨ ਧੰਨ ਸਤਿ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਸਦਕਾ ਸਮੂਹ ਗੁਰੂ ਸਾਹਿਬਾਨ, ਸੰਤਾਂ, ਭਗਤਾਂ, ਮਹਾਂਪੁਰਖਾਂ, ਸ਼ਹੀਦ ਸਿੰਘਣੀਆਂ ਨੂੰ ਸਮਰਪਿਤ ਚਾਰ ਦਿਨਾਂ ਦੂਸਰਾ ਮਹਾਨ ਸੰਤ ਸਮਾਗਮ ਤੇ ਅੰਮ੍ਰਿਤ ਸੰਚਾਰ ਮਿਤੀ 8, 9,10,11 ਨੂੰ ਬਾਬਾ ਰਿਖੀ ਦੀ ਪਾਰਕ ਪਿੰਡ ਖ਼ਾਨਪੁਰ ਢੱਡਾ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ ਦੇ ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ ਢੱਡਿਆ ਵਾਲਿਆ ਵੱਲੋਂ ਪੋਸਟਰ ਰਲੀਜ ਕੀਤਾ ਗਿਆ। ਇਹ ਸਮਾਗਮ ਇਹ ਸਮਾਗਮ ਨੋਜਵਾਨ ਸਭਾ ਪਿੰਡ ਖ਼ਾਨਪੁਰ ਢੱਡਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੇਵਾ ਸੁਸਾਇਟੀ ਪਿੰਡ ਡੁਮੇਲੀ ਫਗਵਾੜਾ, ਸ਼ਹੀਦ ਬਾਬਾ ਦੀਪ ਸਿੰਘ ਸੇਵਾ ਸੁਸਾਇਟੀ ਕੋਟਲਾ ਹੇਰਾਂ, ਗੁਰਦੁਆਰਾ ਸਿੰਘ ਸਭਾ ਸੇਵਾ ਸੁਸਾਇਟੀ ਲਸੂੜੀ ਸ਼ਾਹਕੋਟ ਦੇ ਸਹਿਯੋਗ



ਨਾਲ ਸਮਾਗਮ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਤਿੰਦਰ ਸਿੰਘ ਢੱਡਿਆ ਵਾਲਿਆ ਦੀ ਰਹਿਨੁਮਾਈ ਹੇਠ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਸ੍ਰੀ ਮਾਨ ਸੰਤ ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲ ਵਾਲੇ, ਸ੍ਰੀਮਾਨ ਬਾਬਾ ਮਨਜੀਤ ਸਿੰਘ ਡੋਗਰਾ ਵਾਲ ਵਾਲੇ, ਸ੍ਰੀ ਮਾਨ ਸੰਤ ਬਾਬਾ ਮਹਿੰਦਰ ਸਿੰਘ ਰਾੜਾ ਸਾਹਿਬ ਵਾਲੇ, ਸ੍ਰੀ ਮਾਨ ਸੰਤ ਬਾਬਾ ਮੋਹਣ ਸਿੰਘ ਪਿਹੋਵੇ ਵਾਲੇ, ਨਿਰਮਲ ਭੇਖ ਰਤਨ ਸੰਤ ਬਾਬਾ ਗੁਰਬਚਨ ਸਿੰਘ ਪੰਡਵਾ ਵਾਲੇ,ਪਦਮ ਸ੍ਰੀ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਵਾਲੇ ਪਦਮ ਸ੍ਰੀ, ਸੰਤ ਸ਼ੇਰ ਸਿੰਘ ਨਾਨਕਸਰ ਮਸੀਤਾਂ ਵਾਲੇ, ਬਾਬਾ ਕੁਲਦੀਪ ਸਿੰਘ ਕਾਰ ਸੇਵਾ ਭੰਗਾਲੇ ਵਾਲੇ, ਸੰਤ ਬਾਬਾ ਪਵਨਦੀਪ ਸਿੰਘ ਕੜਿਆਲ ਵਾਲੇ, ਮਹਾਕਾਲ ਗਿਆਨੀ ਸੁਖਬੀਰ ਸਿੰਘ ਗੁਰੂ ਨਾਨਕ ਦਲ ਮੜੀਆਂ, ਸੰਤ ਬਾਬਾ ਹਰਜੀਤ ਸਿੰਘ ਮੰਡੀ ਗੋਬਿੰਦਗੜ੍ਹ ਵਾਲੇ, ਬਾਬਾ ਅਮਰਜੀਤ ਸਿੰਘ ਗਾਲਿਬ ਖੁਰਦ ਵਾਲੇ, ਸੰਤ ਬਾਬਾ ਚਮਕੌਰ ਸਿੰਘ ਪੰਜ ਗੁਰਾਈ ਕਲਾਂ ਵਾਲੇ , ਭਾਈ ਰਣਜੀਤ ਸਿੰਘ ਮਲੂਕਾ ਵਾਲੇ,ਵੈਦ ਬਾਬਾ ਜਤਿੰਦਰ ਸਿੰਘ ਪਿੱਪਲੀ ਸਾਹਿਬ ਐਲ ਪੀ ਯੂ, ਬਾਬਾ ਹਰਸਿਮਰਨ ਸਿੰਘ ਹੀਰਾ, ਭਾਈ ਸਿਮਰਨਜੀਤ ਸਿੰਘ, ਭਾਈ ਸੁਰਿੰਦਰ ਸਿੰਘ ਖੁਡੇ ਵਾਲੇ, ਬਾਬਾ ਗੁਰਮੇਜ ਸਿੰਘ ਗੁਰਦੁਆਰਾ ਸੈਦ ਰਾਣਾ ਸਾਹਿਬ ਬਿੱਲੀ ਵੜੈਚ, ਭਾਈ ਸੁਖਮਨਜੀਤ ਸਿੰਘ ਬੰਡਾਲਾ, ਭਾਈ ਜਸਕਰਨ ਸਿੰਘ ਢੱਡਿਆ ਵਾਲੇ ਸਮੂਹ ਜਥੇ ਪਹੁੰਚ ਕੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਨਾਲ ਨਿਹਾਲ ਕਰਨਗੇ। ਭਾਈ ਜਤਿੰਦਰ ਸਿੰਘ ਢੱਡਿਆ ਵਾਲੇ ਨੇ ਹੋਰ ਦੱਸਿਆ ਕਿ 10 ਅਕਤੂਬਰ ਨੂੰ ਸ੍ਰੀ ਦਮਦਮੀ ਟਕਸਾਲ ਤੋਂ ਪੰਜ ਪਿਆਰੇ ਪਹੁੰਚ ਕੇ ਅੰਮ੍ਰਿਤ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਅੰਮ੍ਰਿਤ ਛਕਾਉਣਗੇ। 8,9,10 ਅਕਤੂਬਰ ਨੂੰ ਸ਼ਾਮ 6 ਵਜੇ ਤੋਂ ਰਾਤ 11 ਵਜੇ ਤੱਕ ਰਾਤ ਦੇ ਦੀਵਾਨ ਸਜਾਏ ਜਾਣਗੇ। 11 ਅਕਤੂਬਰ ਨੂੰ ਦਿਨ ਦੇ ਦੀਵਾਨ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਸਜਾਏ ਜਾਣਗੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਭਾਈ ਅਮਰਜੀਤ ਸਿੰਘ ਵੱਲੋਂ ਨਿਭਾਈ ਜਾਵੇਗੀ। ਇਸ ਮੌਕੇ ਸਮਾਗਮ ਦੇ ਮੁੱਖ ਪ੍ਰਬੰਧਕ ਸੰਤ ਬਾਬਾ ਜਤਿੰਦਰ ਸਿੰਘ ਢੱਡਿਆ ਵਾਲਿਆ ਨੇ ਹੋਰ ਦੱਸਿਆ ਕਿ ਸਮਾਗਮ ਨੂੰ ਸਫ਼ਲ ਬਣਾਉਣ ਲਈ ਹੁਣ ਤੋਂ ਹੀ ਵੱਖ ਵੱਖ ਪ੍ਰਬੰਧਕਾਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ।

## ਬੈਂਕ 'ਚ ਪੈਸੇ ਜਮ੍ਹਾਂ ਕਰਵਾਉਣ ਆਏ ਵਿਅਕਤੀ ਦੀ ਜੇਬ 'ਚੋਂ 50 ਹਜ਼ਾਰ ਚੋਰੀ

**ਅੱਡਾ ਸਰਾਂ (ਜਸਵੀਰ ਕਾਜਲ )**- ਪੰਜਾਬ ਨੈਸ਼ਨਲ ਬੈਂਕ ਦੀ ਅੱਡਾ ਸਰਾਂ ਸ਼ਾਖਾ ਵਿੱਚ ਉਸ ਵੇਲੇ ਅਫ਼ਰਾਤਫ਼ਰੀ ਦਾ ਮਹੌਲ ਪੈਦਾ ਹੋ ਗਿਆ ਜਦੋਂ ਬੈਂਕ ਵਿੱਚ ਇੱਕ ਲੱਖ ਰੁਪਏ ਜਮ੍ਹਾਂ ਕਰਵਾਉਣ ਪਹੁੰਚੇ ਵਿਅਕਤੀ ਦੀ ਜੇਬ ਵਿੱਚੋਂ ਨਾਟਕੀ ਢੰਗ ਨਾਲ ਇੱਕ ਨੌਜਵਾਨ ਵਿਅਕਤੀ 50 ਹਜ਼ਾਰ ਰੁਪਏ ਕੱਢ ਕੇ ਫਰਾਰ ਹੋ ਗਿਆ। ਪਿੰਡ ਧੂਤ ਖੁਰਦ ਵਾਸੀ ਪੁੱਤਰ ਨਿਰਮਲ ਸਿੰਘ ਪੁੱਤਰ



ਮਹਿੰਦਰ ਸਿੰਘ ਸੋਮਵਾਰ ਦੁਪਹਿਰ ਆਪਣੇ ਬੈਂਕ ਖਾਤੇ ਵਿੱਚ ਇੱਕ ਲੱਖ ਰੁਪਏ ਜਮ੍ਹਾਂ ਕਰਵਾਉਣ ਪਹੁੰਚਿਆ ਸੀ। ਮੌਕੇ ਤੇ ਬੈਂਕ ਅਧਿਕਾਰੀਆਂ ਨੇ ਉਸ ਨੂੰ ਦੱਸਿਆ ਕਿ ਖਾਤੇ ਵਿੱਚ ਇੱਕ ਵੇਲੇ ਸਿਰਫ 50 ਹਜ਼ਾਰ ਰੁਪਏ ਹੀ ਨਗਦ ਜਮ੍ਹਾਂ ਹੋ ਸਕਦੇ ਹਨ। ਇਸ ਤੋਂ ਬਾਅਦ ਨਿਰਮਲ ਸਿੰਘ ਨੇ 50 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਲਈ ਫਾਰਮ ਭਰ ਦਿੱਤਾ ਅਤੇ ਬਾਕੀ ਰਕਮ ਜਮ੍ਹਾਂ ਕਰਵਾਉਣ ਲਈ ਦੂਜਾ ਫਾਰਮ ਭਰਨ ਲੱਗ ਪਿਆ। ਇਸੇ ਦੌਰਾਨ ਬੈਂਕ ਵਿੱਚ ਪਹਿਲਾਂ ਤੋਂ ਮੌਜੂਦ ਇੱਕ ਨੌਜਵਾਨ ਨੇ ਕਥਿਤ ਤੌਰ 'ਤੇ ਮੌਕਾ ਪਾ ਕੇ ਨਿਰਮਲ ਸਿੰਘ ਦੀ ਜੇਬ ਵਿੱਚੋਂ 50 ਹਜ਼ਾਰ ਰੁਪਏ ਕੱਢ ਲਏ ਅਤੇ ਉੱਥੋਂ ਫਰਾਰ ਹੋ ਗਿਆ। ਕਰੀਬ ਪੰਜ ਮਿੰਟ ਬਾਅਦ ਨਿਰਮਲ ਸਿੰਘ ਨੂੰ ਜੇਬ ਵਿੱਚੋਂ ਪੈਸੇ ਗਾਇਬ ਹੋਣ ਦਾ ਪਤਾ ਲੱਗਾ। ਉਸ ਨੇ ਤੁਰੰਤ ਬੈਂਕ ਅਧਿਕਾਰੀ ਨੂੰ ਇਸ ਦੀ ਜਾਣਕਾਰੀ ਦਿੱਤੀ। ਬੈਂਕ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਚੈੱਕ ਕਰਨ 'ਤੇ ਵੇਖਿਆ ਕਿ ਇੱਕ ਨੌਜਵਾਨ ਰਕਮ ਕੱਢ ਕੇ ਫਰਾਰ ਹੁੰਦਾ ਦਿਖਾਈ ਦਿੱਤਾ।ਘਟਨਾ ਦੀ ਸੂਚਨਾ ਮਿਲਦੇ ਹੀ ਬੈਂਕ ਮੈਨੇਜਰ ਨੇ ਪੁਲਸ ਚੌਕੀ ਨੂੰ ਸੂਚਿਤ ਕੀਤਾ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸੀ ਸੀ ਟੀ ਵੀ ਫੁਟੇਜ ਕਬਜ਼ੇ ਵਿੱਚ ਲੈ ਕੇ ਮੁਲਜ਼ਮ ਦੀ ਪਛਾਣ ਅਤੇ ਭਾਲ ਸ਼ੁਰੂ ਕਰ ਦਿੱਤੀ ਹੈ। ਬੈਂਕ ਮੈਨੇਜਰ ਨੇ ਦੱਸਿਆ ਕਿ ਫਿਲਹਾਲ ਸ਼ਾਖਾ ਵਿੱਚ ਕੋਈ ਬੈਂਕ ਗਾਰਡ ਉਪਲਬਧ ਨਹੀਂ ਹੈ।

ਅਜਿਹੇ ਵਿੱਚ ਬੈਂਕ ਵਿੱਚ ਦਿਨ ਦਿਹਾੜੇ ਹੋਈ ਚੋਰੀ ਦੀ ਇਸ ਵਾਰਦਾਤ ਨੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਜਨਮ ਦਿਨ ਮੁਬਾਰਕ



ਮੀਨੌਲੀ
ਆਸਟ੍ਰੇਲੀਆ



ਅੰਮ੍ਰਿਤਪਾਲ ਸਿੰਘ
ਗੁਰਦਾਸਪੁਰ